




WEEKLY NEWS PAPER

# ਬੀ ਸੀ ਪੰਜਾਬੀ ਨਿਊਜ਼ ਕੈਨੇਡਾ

BRITISH COLUMBIA : Vancouver, Victoria, Surrey, Nanaimo    By: Mangat Media Group








Vol-1    Issue - 07    24 July to 30 July    Email: bcpunjabinews@gmail.com    Website: www.bcpunjabinews.ca    Phone: +1 604 750 4259


## ਸੀਜੇਪੀ ਨੇ ਅੰਦੋਲਨ ਕੀਤਾ ਸਮਾਪਤ

# ਕੇਂਦਰ ਨੇ ਮੰਨੀਆਂ ਵਿਦਿਆਰਥੀਆਂ ਦੀਆਂ ਮੰਗਾਂ



**ਨਵੀਂ ਦਿੱਲੀ –** ਜੰਤਰ-ਮੰਤਰ 'ਤੇ ਚੱਲ ਰਹੇ ਵਿਦਿਆਰਥੀ ਅੰਦੋਲਨ ਤੋਂ ਬਾਅਦ ਕੇਂਦਰ ਸਰਕਾਰ ਨੇ ਸੀਜੇਪੀ ਦੀਆਂ ਤਿੰਨਾਂ ਮੁੱਖ ਮੰਗਾਂ ਮੰਨ ਲਈਆਂ ਹਨ। ਕੇਂਦਰੀ ਮੰਤਰੀ ਜੇ.ਪੀ. ਨੱਢਾ ਨੇ ਐਲਾਨ ਕੀਤਾ ਕਿ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਨੇ ਅਸਤੀਫ਼ਾ ਦੇ ਦਿੱਤਾ ਹੈ, ਪ੍ਰਦਰਸ਼ਨਕਾਰੀਆਂ ਖ਼ਿਲਾਫ਼ ਕਾਰਵਾਈ ਨਹੀਂ ਹੋਵੇਗੀ ਅਤੇ ਨੀਟ ਵਿਵਾਦ ਨਾਲ ਪ੍ਰਭਾਵਿਤ ਪਰਿਵਾਰਾਂ ਨੂੰ ਮੁਆਵਜ਼ਾ ਦਿੱਤਾ ਜਾਵੇਗਾ।

ਸਰਕਾਰ ਦੇ ਭਰੋਸੇ ਤੋਂ ਬਾਅਦ ਸੀਜੇਪੀ ਨੇ ਅੰਦੋਲਨ ਖ਼ਤਮ ਕਰਨ ਦਾ ਐਲਾਨ ਕਰਦਿਆਂ ਵਿਦਿਆਰਥੀਆਂ ਨੂੰ ਸ਼ਾਂਤੀਪੂਰਵਕ ਆਪਣੇ ਘਰ ਵਾਪਸ ਜਾਣ ਦੀ ਅਪੀਲ ਕੀਤੀ। ਉੱਧਰ ਧਰਮੇਂਦਰ ਪ੍ਰਧਾਨ ਦਾ ਅਸਤੀਫ਼ਾ ਨੀਟ ਪੇਪਰ ਲੀਕ ਮਾਮਲੇ ਨੂੰ ਲੈ ਕੇ ਦੇਸ਼ ਭਰ ਵਿੱਚ ਹੋਏ ਵਿਰੋਧ ਪ੍ਰਦਰਸ਼ਨਾਂ ਤੋਂ ਬਾਅਦ ਆਇਆ ਹੈ।

# ਫੈਡਰਲ ਸਰਕਾਰ ਵੱਲੋਂ ਨਿਊਟਨ ਐਥਲੈਟਿਕ ਪਾਰਕ ਅਤੇ ਅਨਵਿਨ ਪਾਰਕ ਦੇ ਵਿਕਾਸ ਲਈ 1.1 ਕਰੋੜ ਡਾਲਰ ਦੀ ਵੱਡੀ ਸਹਾਇਤਾ

## ਐਮ ਪੀ ਸੁਖ ਧਾਲੀਵਾਲ ਦੀਆਂ ਕੋਸ਼ਿਸ਼ਾਂ ਸਦਕਾ ਨਿਊਟਨ ਹਲਕੇ ਨੂੰ ਮਿਲਿਆ ਵੱਡਾ ਤੋਹਫ਼ਾ, ਖੇਡ ਸਹੂਲਤਾਂ ਹੋਣਗੀਆਂ ਵਿਸ਼ਵ ਪੱਧਰੀ




**ਸਰੀ, ਬੀ.ਸੀ (ਮਹੇਸ਼ਇੰਦਰ ਸਿੰਘ ਮਾਂਗਟ)** ਫੈਡਰਲ ਸਰਕਾਰ ਨੇ ਸਰੀ ਦੇ ਨਿਊਟਨ ਹਲਕੇ ਵਿੱਚ ਸਥਿਤ ਨਿਊਟਨ ਐਥਲੈਟਿਕ ਪਾਰਕ ਅਤੇ ਅਨਵਿਨ ਪਾਰਕ ਦੇ ਵਿਆਪਕ ਵਿਕਾਸ ਲਈ 11 ਮਿਲੀਅਨ ਡਾਲਰ (1.1 ਕਰੋੜ ਡਾਲਰ) ਦੀ ਫੰਡਿੰਗ ਦਾ ਐਲਾਨ ਕੀਤਾ ਹੈ। ਇਸ ਸਬੰਧੀ ਸਰੀ-ਨਿਊਟਨ ਤੋਂ ਸੰਸਦ ਮੈਂਬਰ ਸੁਖ ਧਾਲੀਵਾਲ ਅਤੇ ਸਰੀ ਦੀ ਮੇਅਰ ਬ੍ਰੈਂਡਾ ਲਾਕ ਨੇ ਸਾਂਝੇ ਤੌਰ 'ਤੇ ਇਸ ਮਹੱਤਵਪੂਰਨ ਪ੍ਰਾਜੈਕਟ ਦਾ ਐਲਾਨ ਕੀਤਾ।

ਇਸ ਪ੍ਰਾਜੈਕਟ ਤਹਿਤ ਨਵਾਂ ਆਰਟੀਫ਼ਿਸ਼ਲ ਟਰਫ਼ ਖੇਡ ਮੈਦਾਨ, ਊਰਜਾ-ਕੁਸ਼ਲ ਐਲਈਡੀ ਲਾਈਟਿੰਗ, ਰੌਸ਼ਨੀ ਵਾਲੇ ਟੈਨਿਸ ਕੋਰਟ, ਕਵਰਡ ਮਲਟੀ-ਸਪੋਰਟ ਕੋਰਟ, ਸਕੇਟ ਪਾਰਕ, ਪਿਕਲਬਾਲ ਕੋਰਟਾਂ ਅਤੇ ਅਪਾਹਜ ਵਿਅਕਤੀਆਂ ਲਈ ਬਿਹਤਰ ਪਹੁੰਚਯੋਗਤਾ ਸਮੇਤ ਕਈ ਆਧੁਨਿਕ ਸਹੂਲਤਾਂ ਦਾ ਨਿਰਮਾਣ ਕੀਤਾ ਜਾਵੇਗਾ।


ਇਹ ਦੋਵੇਂ ਪਾਰਕ ਸਰੀ-ਨਿਊਟਨ ਸੰਸਦੀ ਹਲਕੇ ਅਧੀਨ ਆਉਂਦੇ ਹਨ ਅਤੇ ਇਸ ਵੱਡੇ ਪ੍ਰਾਜੈਕਟ ਨੂੰ ਮਨਜ਼ੂਰੀ ਦਿਵਾਉਣ ਵਿੱਚ ਸੰਸਦ ਮੈਂਬਰ ਸੁਖ ਧਾਲੀਵਾਲ ਦੀਆਂ ਲਗਾਤਾਰ ਕੋਸ਼ਿਸ਼ਾਂ ਅਤੇ ਫੈਡਰਲ ਸਰਕਾਰ ਨਾਲ ਪ੍ਰਭਾਵਸ਼ਾਲੀ ਤਾਲਮੇਲ ਨੂੰ ਅਹਿਮ ਮੰਨਿਆ ਜਾ ਰਿਹਾ ਹੈ। ਉਨ੍ਹਾਂ ਲੰਬੇ ਸਮੇਂ ਤੋਂ ਨਿਊਟਨ ਇਲਾਕੇ ਵਿੱਚ ਖੇਡ ਅਤੇ ਮਨੋਰੰਜਨ ਸਹੂਲਤਾਂ ਨੂੰ ਅਪਗ੍ਰੇਡ ਕਰਨ ਦੀ ਲੋੜ ਨੂੰ ਉਠਾਇਆ ਸੀ, ਜਿਸ ਦਾ ਨਤੀਜਾ ਹੁਣ ਇਸ ਵੱਡੇ ਨਿਵੇਸ਼ ਦੇ ਰੂਪ ਵਿੱਚ ਸਾਹਮਣੇ ਆਇਆ ਹੈ।

ਐਮਪੀ ਸੁਖ ਧਾਲੀਵਾਲ ਨੇ ਕਿਹਾ ਕਿ ਇਹ ਨਿਵੇਸ਼ ਨਿਊਟਨ ਦੇ ਪਰਿਵਾਰਾਂ, ਬੱਚਿਆਂ, ਨੌਜਵਾਨਾਂ, ਬਜ਼ੁਰਗਾਂ ਅਤੇ ਸਥਾਨਕ ਖੇਡ ਕਲੱਬਾਂ ਲਈ ਸਾਲ ਭਰ ਉੱਚ ਪੱਧਰੀ ਖੇਡ ਸਹੂਲਤਾਂ ਉਪਲਬਧ ਕਰਵਾਏਗਾ। ਉਨ੍ਹਾਂ ਕਿਹਾ ਕਿ ਸਰਗਰਮ ਅਤੇ ਸਿਹਤਮੰਦ ਭਾਈਚਾਰਾ ਤਿਆਰ ਕਰਨ ਲਈ ਅਜਿਹੇ ਪ੍ਰਾਜੈਕਟ ਬਹੁਤ ਮਹੱਤਵਪੂਰਨ ਹਨ।

ਮੇਅਰ ਬ੍ਰੈਂਡਾ ਲਾਕ ਨੇ ਕਿਹਾ ਕਿ ਇਹ ਨਿਵੇਸ਼ ਸਰੀ ਦੇ ਖੇਡ ਢਾਂਚੇ ਨੂੰ ਹੋਰ ਮਜ਼ਬੂਤ ਬਣਾਏਗਾ ਅਤੇ ਭਵਿੱਖ ਵਿੱਚ ਵਧ ਰਹੀ ਆਬਾਦੀ ਦੀਆਂ ਲੋੜਾਂ ਨੂੰ ਪੂਰਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਏਗਾ। ਉਨ੍ਹਾਂ ਕਿਹਾ ਕਿ ਨਵੀਆਂ ਸਹੂਲਤਾਂ ਨਾਲ ਹਰ ਉਮਰ ਦੇ ਲੋਕਾਂ ਨੂੰ ਸੁਰੱਖਿਅਤ, ਆਧੁਨਿਕ ਅਤੇ ਸਾਲ ਭਰ ਵਰਤੋਂਯੋਗ ਖੇਡ ਮੈਦਾਨ ਉਪਲਬਧ ਹੋਣਗੇ।

# ਖੇਡ ਪ੍ਰੇਮੀ ਉਧਮ ਸਿੰਘ ਹੁੰਦਲ ਨੂੰ ਐਮ ਪੀ ਰਣਦੀਪ ਸਰਾਏ ਵੱਲੋਂ ਕਿੰਗ ਚਾਰਲਜ਼ ਤੀਜਾ ਕੋਰੋਨੇਸ਼ਨ ਪਿੰਨ ਨਾਲ ਸਨਮਾਨਿਤ

## ਭਾਈਚਾਰੇ, ਖੇਡਾਂ, ਕਾਰੋਬਾਰ ਅਤੇ ਸੇਵਾ ਖੇਤਰ ਵਿੱਚ ਪਾਏ ਯੋਗਦਾਨ ਦੀ ਕੀਤੀ ਸ਼ਲਾਘਾ



**ਸਰੀ (ਮਹੇਸ਼ਇੰਦਰ ਸਿੰਘ ਮਾਂਗਟ)** ਸਰੀ ਸੈਂਟਰਲ ਤੋਂ ਸੰਸਦ ਮੈਂਬਰ ਅਤੇ ਅੰਤਰਰਾਸ਼ਟਰੀ ਵਿਕਾਸ ਮਾਮਲਿਆਂ ਦੇ ਸਕੱਤਰ (ਮੰਤਰੀ) ਮਾਨਯੋਗ ਰਣਦੀਪ ਸਰਾਏ ਵੱਲੋਂ ਪ੍ਰਸਿੱਧ ਖੇਡ ਪ੍ਰੇਮੀ ਅਤੇ ਸਮਾਜ ਸੇਵੀ ਉਦਮ ਸਿੰਘ ਹੁੰਦਲ ਨੂੰ ਭਾਈਚਾਰੇ ਪ੍ਰਤੀ ਉਨ੍ਹਾਂ ਦੀਆਂ ਸ਼ਾਨਦਾਰ ਸੇਵਾਵਾਂ ਦੇ ਸਨਮਾਨ ਵਜੋਂ ਕਿੰਗ ਚਾਰਲਜ਼ ਤੀਜਾ ਕੋਰੋਨੇਸ਼ਨ ਪਿੰਨ ਭੇਟ ਕਰਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਉਧਮ ਸਿੰਘ ਹੁੰਦਲ ਨੇ ਕਿਹਾ ਕਿ ਇਹ ਸਨਮਾਨ ਪ੍ਰਾਪਤ ਕਰਨਾ ਉਨ੍ਹਾਂ ਲਈ ਬਹੁਤ ਹੀ ਮਾਣ ਅਤੇ ਨਿਮਰਤਾ ਵਾਲਾ ਪਲ ਹੈ। ਉਨ੍ਹਾਂ ਨੇ ਇਸ ਵਿਸ਼ੇਸ਼ ਸਨਮਾਨ ਲਈ ਮਾਨਯੋਗ ਰਣਦੀਪ ਸਰਾਏ ਦਾ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਇਹ ਮਾਣ ਉਨ੍ਹਾਂ ਨੂੰ ਸਮਾਜ ਦੀ ਹੋਰ ਵੱਧ ਸੇਵਾ ਕਰਨ ਲਈ ਪ੍ਰੇਰਿਤ ਕਰੇਗਾ।

ਉਨ੍ਹਾਂ ਨੇ ਆਪਣੇ ਪਰਿਵਾਰ, ਦੋਸਤਾਂ, ਸਹਿਯੋਗੀਆਂ, ਵਲੰਟੀਅਰਾਂ ਅਤੇ ਉਨ੍ਹਾਂ ਦੀ ਯਾਤਰਾ ਦੌਰਾਨ ਸਾਥ ਦੇਣ ਵਾਲੇ ਹਰ ਵਿਅਕਤੀ ਦਾ ਦਿਲੋਂ ਧੰਨਵਾਦ ਪ੍ਰਗਟਾਇਆ। ਹੁੰਦਲ ਨੇ ਕਿਹਾ ਕਿ ਉਹ ਭਵਿੱਖ ਵਿੱਚ ਵੀ ਖੇਡਾਂ, ਕਾਰੋਬਾਰ ਅਤੇ ਸਮਾਜ ਸੇਵਾ ਦੇ ਖੇਤਰਾਂ ਵਿੱਚ ਪੂਰੀ ਸਮਰਪਣ ਭਾਵਨਾ ਨਾਲ ਕੰਮ ਕਰਦੇ ਹੋਏ ਭਾਈਚਾਰੇ ਲਈ ਹੋਰ ਵੀ ਵੱਡਾ ਯੋਗਦਾਨ ਪਾਉਣ ਲਈ ਵਚਨਬੱਧ ਹਨ।

# ਗੁਰੂ ਨਾਨਕ ਜਹਾਜ਼ ਦੇ ਚੜ੍ਹਦੀ ਕਲਾ ਦੇ ਸਫਰ ਦੀ 112ਵੀਂ ਵਰੇਗੰਢ 'ਤੇ ਸਿੱਖ ਮੋਟਰਸਾਈਕਲ ਕਲੱਬ ਵੱਲੋਂ ਪ੍ਰਭਾਵਸ਼ਾਲੀ ਰੈਲੀ

## ਗੁਰੂ ਨਾਨਕ ਜਹਾਜ ਮੈਮੋਰੀਅਲ ਅਸਥਾਨ 'ਤੇ ਗੁਰਬਾਣੀ ਪਾਠ, ਚੜ੍ਹਦੀ ਕਲਾ ਤੇ ਸਰਬੱਤ ਦੇ ਭਲੇ ਦੀ ਅਰਦਾਸ






**ਸਰੀ (ਡਾ ਗੁਰਵਿੰਦਰ ਸਿੰਘ ਧਾਲੀਵਾਲ)** 23 ਜੁਲਾਈ ਦੇ ਇਤਿਹਾਸਿਕ ਦਿਹਾੜੇ ਤੇ, ਗੁਰੂ ਨਾਨਕ ਜਹਾਜ਼ ਦੀ 112ਵੀਂ ਵਰੇਗੰਢ ਦੇ ਮੁਬਾਰਕ ਮੌਕੇ ਤੇ ਸਿੱਖ ਮੋਟਰਸਾਈਕਲ ਕਲੱਬ ਵੱਲੋਂ ਹੌਲੈਂਡ ਪਾਰਕ ਸਰੀ ਤੋਂ ਗੁਰੂ ਨਾਨਕ ਜਹਾਜ਼ ਮੈਮੋਰੀਅਲ ਸਮਾਰਕ ਵੈਨਕੂਵਰ ਤੱਕ ਮੋਟਰਸਾਈਕਲ ਰੈਲੀ ਕੱਢੀ ਗਈ, ਜਿਸ ਵਿੱਚ ਨੌਜਵਾਨ ਸਿੱਖ ਵੀਰਾਂ ਨੇ ਭਰਪੂਰ ਉਤਸਾਹ ਦਿਖਾਇਆ।

ਵੈਨਕੂਵਰ ਪਹੁੰਚਣ ਬਾਦ ਸਮੁੰਦਰੀ ਤੱਟ ਤੇ ਭਾਈ ਸਾਹਿਬ ਭਾਈ ਸੁਰਿੰਦਰ ਸਿੰਘ ਜੀ, ਗ੍ਰੰਥੀ ਸਾਹਿਬ ਗੁਰਦੁਆਰਾ ਸੁਖ ਸਾਗਰ ਖਾਲਸਾ ਦੀਵਾਨ ਸੁਸਾਇਟੀ ਨੂੰ ਨਿਊ ਵੈਸਟਮਨਿਸਟਰ ਨੇ ਸੋ ਦਰੁ ਰਹਿਰਾਸ ਦਾ ਪਾਠ ਕੀਤਾ। ਉਪਰੰਤ ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਰਾਂ ਨੂੰ ਚੇਤੇ ਕਰਦਿਆਂ ਬੇਨਤੀ ਕੀਤੀ ਗਈ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਹੋਈ।

ਨਸਲਵਾਦ ਖਿਲਾਫ ਇਹ ਇਤਿਹਾਸਿਕ ਕਦਮ ਹੈ। ਇਸ ਮੌਕੇ ਤੇ ਸਿੱਖ ਮੋਟਰਸਾਈਕਲ ਕਲੱਬ ਤੇ ਮੈਂਬਰਾਂ ਨੇ ਵਾਅਦਾ ਕੀਤਾ ਕਿ ਉਹ ਹਰ ਸਾਲ 23 ਜੁਲਾਈ ਦੇ ਦਿਨ, ਸੰਗਤੀ ਰੂਪ ਵਿੱਚ ਇਕੱਤਰ ਹੋਇਆ ਕਰਨਗੇ ਅਤੇ ਇਸ ਜਗ੍ਹਾ ਤੇ ਆ ਕੇ ਇਸੇ ਤਰ੍ਹਾਂ ਬਾਣੀ ਜਾਪ ਅਤੇ ਚੜ੍ਹਦੀ ਕਲਾ ਦੀ ਅਰਦਾਸ ਕਰਿਆ ਕਰਨਗੇ।

ਗੁਰੂ ਨਾਨਕ ਜਹਾਜ ਹੈਰੀਟੇਜ ਸੁਸਾਇਟੀ ਵੱਲੋਂ ਸਿੱਖ ਮੋਟਰਸਾਈਕਲ ਕਲੱਬ, ਟਰੱਕਾਂ ਵਾਲੇ ਵੀਰਾਂ ਸਮੇਤ ਸਾਰੀਆਂ ਸੰਗਤਾਂ ਦਾ ਕੋਟਾਨ ਕੋਟ ਧੰਨਵਾਦ, ਜਿਨਾਂ ਨੇ ਇਤਿਹਾਸ ਦੇ ਸਹੀ ਪੱਖ ਨੂੰ ਜਾਣਿਆ ਅਤੇ ਗੁਰੂ ਨਾਨਕ ਜਹਾਜ਼ ਦੇ ਨਾਮ ਨੂੰ ਬਹਾਲ ਕਰਨ ਵਿੱਚ ਸਹਿਯੋਗ ਦਿੱਤਾ।

ਉਮੀਦ ਹੈ ਜਲਦੀ ਕੈਨੇਡਾ ਦੀ ਪਾਰਲੀਮੈਂਟ ਵਿੱਚ ਮੰਗੀ ਮਾਫ਼ੀ ਦੀ ਸੋਧ ਵੀ ਮੁੱਖ ਤੌਰ ਤੇ ਗੁਰੂ ਨਾਨਕ ਜਹਾਜ ਦੇ ਮੁਸਾਫਰਾਂ ਦੇ ਨਾਂ ਤੇ ਹੋਵੇਗੀ॥

# ਐਬਸਫੋਰਡ ਸਕੂਲ ਟਰੱਸਟੀ ਦੀ ਚੋਣ ਲਈ ਨੌਜਵਾਨ ਆਗੂ ਵਿਨੇ ਵੜੈਚ ਮੈਦਾਨ ਵਿਚ ਨਿਤਰਿਆ

## ਵਿਦਿਆਰਥੀਆਂ ਦੇ ਉਜਲੇ ਭਵਿੱਖ, ਮਾਪਿਆਂ ਦੀ ਭਾਗੀਦਾਰੀ ਅਤੇ ਭਾਈਚਾਰਕ ਵਿਕਾਸ ਨੂੰ ਬਣਾਇਆ ਚੋਣ ਮੁਹਿੰਮ ਦਾ ਆਧਾਰ

**ਐਬਟਸਫੋਰਡ (ਮਹੇਸ਼ਇੰਦਰ ਸਿੰਘ ਮਾਂਗਟ)** – ਐਬਟਸਫੋਰਡ ਵਿੱਚ ਜਨਮੇ ਅਤੇ ਪਲੇ-ਬੜੇ ਨੌਜਵਾਨ ਆਗੂ ਵਿਨੇ ਵੜੈਚ ਨੇ 17 ਅਕਤੂਬਰ 2026 ਨੂੰ ਹੋਣ ਵਾਲੀਆਂ ਸਥਾਨਕ ਚੋਣਾਂ ਲਈ ਸਕੂਲ ਟਰੱਸਟੀ ਦੇ ਅਹੁਦੇ ਦੀ ਚੋਣ ਲੜਨ ਦਾ ਅਧਿਕਾਰਕ ਐਲਾਨ ਕਰਦਿਆਂ ਆਪਣੀ ਚੋਣ ਮੁਹਿੰਮ ਦੀ ਸ਼ੁਰੂਆਤ ਕਰ ਦਿੱਤੀ ਹੈ। ਸਿੱਖਿਆ ਪ੍ਰਣਾਲੀ ਵਿੱਚ ਸਕਾਰਾਤਮਕ ਬਦਲਾਅ ਲਿਆਉਣ ਅਤੇ ਵਿਦਿਆਰਥੀਆਂ ਲਈ ਬਿਹਤਰ ਮੌਕੇ ਸਿਰਜਣ ਦੇ ਉਦੇਸ਼ ਨਾਲ ਮੈਦਾਨ ਵਿੱਚ ਉਤਰੇ ਵਿਨੇ ਵੜੈਚ ਨੇ ਕਿਹਾ ਕਿ ਉਹ ਐਬਟਸਫੋਰਡ ਦੇ ਹਰ ਵਿਦਿਆਰਥੀ ਲਈ ਸੁਰੱਖਿਅਤ, ਪ੍ਰੇਰਣਾਦਾਇਕ ਅਤੇ ਮੌਕਿਆਂ ਭਰਿਆ ਸਿੱਖਿਆਕ ਮਾਹੌਲ ਬਣਾਉਣ ਲਈ ਵਚਨਬੱਧ ਹਨ।



ਜੌਨ ਮੈਕਲੂਰ ਐਲੀਮੈਂਟਰੀ, ਕੋਲੀਨ ਅਤੇ ਗੋਰਡੀ ਹੋਵ ਮਿਡਲ ਸਕੂਲ ਅਤੇ ਡਬਲਯੂ.ਜੇ. ਮੂਆਟ ਸੈਕੰਡਰੀ ਸਕੂਲ ਤੋਂ ਸਿੱਖਿਆ ਪ੍ਰਾਪਤ ਕਰ ਚੁੱਕੇ ਵਿਨੇ ਵੜੈਚ ਨੇ ਕਿਹਾ ਕਿ ਐਬਟਸਫੋਰਡ ਨਾਲ ਉਨ੍ਹਾਂ ਦਾ ਡੂੰਘਾ ਨਾਤਾ ਹੈ ਅਤੇ ਉਹ ਵਿਦਿਆਰਥੀਆਂ, ਮਾਪਿਆਂ ਅਤੇ ਅਧਿਆਪਕਾਂ ਨੂੰ ਦਰਪੇਸ਼ ਚੁਣੌਤੀਆਂ ਨੂੰ ਨੇੜਿਓਂ ਸਮਝਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਸਕੂਲ ਸਿਰਫ਼ ਪੜ੍ਹਾਈ ਦਾ ਕੇਂਦਰ ਨਹੀਂ, ਸਗੋਂ ਭਵਿੱਖ ਦੀ ਮਜ਼ਬੂਤ ਨੀਂਹ ਤਿਆਰ ਕਰਨ ਵਾਲੀ ਸੰਸਥਾ ਹੈ।

ਆਪਣੀ ਚੋਣ ਮੁਹਿੰਮ ਦੌਰਾਨ ਵਿਨੇ ਵੜੈਚ ਨੇ ਤਿੰਨ ਮੁੱਖ ਵਾਅਦੇ ਲੋਕਾਂ ਸਾਹਮਣੇ ਰੱਖੇ ਹਨ। ਪਹਿਲਾ, ਕਲਾਸਰੂਮ ਤੋਂ ਬਾਹਰ ਵੀ ਵਿਦਿਆਰਥੀਆਂ ਦੀ ਸਫਲਤਾ ਨੂੰ ਯਕੀਨੀ ਬਣਾਉਣ ਲਈ ਖੇਡਾਂ, ਕਲੱਬਾਂ, ਲੀਡਰਸ਼ਿਪ ਪ੍ਰੋਗਰਾਮਾਂ ਅਤੇ ਮਾਨਸਿਕ ਸਿਹਤ ਸਹਾਇਤਾ ਤੱਕ ਪਹੁੰਚ ਵਧਾਈ ਜਾਵੇਗੀ। ਦੂਜਾ, ਸਕੂਲਾਂ ਦੀਆਂ ਸਹੂਲਤਾਂ ਨੂੰ ਭਾਈਚਾਰੇ ਲਈ ਵਧੇਰੇ ਉਪਲਬਧ ਬਣਾਉਣ ਵਾਸਤੇ ਨੀਤੀਆਂ ਨੂੰ ਸਰਲ ਕੀਤਾ ਜਾਵੇਗਾ ਤਾਂ ਜੋ ਖੇਡ ਲੀਗਾਂ, ਨੌਜਵਾਨ ਸੰਸਥਾਵਾਂ ਅਤੇ ਪਰਿਵਾਰ ਸਕੂਲ ਸਮੇਂ ਤੋਂ ਬਾਅਦ ਜਿੰਮਾਂ, ਮੈਦਾਨਾਂ ਅਤੇ ਹੋਰ ਸਹੂਲਤਾਂ ਦੀ ਆਸਾਨੀ ਨਾਲ ਵਰਤੋਂ ਕਰ ਸਕਣ। ਤੀਜਾ, ਐਬਟਸਫੋਰਡ ਸਕੂਲ ਡਿਸਟ੍ਰਿਕਟ ਅਤੇ ਸਿਟੀ ਕੌਂਸਲ ਵਿਚਕਾਰ ਮਜ਼ਬੂਤ ਸਹਿਯੋਗ ਰਾਹੀਂ ਸਕੂਲ ਜ਼ੋਨਾਂ ਵਿੱਚ ਟ੍ਰੈਫਿਕ ਸੁਰੱਖਿਆ, ਮਨੋਰੰਜਨ ਸਹੂਲਤਾਂ ਅਤੇ ਲੰਬੇ ਸਮੇਂ ਦੇ ਭਾਈਚਾਰਕ ਵਿਕਾਸ ਨੂੰ ਤਰਜੀਹ ਦਿੱਤੀ ਜਾਵੇਗੀ।

ਵਿਨੇ ਵੜੈਚ ਨੇ ਕਿਹਾ ਕਿ ਐਬਟਸਫੋਰਡ ਨੇ ਉਨ੍ਹਾਂ ਨੂੰ ਸਿੱਖਣ, ਅੱਗੇ ਵਧਣ ਅਤੇ ਭਾਈਚਾਰੇ ਦੀ ਸੇਵਾ ਕਰਨ ਦੇ ਮੌਕੇ ਦਿੱਤੇ ਹਨ ਅਤੇ ਹੁਣ ਉਹ ਚਾਹੁੰਦੇ ਹਨ ਕਿ ਸ਼ਹਿਰ ਦੇ ਹਰ ਵਿਦਿਆਰਥੀ ਨੂੰ ਵੀ ਅਜਿਹੇ ਹੀ ਮੌਕੇ ਪ੍ਰਾਪਤ ਹੋਣ। ਉਨ੍ਹਾਂ ਕਿਹਾ ਕਿ ਮਾਪੇ ਪਾਰਦਰਸ਼ਤਾ ਅਤੇ ਜਵਾਬਦੇਹੀ ਦੇ ਹੱਕਦਾਰ ਹਨ, ਜਦਕਿ ਵਿਦਿਆਰਥੀਆਂ ਨੂੰ ਅਜਿਹਾ ਸੁਰੱਖਿਅਤ ਅਤੇ ਸਹਾਇਕ ਮਾਹੌਲ ਮਿਲਣਾ ਚਾਹੀਦਾ ਹੈ ਜਿੱਥੇ ਉਹ ਆਪਣੀ ਪੂਰੀ ਸਮਰੱਥਾ ਨਾਲ ਅੱਗੇ ਵਧ ਸਕਣ।

ਉਨ੍ਹਾਂ ਐਬਟਸਫੋਰਡ ਦੇ ਸਮੂਹ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਯੋਗ, ਨੌਜਵਾਨ ਅਤੇ ਦੂਰਅੰਦੇਸ਼ ਪ੍ਰਤੀਨਿਧ ਦੀ ਚੋਣ ਕਰਕੇ ਸਿੱਖਿਆ ਖੇਤਰ ਨੂੰ ਹੋਰ ਮਜ਼ਬੂਤ ਬਣਾਉਣ ਵਿੱਚ ਆਪਣਾ ਯੋਗਦਾਨ ਪਾਉਣ। ਵਿਨੇ ਵੜੈਚ ਨੇ ਭਰੋਸਾ ਦਿੱਤਾ ਕਿ ਜੇਕਰ ਉਨ੍ਹਾਂ ਨੂੰ ਸੇਵਾ ਦਾ ਮੌਕਾ ਮਿਲਿਆ ਤਾਂ ਉਹ ਵਿਦਿਆਰਥੀਆਂ, ਮਾਪਿਆਂ ਅਤੇ ਸਮੁੱਚੇ ਭਾਈਚਾਰੇ ਦੀ ਆਵਾਜ਼ ਬਣ ਕੇ ਕੰਮ ਕਰਨਗੇ।






















# ਟਰੰਪ ਵੱਲੋਂ ਕੈਨੇਡੀਅਨ ਵਸਤਾਂ 'ਤੇ 50 ਫੀਸਦੀ ਟੈਰਿਫ਼ ਦੀ ਧਮਕੀ

## ਕੈਨੇਡਾ-ਅਮਰੀਕਾ ਵਪਾਰਕ ਤਣਾਅ ਹੋਰ ਵਧਿਆ





**ਓਟਵਾ:** ਕੈਨੇਡਾ ਅਤੇ ਅਮਰੀਕਾ ਵਿਚਾਲੇ ਵਪਾਰਕ ਸੰਬੰਧਾਂ ਵਿੱਚ ਇੱਕ ਵਾਰ ਫਿਰ ਗੰਭੀਰ ਤਣਾਅ ਪੈਦਾ ਹੋ ਗਿਆ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਨੇ ਕੈਨੇਡਾ ਤੋਂ ਅਮਰੀਕਾ ਜਾਣ ਵਾਲੀਆਂ ਕਈ ਮਹੱਤਵਪੂਰਨ ਵਸਤਾਂ ਉੱਤੇ 50 ਫੀਸਦੀ ਤੱਕ ਨਵਾਂ ਟੈਰਿਫ਼ ਲਗਾਉਣ ਦਾ ਐਲਾਨ ਕੀਤਾ ਹੈ। ਇਹ ਟੈਰਿਫ਼ 19 ਅਗਸਤ ਤੋਂ ਲਾਗੂ ਹੋਣ ਦੀ ਸੰਭਾਵਨਾ ਹੈ।

ਅਮਰੀਕੀ ਸਰਕਾਰ ਦਾ ਦੋਸ਼ ਹੈ ਕਿ ਕੈਨੇਡਾ ਵੱਲੋਂ ਅਮਰੀਕੀ ਆਟੋਮੋਬਾਈਲ, ਸ਼ਰਾਬ ਅਤੇ ਡੇਅਰੀ ਉਤਪਾਦਾਂ ਨਾਲ ਸਹੀ ਵਿਹਾਰ ਨਹੀਂ ਕੀਤਾ ਜਾ ਰਿਹਾ। ਨਵੇਂ ਟੈਰਿਫ਼ਾਂ ਦੇ ਘੇਰੇ ਵਿੱਚ ਵਾਈਨ, ਡੇਅਰੀ ਉਤਪਾਦ, ਸੀਮੈਂਟ, ਕੱਪੜੇ ਅਤੇ ਹੋਰ ਕਈ ਵਸਤਾਂ ਆ ਸਕਦੀਆਂ ਹਨ। ਰਿਪੋਰਟਾਂ ਅਨੁਸਾਰ, ਇਹ ਟੈਰਿਫ਼ ਲਗਭਗ 20 ਅਰਬ ਅਮਰੀਕੀ ਡਾਲਰ ਦੇ ਕੈਨੇਡੀਅਨ ਮਾਲ ਨੂੰ ਪ੍ਰਭਾਵਿਤ ਕਰ ਸਕਦੇ ਹਨ।

ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਅਮਰੀਕੀ ਫ਼ੈਸਲੇ ਦੀ ਸਖ਼ਤ ਆਲੋਚਨਾ ਕਰਦਿਆਂ ਕਿਹਾ ਹੈ ਕਿ ਇਹ ਤਾਜ਼ਾ ਟੈਰਿਫ, ਕੈਨੇਡਾ-ਅਮਰੀਕਾ-ਮੈਕਸੀਕੋ ਵਪਾਰ ਸਮਝੌਤੇ ਦੀ ਭਾਵਨਾ ਅਤੇ ਨਿਯਮਾਂ ਦੇ ਉਲਟ ਹਨ। ਉਨ੍ਹਾਂ ਕਿਹਾ ਕਿ ਕੈਨੇਡਾ ਆਪਣੇ ਕਾਰੋਬਾਰਾਂ, ਮਜ਼ਦੂਰਾਂ ਅਤੇ ਦੇਸ਼ ਦੇ ਆਰਥਿਕ ਹਿੱਤਾਂ ਦੀ ਰੱਖਿਆ ਲਈ ਲੋੜੀਂਦੇ ਕਦਮ ਚੁੱਕੇਗਾ।

ਪ੍ਰਧਾਨ ਮੰਤਰੀ ਕਾਰਨੀ ਨੇ ਸੂਬਾਈ ਅਤੇ ਖੇਤਰੀ ਪ੍ਰੀਮੀਅਰਾਂ ਨਾਲ ਮੀਟਿੰਗ ਕਰਕੇ ਅਮਰੀਕੀ ਟੈਰਿਫ਼ਾਂ ਦੇ ਸੰਭਾਵਿਤ ਪ੍ਰਭਾਵ ਅਤੇ ਕੈਨੇਡਾ ਦੀ ਸਾਂਝੀ ਰਣਨੀਤੀ ਬਾਰੇ ਵਿਚਾਰ-ਵਟਾਂਦਰਾ ਕੀਤਾ। ਮੀਟਿੰਗ ਵਿੱਚ ਸੂਬਿਆਂ ਨੇ ਕੇਂਦਰ ਸਰਕਾਰ ਨੂੰ ਅਮਰੀਕਾ ਅੱਗੇ ਮਜ਼ਬੂਤ ਅਤੇ ਇਕਜੁੱਟ ਰੁਖ਼ ਅਪਣਾਉਣ ਲਈ ਕਿਹਾ। ਓਨਟਾਰੀਓ ਦੇ ਪ੍ਰੀਮੀਅਰ ਡਗ ਫੋਰਡ ਸਮੇਤ ਕਈ ਸੂਬਾਈ ਆਗੂਆਂ ਨੇ ਸੰਕੇਤ ਦਿੱਤਾ ਹੈ ਕਿ ਕੈਨੇਡਾ ਨੂੰ ਲੋੜ ਪੈਣ 'ਤੇ ਅਮਰੀਕੀ ਵਸਤਾਂ ਉੱਤੇ ਜਵਾਬੀ ਟੈਰਿਫ਼ ਲਗਾਉਣ ਤੋਂ ਪਿੱਛੇ ਨਹੀਂ ਹਟਣਾ ਚਾਹੀਦਾ।

ਆਰਥਿਕ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ 50 ਫੀਸਦੀ ਟੈਰਿਫ਼ ਲੰਬੇ ਸਮੇਂ ਤੱਕ ਲਾਗੂ ਰਹਿੰਦੇ ਹਨ ਤਾਂ ਕੈਨੇਡੀਅਨ ਨਿਰਮਾਣ ਉਦਯੋਗ, ਖੇਤੀਬਾੜੀ, ਡੇਅਰੀ, ਸੀਮੈਂਟ, ਕੱਪੜਾ ਉਦਯੋਗ ਅਤੇ ਆਟੋ ਸਪਲਾਈ ਚੇਨ ਉੱਤੇ ਵੱਡਾ ਦਬਾਅ ਪੈ ਸਕਦਾ ਹੈ। ਇਸ ਨਾਲ ਕੈਨੇਡੀਅਨ ਉਤਪਾਦ ਅਮਰੀਕੀ ਬਾਜ਼ਾਰ ਵਿੱਚ ਮਹਿੰਗੇ ਹੋ ਜਾਣਗੇ, ਜਿਸ ਕਾਰਨ ਵਿਕਰੀ ਘਟਣ, ਨਿਵੇਸ਼ ਰੁਕਣ ਅਤੇ ਕੁਝ ਖੇਤਰਾਂ ਵਿੱਚ ਨੌਕਰੀਆਂ ਪ੍ਰਭਾਵਿਤ ਹੋਣ ਦਾ ਖ਼ਤਰਾ ਹੈ।

ਦੂਜੇ ਪਾਸੇ, ਅਮਰੀਕੀ ਖਪਤਕਾਰਾਂ ਅਤੇ ਕਾਰੋਬਾਰਾਂ ਨੂੰ ਵੀ ਵਧੀਆਂ ਕੀਮਤਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਕਿਉਂਕਿ ਦੋਵਾਂ ਦੇਸ਼ਾਂ ਦੀਆਂ ਸਪਲਾਈ ਚੇਨਾਂ ਇਕ-ਦੂਜੇ ਨਾਲ ਬਹੁਤ ਡੂੰਘਾਈ ਨਾਲ ਜੁੜੀਆਂ ਹੋਈਆਂ ਹਨ। ਖ਼ਾਸ ਤੌਰ 'ਤੇ ਆਟੋਮੋਬਾਈਲ ਉਦਯੋਗ ਵਿੱਚ ਵਾਹਨਾਂ ਦੇ ਪੁਰਜ਼ੇ ਉਤਪਾਦਨ ਦੌਰਾਨ ਕੈਨੇਡਾ ਅਤੇ ਅਮਰੀਕਾ ਦੀ ਸਰਹੱਦ ਕਈ ਵਾਰ ਪਾਰ ਕਰਦੇ ਹਨ। ਇਸ ਲਈ ਟੈਰਿਫ਼ਾਂ ਕਾਰਨ ਦੋਵਾਂ ਦੇਸ਼ਾਂ ਵਿੱਚ ਉਤਪਾਦਨ ਲਾਗਤ ਅਤੇ ਵਾਹਨਾਂ ਦੀਆਂ ਕੀਮਤਾਂ ਵਧ ਸਕਦੀਆਂ ਹਨ।

ਤਣਾਅ ਦੇ ਬਾਵਜੂਦ, ਪ੍ਰਧਾਨ ਮੰਤਰੀ ਕਾਰਨੀ ਅਤੇ ਰਾਸ਼ਟਰਪਤੀ ਟਰੰਪ ਨੇ ਵਪਾਰਕ ਗੱਲਬਾਤ ਨੂੰ ਤੇਜ਼ ਕਰਨ ਉੱਤੇ ਸਹਿਮਤੀ ਪ੍ਰਗਟਾਈ ਹੈ। ਕੈਨੇਡੀਅਨ ਸਰਕਾਰ ਦਾ ਕਹਿਣਾ ਹੈ ਕਿ ਉਹ ਗੱਲਬਾਤ ਰਾਹੀਂ ਹੱਲ ਲੱਭਣਾ ਚਾਹੁੰਦੀ ਹੈ, ਪਰ ਕਿਸੇ ਵੀ ਸਮਝੌਤੇ ਵਿੱਚ ਕੈਨੇਡੀਅਨ ਉਦਯੋਗਾਂ ਅਤੇ ਮਜ਼ਦੂਰਾਂ ਦੇ ਹਿੱਤਾਂ ਨਾਲ ਸਮਝੌਤਾ ਨਹੀਂ ਕੀਤਾ ਜਾਵੇਗਾ।

ਆਉਣ ਵਾਲੇ ਹਫ਼ਤੇ ਕੈਨੇਡਾ-ਅਮਰੀਕਾ ਵਪਾਰਕ ਸੰਬੰਧਾਂ ਲਈ ਬਹੁਤ ਮਹੱਤਵਪੂਰਨ ਮੰਨੇ ਜਾ ਰਹੇ ਹਨ। ਜੇਕਰ 19 ਅਗਸਤ ਤੋਂ ਪਹਿਲਾਂ ਦੋਵਾਂ ਦੇਸ਼ਾਂ ਵਿਚਾਲੇ ਕੋਈ ਸਮਝੌਤਾ ਨਹੀਂ ਹੁੰਦਾ ਤਾਂ ਨਵੇਂ ਟੈਰਿਫ਼ ਨਾ ਸਿਰਫ਼ ਕੈਨੇਡੀਅਨ ਨਿਰਯਾਤਕਾਰਾਂ, ਸਗੋਂ ਆਮ ਖਪਤਕਾਰਾਂ, ਛੋਟੇ ਕਾਰੋਬਾਰਾਂ ਅਤੇ ਹਜ਼ਾਰਾਂ ਮਜ਼ਦੂਰਾਂ ਉੱਤੇ ਵੀ ਸਿੱਧਾ ਪ੍ਰਭਾਵ ਪਾ ਸਕਦੇ ਹਨ।











# ਗ਼ਜ਼ਲ ਮੰਚ ਸਰੀ ਵੱਲੋਂ ਉੱਘੇ ਸੈਕਸੋਫੋਨ ਵਾਦਕ ਮਨਜੀਤ ਸਿੰਘ ਨਾਲ ਵਿਸ਼ੇਸ਼ ਰੂਬਰੂ








**ਸਰੀ, 22 ਜੁਲਾਈ (ਹਰਦਮ ਮਾਨ)–** ਗ਼ਜ਼ਲ ਮੰਚ ਸਰੀ ਵੱਲੋਂ ਬੀਤੇ ਦਿਨ ਬਾਲੀਵੁੱਡ ਦੇ ਨਾਮਵਰ ਸੈਕਸੋਫੋਨ ਵਾਦਕ ਮਨਜੀਤ ਸਿੰਘ ਨਾਲ ਇੱਕ ਯਾਦਗਾਰੀ ਰੂਬਰੂ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਸੰਗੀਤ ਪ੍ਰੇਮੀਆਂ ਨੇ ਉਨ੍ਹਾਂ ਦੇ ਜੀਵਨ ਸਫ਼ਰ ਨੂੰ ਨੇੜਿਓਂ ਜਾਣਿਆ ਅਤੇ ਉਨ੍ਹਾਂ ਦੀਆਂ ਸੁਰਮਈ ਪੇਸ਼ਕਾਰੀਆਂ ਦਾ ਵੀ ਭਰਪੂਰ ਆਨੰਦ ਮਾਣਿਆ। ਸਮਾਗਮ ਦੀ ਸ਼ੁਰੂਆਤ ਗ਼ਜ਼ਲ ਮੰਚ ਦੇ ਸੰਚਾਲਕ ਰਾਜਵੰਤ ਰਾਜ ਨੇ ਕੀਤੀ। ਉਨ੍ਹਾਂ ਨੇ ਮੰਚ ਦੇ ਮੈਂਬਰਾਂ, ਮਹਿਮਾਨਾਂ ਅਤੇ ਸੰਗੀਤ ਪ੍ਰੇਮੀਆਂ ਦਾ ਨਿੱਘਾ ਸਵਾਗਤ ਕਰਦਿਆਂ ਕਿਹਾ ਕਿ ਅਜਿਹੇ ਰੂਬਰੂ ਪ੍ਰੋਗਰਾਮ ਕਲਾ ਅਤੇ ਕਲਾਕਾਰ ਵਿਚਕਾਰ ਸਿੱਧਾ ਸੰਵਾਦ ਸਥਾਪਤ ਕਰਨ ਦਾ ਸੁੰਦਰ ਮਾਧਿਅਮ ਹਨ।

ਆਪਣੇ ਸੰਬੋਧਨ ਦੌਰਾਨ ਮਨਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਜੱਦੀ ਸਬੰਧ ਜਲੰਧਰ ਨਾਲ ਹੈ ਅਤੇ ਉਨ੍ਹਾਂ ਨੇ ਕਦੇ ਸੁਪਨੇ ਵਿੱਚ ਵੀ ਨਹੀਂ ਸੋਚਿਆ ਸੀ ਕਿ ਸੰਗੀਤ ਉਨ੍ਹਾਂ ਦੀ ਜ਼ਿੰਦਗੀ ਦਾ ਮਕਸਦ ਬਣ ਜਾਵੇਗਾ। ਸੈਕਸੋਫੋਨ ਨਾਲ ਉਨ੍ਹਾਂ ਦੀ ਜਾਣ-ਪਛਾਣ ਇੱਕ ਇਤਫ਼ਾਕ ਵਜੋਂ ਹੋਈ। ਸ਼ੁਰੂ ਵਿੱਚ ਇਹ ਸਿਰਫ਼ ਇੱਕ ਸ਼ੌਕ ਸੀ ਪਰ ਹੌਲੀ-ਹੌਲੀ ਇਹ ਸ਼ੌਕ ਸਾਧਨਾ ਵਿੱਚ ਬਦਲ ਗਿਆ ਅਤੇ ਫਿਰ ਇਹੀ ਉਨ੍ਹਾਂ ਦੀ ਪਹਿਚਾਣ ਬਣ ਗਿਆ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਸੰਗੀਤ ਦੀ ਕੋਈ ਵਿਧੀਵਤ ਸਿੱਖਿਆ ਪ੍ਰਾਪਤ ਨਹੀਂ ਕੀਤੀ, ਸਗੋਂ ਮਹਾਨ ਸੰਗੀਤਕਾਰਾਂ ਅਤੇ ਉਸਤਾਦਾਂ ਨੂੰ ਸੁਣ-ਸੁਣ ਕੇ ਆਪਣੇ ਆਪ ਨੂੰ ਤਿਆਰ ਕੀਤਾ। ਉਨ੍ਹਾਂ ਦਾ ਮੰਨਣਾ ਹੈ ਕਿ ਜਿਸ ਇਨਸਾਨ ਦੇ ਅੰਦਰ ਸੰਗੀਤ ਲਈ ਸੱਚਾ ਜਨੂੰਨ ਹੋਵੇ, ਉਹ ਡਿਗਰੀਆਂ ਨਾਲੋਂ ਵੀ ਵੱਡਾ ਕਲਾਕਾਰ ਬਣ ਸਕਦਾ ਹੈ ਕਿਉਂਕਿ ਅਸਲ ਕਲਾ ਰੂਹ ਦੀ ਗਹਿਰਾਈ ਅਤੇ ਨਿਰੰਤਰ ਰਿਆਜ਼ 'ਚੋਂ ਜਨਮ ਲੈਂਦੀ ਹੈ।

ਮਨਜੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਲਈ ਸੰਗੀਤ ਕਦੇ ਵੀ ਕੇਵਲ ਰੋਜ਼ੀ-ਰੋਟੀ ਦਾ ਸਾਧਨ ਨਹੀਂ ਰਿਹਾ। ਇਹ ਉਨ੍ਹਾਂ ਦੀ ਸਾਧਨਾ, ਉਨ੍ਹਾਂ ਦਾ ਜਨੂੰਨ ਅਤੇ ਉਨ੍ਹਾਂ ਦੀ ਰੂਹ ਦੀ ਆਵਾਜ਼ ਹੈ। ਜਦੋਂ ਕਲਾਕਾਰ ਆਪਣੀ ਕਲਾ ਨੂੰ ਪੈਸੇ ਦੀ ਥਾਂ ਪਿਆਰ ਅਤੇ ਸਮਰਪਣ ਨਾਲ ਅਪਣਾਉਂਦਾ ਹੈ ਤਾਂ ਉਸ ਦੀ ਪੇਸ਼ਕਾਰੀ ਸਿੱਧੀ ਸਰੋਤਿਆਂ ਦੇ ਦਿਲਾਂ ਤੱਕ ਪਹੁੰਚਦੀ ਹੈ। ਉਨ੍ਹਾਂ ਕਿਹਾ ਕਿ ਅੱਜ ਵੀ ਉਹ ਕਈ ਪ੍ਰੋਗਰਾਮ ਸਿਰਫ਼ ਸੰਗੀਤ ਪ੍ਰੇਮੀਆਂ ਦੇ ਸੱਦੇ ਅਤੇ ਆਪਣੇ ਅੰਦਰਲੇ ਸੰਤੋਖ ਲਈ ਕਰਦੇ ਹਨ ਜਦਕਿ ਪੇਸ਼ੇਵਰ ਸਮਾਗਮਾਂ ਵਿੱਚ ਮਾਰਕੀਟ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਨ।

ਮਨਜੀਤ ਸਿੰਘ ਨੇ ਆਪਣੇ ਤਜਰਬੇ ਸਾਂਝੇ ਕਰਦਿਆਂ ਕਿਹਾ ਕਿ ਕਿਸੇ ਵੀ ਵਾਦਕ ਜਾਂ ਗਾਇਕ ਲਈ ਦੋ ਗੱਲਾਂ ਸਭ ਤੋਂ ਵੱਧ ਮਹੱਤਵਪੂਰਨ ਹਨ – ਆਪਣੇ ਸਾਜ਼ ਜਾਂ ਆਵਾਜ਼ 'ਤੇ ਪੂਰੀ ਤਕਨੀਕੀ ਪਕੜ ਅਤੇ ਸੰਗੀਤ ਦੀ ਡੂੰਘੀ ਸਮਝ। ਉਨ੍ਹਾਂ ਕਿਹਾ ਕਿ ਸਾਜ਼ ਨੂੰ ਵਜਾਉਣਾ ਤਾਂ ਸਿੱਖਿਆ ਜਾ ਸਕਦਾ ਹੈ ਪਰ ਉਸ ਵਿੱਚ ਰੂਹ ਫੂਕਣ ਲਈ ਸੰਗੀਤ ਨੂੰ ਮਹਿਸੂਸ ਕਰਨਾ ਪੈਂਦਾ ਹੈ। ਜਦੋਂ ਤਕਨੀਕ, ਰਿਆਜ਼ ਅਤੇ ਅੰਦਰਲੀ ਸੰਵੇਦਨਾ ਇੱਕ ਹੋ ਜਾਂਦੇ ਹਨ ਤਾਂ ਹੀ ਅਸਲ ਕਲਾਕਾਰ ਜਨਮ ਲੈਂਦਾ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਸੰਗੀਤ ਸਿਰਫ਼ ਉਂਗਲਾਂ ਦਾ ਨਹੀਂ ਸਗੋਂ ਦਿਮਾਗ ਅਤੇ ਦਿਲ ਦਾ ਵੀ ਸਫ਼ਰ ਹੈ।

ਰੂਬਰੂ ਗੱਲਬਾਤ ਤੋਂ ਬਾਅਦ ਮਨਜੀਤ ਸਿੰਘ ਨੇ ਆਪਣੇ ਸੈਕਸੋਫੋਨ ਦੀਆਂ ਮਧੁਰ ਸੁਰ-ਲਹਿਰਾਂ ਨਾਲ ਸਮੁੱਚੇ ਮਾਹੌਲ ਨੂੰ ਸੰਗੀਤਮਈ ਬਣਾ ਦਿੱਤਾ। ਉਨ੍ਹਾਂ ਨੇ ਮੁਹੰਮਦ ਰਫ਼ੀ, ਮੰਨਾ ਡੇ, ਐਸ. ਡੀ. ਬਰਮਨ, ਕਿਸ਼ੋਰ ਕੁਮਾਰ, ਮਹਿੰਦਰ ਕਪੂਰ ਅਤੇ ਲਤਾ ਮੰਗੇਸ਼ਕਰ ਦੇ ਅਨੇਕਾਂ ਸਦਾਬਹਾਰ ਮਧੁਰ ਗੀਤ ਸੈਕਸੋਫੋਨ 'ਤੇ ਇਸ ਅੰਦਾਜ਼ ਵਿੱਚ ਪੇਸ਼ ਕੀਤੇ ਕਿ ਸਰੋਤੇ ਇੱਕ ਵਾਰ ਫਿਰ ਸੁਨਹਿਰੀ ਸੰਗੀਤਕ ਦੌਰ ਵਿੱਚ ਪਰਤਦੇ ਮਹਿਸੂਸ ਹੋਏ। ਉਨ੍ਹਾਂ ਦੀ ਦਿਲਕਸ਼ ਪੇਸ਼ਕਾਰੀ ਨੂੰ ਹਾਜ਼ਰੀਨ ਨੇ ਵਾਹ ਵਾਹ ਅਲਾਪਦਿਆਂ ਤਾੜੀਆਂ ਨਾਲ ਭਰਪੂਰ ਦਾਦ ਦਿੱਤੀ।

ਸਮਾਗਮ ਦੇ ਅੰਤ ਵਿੱਚ ਗ਼ਜ਼ਲ ਮੰਚ ਦੇ ਪ੍ਰਧਾਨ ਜਸਵਿੰਦਰ, ਇੰਦਰਜੀਤ ਧਾਮੀ, ਹਰਦਮ ਮਾਨ, ਰਾਜਵੰਤ ਰਾਜ, ਪ੍ਰੀਤ ਮਨਪ੍ਰੀਤ, ਭੁਪਿੰਦਰ ਮੱਲ੍ਹੀ ਅਤੇ ਰਿੱਕੀ ਬਾਜਵਾ ਨੇ ਮਨਜੀਤ ਸਿੰਘ ਦੀ ਵਿਲੱਖਣ ਕਲਾਕਾਰੀ, ਸੈਕਸੋਫੋਨ 'ਤੇ ਉਨ੍ਹਾਂ ਦੀ ਬੇਮਿਸਾਲ ਮੁਹਾਰਤ ਅਤੇ ਗੀਤਾਂ ਦੀ ਸੁਚੱਜੀ ਚੋਣ ਦੀ ਭਰਪੂਰ ਸ਼ਲਾਘਾ ਕੀਤੀ। ਗ਼ਜ਼ਲ ਮੰਚ ਵੱਲੋਂ ਮਨਜੀਤ ਸਿੰਘ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਪ੍ਰਧਾਨ ਜਸਵਿੰਦਰ ਨੇ ਮਨਜੀਤ ਸਿੰਘ ਅਤੇ ਹਾਜਰ ਮੈਂਬਰਾਂ ਅਤੇ ਮਹਿਮਾਨਾਂ ਦਾ ਧੰਨਵਾਦ ਕੀਤਾ।

# ਸੇਫ ਸਰੀ ਕੋਆਲੀਸ਼ਨ ਦੀ ਉਮੀਦਵਾਰ ਟੀਮ ਦਾ ਐਲਾਨ

## ◆ ਸਿਟੀ ਹਾਲ ਵਿੱਚ ਪਾਰਦਰਸ਼ਤਾ, 60 ਦਿਨਾਂ ਵਿੱਚ ਬਿਲਡਿੰਗ ਪਰਮਿਟ, ਨਵੇਂ ਕਾਰੋਬਾਰਾਂ ਲਈ ਦੋ ਸਾਲ ਲਾਇਸੈਂਸ ਫੀਸ ਮੁਆਫ਼ ਕਰਨ ਦਾ ਐਲਾਨ

### ਡੱਗ ਮੈਕਕੈਲਮ ਨੇ ਚੋਣੀ ਮੈਦਾਨ 'ਚ ਖੇਡਿਆ ਵੱਡਾ ਦਾਅ; ਫੋਰੈਂਸਿਕ ਆਡਿਟ, ਚਾਰ ਸਾਲ ਟੈਕਸ ਨਾ ਵਧਾਉਣ ਸਮੇਤ ਕਈ ਵੱਡੇ ਵਾਅਦੇ







**ਸਰੀ, 22 ਜੁਲਾਈ (ਮਹੇਸ਼ਇੰਦਰ ਸਿੰਘ ਮਾਂਗਟ)** ਸਰੀ ਦੇ ਮੇਅਰ ਅਹੁਦੇ ਦੇ ਉਮੀਦਵਾਰ ਡੱਗ ਮੈਕਕੈਲਮ ਨੇ ਆਗਾਮੀ 17 ਅਕਤੂਬਰ ਨੂੰ ਹੋਣ ਵਾਲੀਆਂ ਨਗਰ ਨਿਗਮ ਚੋਣਾਂ ਤੋਂ ਪਹਿਲਾਂ ਆਪਣੀ ਚੋਣ ਮੁਹਿੰਮ ਨੂੰ ਨਵਾਂ ਰੁਖ ਦਿੰਦਿਆਂ ਸੇਫ਼ ਸਰੀ ਕੋਆਲੀਸ਼ਨ (ਸ਼ਓਡਏ ਸ਼ੁਰਰਏ ਛੋਓਲਿਟਿਨ) ਦੀ ਉਮੀਦਵਾਰ ਟੀਮ ਦਾ ਐਲਾਨ ਕੀਤਾ ਅਤੇ ਲੋਕਾਂ ਨਾਲ ਕਈ ਮਹੱਤਵਪੂਰਨ ਚੋਣੀ ਵਾਅਦੇ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਜੇਕਰ ਵੋਟਰ ਉਨ੍ਹਾਂ ਦੀ ਟੀਮ ਨੂੰ ਮੌਕਾ ਦਿੰਦੇ ਹਨ ਤਾਂ ਸਰੀ ਸਿਟੀ ਹਾਲ ਵਿੱਚ ਪਾਰਦਰਸ਼ਤਾ, ਜਵਾਬਦੇਹੀ ਅਤੇ ਲੋਕ-ਪੱਖੀ ਪ੍ਰਸ਼ਾਸਨ ਨੂੰ ਪਹਿਲ ਦਿੱਤੀ ਜਾਵੇਗੀ।

ਦੱਖਣੀ ਸਰੀ ਦੇ 99 ਸਾਊਥ ਵਾਈਨਯਾਰਡਜ਼ ਵਿਖੇ ਕਰਵਾਏ ਸਮਾਗਮ ਦੌਰਾਨ ਮੈਕਕੈਲਮ ਨੇ ਆਪਣੀ ਟੀਮ ਦੇ ਉਮੀਦਵਾਰਾਂ ਦੇ ਨਾਮਾਂ ਦਾ ਐਲਾਨ ਕੀਤਾ। ਟੀਮ ਵਿੱਚ ਸਾਬਕਾ ਕੌਂਸਲਰ ਲੌਰੀ ਗੁਏਰਾ, ਸਾਬਕਾ ਕੌਂਸਲਰ ਅਤੇ ਨੈਚਰੋਪੈਥਿਕ ਡਾਕਟਰ ਐਲੀਸਨ ਪੈਟਨ, ਸੁਹਾਨਾ ਗਿੱਲ, ਮੀਰਾ ਗਿੱਲ, ਸਾਬਕਾ ਸੰਪਾਦਕ ਬਿਊ ਸਿੰਪਸਨ, ਮੌਜੂਦਾ ਕੌਂਸਲਰ ਮਨਦੀਪ ਨਾਗਰਾ ਅਤੇ ਡੱਗ ਐਲਫੋਰਡ ਨੂੰ ਸ਼ਾਮਲ ਕੀਤਾ ਗਿਆ ਹੈ।

ਆਪਣੇ ਸੰਬੋਧਨ ਦੌਰਾਨ ਮੈਕਕੈਲਮ ਨੇ ਕਿਹਾ ਕਿ ਸੱਤਾ ਵਿੱਚ ਆਉਣ 'ਤੇ ਸਿਟੀ ਹਾਲ ਦੇ ਵਿੱਤੀ ਰਿਕਾਰਡਾਂ ਦੀ ਫੋਰੈਂਸਿਕ ਆਡਿਟ ਕਰਵਾਈ ਜਾਵੇਗੀ, ਤਾਂ ਜੋ ਟੈਕਸਦਾਤਾਵਾਂ ਦੇ ਪੈਸੇ ਦੀ ਵਰਤੋਂ ਦੀ ਪੂਰੀ ਜਾਂਚ ਹੋ ਸਕੇ। ਉਨ੍ਹਾਂ ਦੋਸ਼ ਲਗਾਇਆ ਕਿ ਮੌਜੂਦਾ ਪ੍ਰਸ਼ਾਸਨ ਦੌਰਾਨ ਕਈ ਜ਼ਮੀਨੀ ਸੌਦਿਆਂ ਅਤੇ ਵਿੱਤੀ ਫ਼ੈਸਲਿਆਂ ਵਿੱਚ ਪੂਰੀ ਪਾਰਦਰਸ਼ਤਾ ਨਹੀਂ ਰੱਖੀ ਗਈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਆਪਣੇ ਟੈਕਸ ਦੇ ਹਰ ਡਾਲਰ ਦਾ ਹਿਸਾਬ ਮਿਲਣਾ ਚਾਹੀਦਾ ਹੈ ਅਤੇ ਸਾਰੇ ਰਿਕਾਰਡ ਜਨਤਕ ਕੀਤੇ ਜਾਣਗੇ।

ਚੋਣੀ ਵਾਅਦਿਆਂ ਦੀ ਲੜੀ ਜਾਰੀ ਰੱਖਦਿਆਂ ਮੈਕਕੈਲਮ ਨੇ ਐਲਾਨ ਕੀਤਾ ਕਿ ਉਨ੍ਹਾਂ ਦੀ ਸਰਕਾਰ ਬਣਨ 'ਤੇ ਚਾਰ ਸਾਲ ਤੱਕ ਪ੍ਰਾਪਰਟੀ ਟੈਕਸ ਵਿੱਚ ਕੋਈ ਵਾਧਾ ਨਹੀਂ ਕੀਤਾ ਜਾਵੇਗਾ। ਇਸ ਦੇ ਨਾਲ ਹੀ ਸਾਰੇ ਬਿਲਡਿੰਗ ਪਰਮਿਟ 60 ਦਿਨਾਂ ਅੰਦਰ ਜਾਰੀ ਕਰਨ ਦੀ ਗਾਰੰਟੀ ਦਿੱਤੀ ਜਾਵੇਗੀ ਅਤੇ ਜੇਕਰ ਇਹ ਸਮਾਂ ਸੀਮਾ ਪੂਰੀ ਨਾ ਹੋਈ ਤਾਂ ਸੰਬੰਧਿਤ ਪਰਮਿਟ ਫੀਸ ਮੁਆਫ਼ ਕਰ ਦਿੱਤੀ ਜਾਵੇਗੀ।

ਉਨ੍ਹਾਂ ਛੋਟੇ ਕਾਰੋਬਾਰਾਂ ਨੂੰ ਉਤਸ਼ਾਹਿਤ ਕਰਨ ਲਈ ਨਵੇਂ ਕਾਰੋਬਾਰਾਂ ਤੋਂ ਪਹਿਲੇ ਦੋ ਸਾਲਾਂ ਲਈ ਕਾਰੋਬਾਰੀ ਲਾਇਸੈਂਸ ਫੀਸ ਨਾ ਲੈਣ ਦਾ ਵੀ ਵਾਅਦਾ ਕੀਤਾ। ਉਨ੍ਹਾਂ ਕਿਹਾ ਕਿ ਛੋਟੇ ਕਾਰੋਬਾਰ ਸਥਾਨਕ ਅਰਥਵਿਵਸਥਾ ਦੀ ਮਜ਼ਬੂਤ ਨੀਂਹ ਹਨ ਅਤੇ ਉਨ੍ਹਾਂ ਨੂੰ ਹਰ ਸੰਭਵ ਸਹਿਯੋਗ ਦਿੱਤਾ ਜਾਣਾ ਚਾਹੀਦਾ ਹੈ।

ਖੇਤੀਬਾੜੀ ਖੇਤਰ ਲਈ ਮੈਕਕੈਲਮ ਨੇ "ਫਾਰਮ ਲੋਕਲ" ਯੋਜਨਾ ਲਾਗੂ ਕਰਨ ਦੀ ਗੱਲ ਕਹੀ। ਉਨ੍ਹਾਂ ਮੁਤਾਬਕ ਇਸ ਨਾਲ ਕਿਸਾਨ ਆਪਣੀ ਉਪਜ ਸਿੱਧੀ ਖਪਤਕਾਰਾਂ ਤੱਕ ਪਹੁੰਚਾ ਸਕਣਗੇ, ਜਿਸ ਨਾਲ ਵਿਚੋਲਿਆਂ ਦੀ ਭੂਮਿਕਾ ਘਟੇਗੀ ਅਤੇ ਖ਼ੁਰਾਕ ਦੀਆਂ ਕੀਮਤਾਂ ਨੂੰ ਕਾਬੂ ਵਿੱਚ ਰੱਖਣ ਵਿੱਚ ਮਦਦ ਮਿਲੇਗੀ।

ਉਨ੍ਹਾਂ ਕਲੇਟਨ ਹਾਈਟਸ ਅਤੇ ਸਿਟੀ ਸੈਂਟਰ ਵਿੱਚ ਨਵੇਂ ਸਵੀਮਿੰਗ ਪੂਲ, ਨਿਊਟਨ ਵਿੱਚ ਆਧੁਨਿਕ ਕਮਿਊਨਿਟੀ ਸੈਂਟਰ ਅਤੇ ਪੂਲ, ਕ੍ਰਿਸੈਂਟ ਬੀਚ ਅਤੇ ਓਸ਼ਨ ਪਾਰਕ ਦੇ ਵਿਰਾਸਤੀ ਖੇਤਰਾਂ ਦੀ ਸੁਰੱਖਿਆ ਅਤੇ ਸਿਟੀ ਕੌਂਸਲ ਦੀਆਂ ਇਨ-ਕੈਮਰਾ ਮੀਟਿੰਗਾਂ ਖਤਮ ਕਰਨ ਵਰਗੇ ਵਾਅਦੇ ਵੀ ਕੀਤੇ।

ਮੈਕਕੈਲਮ ਨੇ ਕਿਹਾ ਕਿ ਸਰੀ ਤੇਜ਼ੀ ਨਾਲ ਬ੍ਰਿਟਿਸ਼ ਕੋਲੰਬੀਆ ਦੇ ਸਭ ਤੋਂ ਵੱਡੇ ਸ਼ਹਿਰ ਵਜੋਂ ਉਭਰ ਰਿਹਾ ਹੈ, ਇਸ ਲਈ ਸ਼ਹਿਰ ਨੂੰ ਆਪਣੇ ਵਿੱਤੀ ਸਰੋਤਾਂ ਅਤੇ ਸੇਵਾਵਾਂ 'ਤੇ ਵਧੇਰੇ ਅਧਿਕਾਰ ਮਿਲਣੇ ਚਾਹੀਦੇ ਹਨ। ਇਸ ਮਕਸਦ ਲਈ ਉਨ੍ਹਾਂ ਨੇ ਮੈਟਰੋ ਵੈਨਕੂਵਰ ਰੀਜਨਲ ਡਿਸਟ੍ਰਿਕਟ ਨਾਲ ਸਬੰਧਾਂ ਦੀ ਮੁੜ ਸਮੀਖਿਆ ਕਰਨ ਦੀ ਲੋੜ ਵੀ ਜਤਾਈ।

ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਟੀਮ ਦਾ ਮੁੱਖ ਉਦੇਸ਼ ਸਰੀ ਦੇ ਵਸਨੀਕਾਂ ਨੂੰ ਪਾਰਦਰਸ਼ੀ ਪ੍ਰਸ਼ਾਸਨ, ਕਿਫਾਇਤੀ ਜੀਵਨ-ਯਾਪਨ, ਮਜ਼ਬੂਤ ਸਥਾਨਕ ਅਰਥਵਿਵਸਥਾ ਅਤੇ ਪ੍ਰਭਾਵਸ਼ਾਲੀ ਨਗਰ ਸੇਵਾਵਾਂ ਪ੍ਰਦਾਨ ਕਰਨਾ ਹੈ।

ਜ਼ਿਕਰਯੋਗ ਹੈ ਕਿ ਸਰੀ ਦੇ ਮੇਅਰ ਅਹੁਦੇ ਲਈ ਇਸ ਵਾਰ ਡੱਗ ਮੈਕਕੈਲਮ ਤੋਂ ਇਲਾਵਾ ਮੌਜੂਦਾ ਮੇਅਰ ਬਰੈਂਡਾ ਲੌਕ (ਸ਼ੁਰਰਏ ਛੋਨਨਏਚਟ), ਟਰੌਏ ਵੈਨ ਵਲੀਟ (ਸ਼ੁਰਰਏ੍ਹਾਂ), ਹੋਨਵੀਰ ਸਿੰਘ ਰੰਧਾਵਾ (ਛੋਨਸਏਰਵਓਟਿਵਏ ਫਓਰਟੇ੍ਡ ਸ਼ੁਰਰਏ) ਅਤੇ ਕੌਂਸਲਰ ਲਿੰਡਾ ਐਨਿਸ (ਸ਼ੁਰਰਏ ਢਿਰਸਟ) ਵੀ ਚੋਣ ਮੈਦਾਨ ਵਿੱਚ ਹਨ।




# 9 ਅਗਸਤ ਨੂੰ ਕੋਕੁਇਟਲਮ ਵਿੱਚ ਸਜੇਗੀ ਸਾਗਰ ਭਾਟੀਆ ਦੀ ਕਵਾਲੀ ਮਹਿਫ਼ਲ

## ਗਰੇਟ ਕੈਨੇਡੀਅਨ ਕੈਸੀਨੋ ਵਿੱਚ ਹੋਣ ਵਾਲੇ ਸ਼ੋਅ ਲਈ ਸਰੋਤਿਆਂ ਵਿੱਚ ਭਾਰੀ ਉਤਸ਼ਾਹ; ਪਾਰਕਿੰਗ, ਸੁਰੱਖਿਆ ਅਤੇ ਹੋਰ ਪ੍ਰਬੰਧ ਮੁਕੰਮਲ




**ਸਰੀ, (ਮਹੇਸ਼ਇੰਦਰ ਸਿੰਘ ਮਾਂਗਟ):** ਮਸੋਨ ਇੰਟਰਟੇਨਮੈਂਟ ਵੱਲੋਂ ਸਥਾਨਕ ਭਾਰਤੀ ਭਾਈਚਾਰੇ ਦੇ ਸਹਿਯੋਗ ਨਾਲ 9 ਅਗਸਤ ਨੂੰ ਕੋਕੁਇਟਲਮ ਸਥਿਤ ਗਰੇਟ ਕੈਨੇਡੀਅਨ ਕੈਸੀਨੋ ਵਿਖੇ ਪ੍ਰਸਿੱਧ ਬਾਲੀਵੁੱਡ ਗਾਇਕ ਸਾਗਰ ਭਾਟੀਆ ਦੀ ਸ਼ਾਨਦਾਰ ਕਵਾਲੀ ਮਹਿਫ਼ਲ ਕਰਵਾਈ ਜਾ ਰਹੀ ਹੈ। ਇਸ ਸਮਾਗਮ ਨੂੰ ਲੈ ਕੇ ਸੰਗੀਤ ਪ੍ਰੇਮੀਆਂ ਅਤੇ ਕਵਾਲੀ ਦੇ ਸ਼ੌਕੀਨਾਂ ਵਿੱਚ ਭਾਰੀ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ ਅਤੇ ਵੱਡੀ ਗਿਣਤੀ ਵਿੱਚ ਸਰੋਤਿਆਂ ਦੇ ਪੁੱਜਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ।

ਇੱਥੇ ਕਰਵਾਏ ਗਏ ਇੱਕ ਪੱਤਰਕਾਰ ਸੰਮੇਲਨ ਦੌਰਾਨ ਸ਼ੋਅ ਦੇ ਆਯੋਜਕ ਆਕਾਸ਼, ਪ੍ਰਣਵ, ਜਤਿੰਦਰ ਸੋਢੀ, ਮੁਕਲ ਅਤੇ ਭਾਨੂ ਨੇ ਸਾਂਝੇ ਤੌਰ 'ਤੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਵੀਂ ਦਿੱਲੀ ਤੋਂ ਬਾਲੀਵੁੱਡ ਦੇ ਮਸ਼ਹੂਰ ਗਾਇਕ ਸਾਗਰ ਭਟੀਆ ਵਿਸ਼ੇਸ਼ ਤੌਰ 'ਤੇ ਕੈਨੇਡਾ ਪਹੁੰਚ ਰਹੇ ਹਨ, ਜੋ ਆਪਣੀ ਸੁਰੀਲੀ ਆਵਾਜ਼ ਅਤੇ ਰੂਹਾਨੀ ਕਵਾਲੀਆਂ ਨਾਲ ਸਰੋਤਿਆਂ ਨੂੰ ਮੰਤਰਮੁਗਧ ਕਰਨਗੇ।

ਆਯੋਜਕਾਂ ਨੇ ਦੱਸਿਆ ਕਿ ਸਮਾਗਮ ਦੌਰਾਨ ਸਰੋਤਿਆਂ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਦਿਆਂ ਪਾਰਕਿੰਗ, ਸੁਰੱਖਿਆ ਅਤੇ ਹੋਰ ਲੋੜੀਂਦੇ ਪ੍ਰਬੰਧ ਪਹਿਲਾਂ ਹੀ ਮੁਕੰਮਲ ਕਰ ਲਏ ਗਏ ਹਨ। ਉਨ੍ਹਾਂ ਨੇ ਸੰਗੀਤ ਪ੍ਰੇਮੀਆਂ ਨੂੰ ਸਮੇਂ ਸਿਰ ਟਿਕਟਾਂ ਪ੍ਰਾਪਤ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਟਿਕਟਾਂ ਸਬੰਧੀ ਜਾਣਕਾਰੀ ਅਤੇ ਬੁਕਿੰਗ ਲਈ 778-345-5240 'ਤੇ ਸੰਪਰਕ ਕੀਤਾ ਜਾ ਸਕਦਾ ਹੈ।ਇਸ ਮੌਕੇ ਅੰਮ੍ਰਿਤਪਾਲ ਢੋਟ, ਰਮਨ ਸ਼ਰਮਾ ਅਤੇ ਹੋਰ ਪਤਵੰਤੇ ਵੀ ਹਾਜ਼ਰ ਸਨ।

# ਯੂਨਾਈਟਿਡ ਫੀਲਡ ਹਾਕੀ ਕਲੱਬ ਦੇ 7 ਖਿਡਾਰੀ ਟੀਮ ਅਲਬਰਟਾ ਵਿੱਚ ਸ਼ਾਮਲ,

## ਮਨਦੀਪ ਝੱਲੀ ਨੈਸ਼ਨਲ ਚੈਂਪੀਅਨਸ਼ਿਪ ਲਈ ਹੈੱਡ ਕੋਚ ਨਿਯੁਕਤ–

### 24 ਤੋਂ 26 ਜੁਲਾਈ ਤੱਕ ਸਰੀ ਦੇ ਤਾਮਾਨਾਵਿਸ ਪਾਰਕ ਵਿੱਚ ਹੋ ਰਹੀ_18 ਕੈਨੇਡਾ ਨੈਸ਼ਨਲ ਫੀਲਡ ਹਾਕੀ ਚੈਂਪੀਅਨਸ਼ਿਪ ਵਿੱਚ ਅਲਬਰਟਾ ਦੀ ਨੁਮਾਇੰਦਗੀ ਕਰਨਗੇ 7 ਹੋਣਹਾਰ ਖਿਡਾਰੀ



**ਕੈਲਗਰੀ, ਅਲਬਰਟਾ (ਮਹੇਸ਼ਇੰਦਰ ਸਿੰਘ ਮਾਂਗਟ) –** ਯੂਨਾਈਟਿਡ ਫੀਲਡ ਹਾਕੀ ਕਲੱਬ ਕੈਲਗਰੀ ਲਈ ਇਹ ਬਹੁਤ ਹੀ ਮਾਣ ਅਤੇ ਇਤਿਹਾਸਕ ਮੌਕਾ ਹੈ ਕਿ ਕਲੱਬ ਦੇ ਸੱਤ ਹੋਣਹਾਰ ਖਿਡਾਰੀਆਂ ਦੀ ਚੋਣ 2026_18 (ਲੜਕੇ) ਕੈਨੇਡਾ ਨੈਸ਼ਨਲ ਫੀਲਡ ਹਾਕੀ ਚੈਂਪੀਅਨਸ਼ਿਪ ਲਈ ਟੀਮ ਅਲਬਰਟਾ ਵਿੱਚ ਹੋਈ ਹੈ। ਇਹ ਰਾਸ਼ਟਰੀ ਚੈਂਪੀਅਨਸ਼ਿਪ 24 ਤੋਂ 26 ਜੁਲਾਈ ਤੱਕ ਸਰੀ (ਬੀ.ਸੀ.) ਦੇ ਤਾਮਾਨਾਵਿਸ ਪਾਰਕ ਵਿਖੇ ਫੀਲਡ ਹਾਕੀ ਕੈਨੇਡਾ ਵੱਲੋਂ ਫੀਲਡ ਹਾਕੀ ਬੀ.ਸੀ. ਦੇ ਸਹਿਯੋਗ ਨਾਲ ਕਰਵਾਈ ਜਾ ਰਹੀ ਹੈ।

ਟੀਮ ਅਲਬਰਟਾ ਲਈ ਚੁਣੇ ਗਏ ਯੂਨਾਈਟਿਡ ਫੀਲਡ ਹਾਕੀ ਕਲੱਬ ਦੇ ਖਿਡਾਰੀਆਂ ਵਿੱਚ ਅਨਮੋਲ ਝੱਲੀ, ਅਰਸ਼ਦੀਪ ਬਰਨ, ਹਰਮਨ ਗਿੱਲ, ਹਰਕਰਨਵੀਰ ਪਲਾਹਾ, ਗੁਰਨਿਵਾਜ਼ ਸਿੰਘ, ਗੁਰਵਰਦਾਨ ਟਿਵਾਣਾ ਅਤੇ ਜ਼ੋਰਾਵਰ ਗਰੇਵਾਲ ਸ਼ਾਮਲ ਹਨ। ਇਨ੍ਹਾਂ ਨੌਜਵਾਨ ਖਿਡਾਰੀਆਂ ਦੀ ਚੋਣ ਕਲੱਬ ਦੀ ਉੱਚ ਪੱਧਰੀ ਕੋਚਿੰਗ, ਸਖ਼ਤ ਮਿਹਨਤ ਅਤੇ ਖਿਡਾਰੀਆਂ ਦੀ ਲਗਨ ਦਾ ਪ੍ਰਤੀਕ ਮੰਨੀ ਜਾ ਰਹੀ ਹੈ।

ਇਸ ਮਾਣਮੱਤੀ ਉਪਲਬਧੀ ਨੂੰ ਹੋਰ ਵੀ ਖ਼ਾਸ ਬਣਾਉਂਦਿਆਂ ਯੂਨਾਈਟਿਡ ਫੀਲਡ ਹਾਕੀ ਕਲੱਬ ਦੇ ਸੰਸਥਾਪਕ ਅਤੇ ਮੁੱਖ ਕੋਚ ਮਨਦੀਪ ਝੱਲੀ ਨੂੰ 2026_18 (ਲੜਕੇ) ਟੀਮ ਅਲਬਰਟਾ ਦਾ ਹੈੱਡ ਕੋਚ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਦੇ ਨਾਲ ਮਨਵੀਰ ਗਰੇਵਾਲ ਨੂੰ ਅਸਿਸਟੈਂਟ ਕੋਚ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਦੋਵੇਂ ਕੋਚ ਰਾਸ਼ਟਰੀ ਚੈਂਪੀਅਨਸ਼ਿਪ ਦੌਰਾਨ ਟੀਮ ਦੀ ਅਗਵਾਈ ਕਰਨਗੇ।

ਸਾਲ 2018 ਵਿੱਚ ਸਥਾਪਿਤ ਯੂਨਾਈਟਿਡ ਫੀਲਡ ਹਾਕੀ ਕਲੱਬ ਕੈਲਗਰੀ ਨੇ ਥੋੜ੍ਹੇ ਸਮੇਂ ਵਿੱਚ ਹੀ ਅਲਬਰਟਾ ਵਿੱਚ ਫੀਲਡ ਹਾਕੀ ਦੇ ਵਿਕਾਸ ਲਈ ਵਿਸ਼ੇਸ਼ ਯੋਗਦਾਨ ਪਾਇਆ ਹੈ। ਕਲੱਬ ਨੇ ਸੈਂਕੜੇ ਨੌਜਵਾਨਾਂ ਨੂੰ ਉੱਚ ਪੱਧਰੀ ਕੋਚਿੰਗ ਮੁਹੱਈਆ ਕਰਵਾਉਂਦਿਆਂ ਸੂਬਾਈ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੱਕ ਪਹੁੰਚਣ ਦੇ ਮੌਕੇ ਪ੍ਰਦਾਨ ਕੀਤੇ ਹਨ।

ਕਲੱਬ ਦੇ ਅਧਿਕਾਰੀਆਂ ਨੇ ਕਿਹਾ ਕਿ ਸੱਤ ਖਿਡਾਰੀਆਂ ਦੀ ਟੀਮ ਅਲਬਰਟਾ ਵਿੱਚ ਚੋਣ ਅਤੇ ਮਨਦੀਪ ਝੱਲੀ ਦੀ ਹੈੱਡ ਕੋਚ ਵਜੋਂ ਨਿਯੁਕਤੀ, ਯੂਨਾਈਟਿਡ ਫੀਲਡ ਹਾਕੀ ਕਲੱਬ ਦੀ ਨਿਰੰਤਰ ਮਿਹਨਤ ਅਤੇ ਸਮਰਪਣ ਦਾ ਨਤੀਜਾ ਹੈ। ਪੂਰੇ ਯੂਨਾਈਟਿਡ ਪਰਿਵਾਰ ਨੇ ਚੁਣੇ ਗਏ ਸਾਰੇ ਖਿਡਾਰੀਆਂ ਅਤੇ ਕੋਚਿੰਗ ਸਟਾਫ਼ ਨੂੰ ਵਧਾਈ ਦਿੰਦਿਆਂ 2026_18 ਕੈਨੇਡਾ ਨੈਸ਼ਨਲ ਫੀਲਡ ਹਾਕੀ ਚੈਂਪੀਅਨਸ਼ਿਪ ਵਿੱਚ ਟੀਮ ਅਲਬਰਟਾ ਦੀ ਸ਼ਾਨਦਾਰ ਸਫ਼ਲਤਾ ਲਈ ਸ਼ੁਭਕਾਮਨਾਵਾਂ ਦਿੱਤੀਆਂ ਹਨ।

# ਇੰਡੋ ਕੈਨੇਡੀਅਨ ਯੂਥ ਕਲੱਬ ਐਬਸਫੋਰਡ ਦੇ ਪੰਜਾਬੀ ਮੇਲੇ 'ਚ ਹਰਿੰਦਰ ਸੰਧੂ ਤੇ ਕੌਰ ਬੀ ਨੇ ਬੰਨ੍ਹਿਆ ਰੰਗ–

## ਹਜ਼ਾਰਾਂ ਦਰਸ਼ਕਾਂ ਦੀ ਮੌਜੂਦਗੀ ਵਿੱਚ ਪੰਜਾਬੀ ਸੱਭਿਆਚਾਰ ਦੀ ਸ਼ਾਨਦਾਰ ਪੇਸ਼ਕਾਰੀ; ਪ੍ਰਮੁੱਖ ਸ਼ਖ਼ਸੀਅਤਾਂ ਦਾ ਵਿਸ਼ੇਸ਼ ਸਨਮਾਨ, ਗੁਰਮੋਹ ਦੀ ਸਹਾਇਤਾ ਲਈ ਦਾਨ ਦੀ ਕੀਤੀ ਅਪੀਲ









**ਐਬਸਫੋਰਡ, 21 ਜੁਲਾਈ —** ਇੰਡੋ ਕੈਨੇਡੀਅਨ ਯੂਥ ਕਲੱਬ ਐਬਸਫੋਰਡ ਵੱਲੋਂ 18 ਜੁਲਾਈ ਨੂੰ ਰੋਟਰੀ ਸਟੇਡੀਅਮ ਵਿਖੇ ਕਰਵਾਇਆ ਗਿਆ ਸਾਲਾਨਾ ਪੰਜਾਬੀ ਸੱਭਿਆਚਾਰਕ ਮੇਲਾ ਬੇਹੱਦ ਸ਼ਾਨੋ-ਸ਼ੌਕਤ ਅਤੇ ਉਤਸ਼ਾਹ ਨਾਲ ਸੰਪੰਨ ਹੋਇਆ। ਹਜ਼ਾਰਾਂ ਦੀ ਗਿਣਤੀ ਵਿੱਚ ਪਹੁੰਚੇ ਪਰਿਵਾਰਾਂ ਅਤੇ ਮੇਲਾ ਪ੍ਰੇਮੀਆਂ ਨੇ ਪੰਜਾਬੀ ਸੱਭਿਆਚਾਰ, ਸੰਗੀਤ ਅਤੇ ਭਾਈਚਾਰਕ ਏਕਤਾ ਦਾ ਭਰਪੂਰ ਆਨੰਦ ਮਾਣਿਆ।

ਮੇਲੇ ਦੀ ਮੁੱਖ ਖਿੱਚ ਪ੍ਰਸਿੱਧ ਗਾਇਕ ਹਰਿੰਦਰ ਸੰਧੂ ਅਤੇ ਕੌਰ ਬੀ ਰਹੇ, ਜਿਨ੍ਹਾਂ ਨੇ ਆਪਣੇ ਲੋਕਪ੍ਰਿਯ ਗੀਤਾਂ ਨਾਲ ਦਰਸ਼ਕਾਂ ਨੂੰ ਝੂਮਣ ਲਈ ਮਜਬੂਰ ਕਰ ਦਿੱਤਾ। ਖ਼ਾਸ ਕਰਕੇ ਕੌਰ ਬੀ ਦੀ ਪੇਸ਼ਕਾਰੀ ਦੌਰਾਨ ਦਰਸ਼ਕਾਂ ਦਾ ਉਤਸ਼ਾਹ ਦੇਖਣਯੋਗ ਸੀ। ਇਸ ਤੋਂ ਇਲਾਵਾ ਗੋਰਾ ਚੱਕਵਾਲਾ, ਜੌਹਨ ਬੇਦ, ਦੀਪਾ ਬਿਲਾਸਪੁਰੀ, ਹੈਰੀ ਸੰਧੂ, ਗੁਰਤੇਜ ਤੇਜਾ, ਏਕਨੂਰ ਧਾਲੀਵਾਲ ਅਤੇ ਸੁਰਿੰਦਰ ਮਾਨ-ਕਰਮਜੀਤ ਕੰਮੋ ਨੇ ਵੀ ਆਪਣੇ ਗੀਤਾਂ ਰਾਹੀਂ ਮੇਲੇ ਨੂੰ ਚਾਰ ਚੰਨ ਲਗਾਏ।


ਮੇਲੇ ਦੌਰਾਨ ਸਮਾਜਿਕ, ਰਾਜਨੀਤਿਕ ਅਤੇ ਮੀਡੀਆ ਖੇਤਰ ਦੀਆਂ ਕਈ ਪ੍ਰਮੁੱਖ ਸ਼ਖ਼ਸੀਅਤਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਸਨਮਾਨ ਪ੍ਰਾਪਤ ਕਰਨ ਵਾਲਿਆਂ ਵਿੱਚ ਸੰਸਦ ਮੈਂਬਰ ਅਤੇ ਸਟੇਟ ਮੰਤਰੀ ਰਣਦੀਪ ਸਿੰਘ ਸਰਾਏ, ਬੀ.ਸੀ. ਦੇ ਐਮ.ਐਲ.ਏ. ਮਨਦੀਪ ਸਿੰਘ ਧਾਲੀਵਾਲ, ਐਬਸਫੋਰਡ ਸਿਟੀ ਕੌਂਸਲਰ ਕੈਲੀ ਚਾਹਲ, ਉੱਘੇ ਗਾਇਕ ਉਪਿੰਦਰ ਮਠਾੜੂ, ਪੱਤਰਕਾਰ ਮਹੇਸ਼ਇੰਦਰ ਸਿੰਘ ਮਾਂਗਟ, ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੇ ਸਕੱਤਰ ਕਸ਼ਮੀਰ ਸਿੰਘ ਧਾਲੀਵਾਲ ਅਤੇ ਰੇਡੀਓ ਹੋਸਟ ਹਰਜੀਤ ਸਿੰਘ ਗਿੱਲ ਸ਼ਾਮਲ ਸਨ। ਇਸ ਮੌਕੇ ਕਲੱਬ ਵੱਲੋਂ ਸਪਾਂਸਰਾਂ ਅਤੇ ਭਾਈਚਾਰੇ ਦੀਆਂ ਹੋਰ ਸੇਵਾਮੁਖੀ ਸ਼ਖ਼ਸੀਅਤਾਂ ਨੂੰ ਵੀ ਸਨਮਾਨਿਤ ਕੀਤਾ ਗਿਆ।

ਕਲੱਬ ਦੇ ਪ੍ਰਧਾਨ ਜੋਧਾ ਚੱਕਰ ਨੇ ਕਿਹਾ ਕਿ ਮੇਲੇ ਦੀ ਸਫ਼ਲਤਾ ਸਮੁੱਚੀ ਟੀਮ, ਵਲੰਟੀਅਰਾਂ, ਸਪਾਂਸਰਾਂ ਅਤੇ ਭਾਈਚਾਰੇ ਦੇ ਸਹਿਯੋਗ ਦਾ ਨਤੀਜਾ ਹੈ। ਉਨ੍ਹਾਂ ਨੇ ਕਲੱਬ ਦੇ ਅਹੁਦੇਦਾਰਾਂ ਸੁੱਖਾ ਸ਼ੇਰਪੁਰ, ਹਰਵਿੰਦਰ ਸਿੰਘ ਤੂਰ, ਸਤਨਾਮ ਸਿੰਘ ਗਿੱਲ, ਨਿਰਵੈਰ ਪੱਡਾ, ਪੌਲ ਗਿੱਲ, ਬਲਜਿੰਦਰ ਬਰਾੜ, ਕੁਲਦੀਪ ਸੇਖੋਂ, ਜਸਕਰਨ ਧਾਲੀਵਾਲ, ਜਗਜੀਤ ਬਾਸੀ, ਜੀਤਾ ਢਿੱਲੋਂ, ਦੀਪ ਦਿਓਲ ਅਤੇ ਸਮੂਹ ਵਲੰਟੀਅਰਾਂ ਦਾ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਨਿਸ਼ਕਾਮ ਸੇਵਾ ਸਦਕਾ ਮੇਲਾ ਯਾਦਗਾਰੀ ਬਣਿਆ।

ਮੇਲੇ ਦੌਰਾਨ ਇੱਕ ਭਾਵੁਕ ਪਲ ਉਸ ਵੇਲੇ ਆਇਆ ਜਦੋਂ ਨਾਮੁਰਾਦ ਬੀਮਾਰੀ ਨਾਲ ਜੂਝ ਰਹੇ ਗੁਰਮੋਹ ਦੀ ਸਹਾਇਤਾ ਲਈ ਖੁੱਲ੍ਹੇ ਦਿਲ ਨਾਲ ਦਾਨ ਕਰਨ ਦੀ ਅਪੀਲ ਕੀਤੀ ਗਈ। ਭਾਈਚਾਰੇ ਵੱਲੋਂ ਮਿਲੇ ਭਰਵੇਂ ਸਹਿਯੋਗ ਲਈ ਪ੍ਰਬੰਧਕਾਂ ਨੇ ਸਮੂਹ ਦਾਨੀਆਂ ਦਾ ਵਿਸ਼ੇਸ਼ ਧੰਨਵਾਦ ਪ੍ਰਗਟ ਕੀਤਾ।

ਸਮੁੱਚੇ ਤੌਰ 'ਤੇ ਇੰਡੋ ਕੈਨੇਡੀਅਨ ਯੂਥ ਕਲੱਬ ਐਬਸਫੋਰਡ ਦਾ ਇਹ ਸਾਲਾਨਾ ਪੰਜਾਬੀ ਮੇਲਾ ਸੱਭਿਆਚਾਰ, ਭਾਈਚਾਰਕ ਸਾਂਝ ਅਤੇ ਸਮਾਜ ਸੇਵਾ ਦਾ ਸ਼ਾਨਦਾਰ ਪ੍ਰਤੀਕ ਬਣ ਕੇ ਉਭਰਿਆ।

# ਖ਼ੈਬਰ ਪਖਤੂਨਖਵਾ 'ਚ ਖ਼ੂਨੀ ਦਹਿਸ਼ਤੀ ਹਮਲਾ: ਪੁਲੀਸ ਚੌਕੀ ਨੂੰ ਬਾਰੂਦੀ ਗੱਡੀ ਨਾਲ ਉਡਾਇਆ, 15 ਸੁਰੱਖਿਆ ਕਰਮੀ ਮਾਰੇ ਗਏ



**ਪਾਕਿਸਤਾਨ:** ਪਾਕਿਸਤਾਨ ਦੇ ਉੱਤਰ-ਪੱਛਮੀ ਸੂਬੇ ਖ਼ੈਬਰ ਪਖਤੂਨਖਵਾ ਦੇ ਟਾਂਕ ਜ਼ਿਲ੍ਹੇ ਵਿੱਚ ਸਥਿਤ ਇੱਕ ਸਾਂਝੀ ਪੁਲੀਸ ਚੌਕੀ 'ਤੇ ਹੋਏ ਭਿਆਨਕ ਦਹਿਸ਼ਤੀ ਹਮਲੇ ਵਿੱਚ 12 ਫ਼ੌਜੀ ਜਵਾਨਾਂ ਸਮੇਤ ਕੁੱਲ 15 ਸੁਰੱਖਿਆ ਕਰਮੀਆਂ ਦੀ ਮੌਤ ਹੋ ਗਈ। ਹਮਲਾ ਉਸ ਵੇਲੇ ਹੋਇਆ ਜਦੋਂ ਦਹਿਸ਼ਤਗਰਦਾਂ ਨੇ ਪਹਿਲਾਂ ਚੌਕੀ ਦੀ ਸੁਰੱਖਿਆ ਵਿੱਚ ਸੰਨ੍ਹ ਲਗਾਉਣ ਦੀ ਕੋਸ਼ਿਸ਼ ਕੀਤੀ, ਪਰ ਸੁਰੱਖਿਆ ਬਲਾਂ ਵੱਲੋਂ ਤੁਰੰਤ ਜਵਾਬੀ ਕਾਰਵਾਈ ਕੀਤੀ ਗਈ।

ਪਾਕਿਸਤਾਨੀ ਫ਼ੌਜ ਦੇ ਮੀਡੀਆ ਵਿੰਗ ਆਈ.ਐੱਸ.ਪੀ.ਆਰ. (ਇਸ਼ਫ਼) ਮੁਤਾਬਕ, ਅਤਿਵਾਦੀ ਪਿੱਛੇ ਹਟਦੇ ਸਮੇਂ ਬਾਰੂਦ ਨਾਲ ਭਰੀ ਇੱਕ ਗੱਡੀ ਚੌਕੀ ਦੀ ਬਾਹਰੀ ਕੰਧ ਨਾਲ ਟਕਰਾ ਕੇ ਧਮਾਕਾ ਕਰ ਗਏ। ਇਸ ਭਿਆਨਕ ਧਮਾਕੇ ਨਾਲ ਚੌਕੀ ਦੀ ਇਮਾਰਤ ਨੂੰ ਭਾਰੀ ਨੁਕਸਾਨ ਪੁੱਜਿਆ ਅਤੇ 12 ਫ਼ੌਜੀ ਜਵਾਨ, ਦੋ ਪੁਲੀਸ ਅਧਿਕਾਰੀ ਅਤੇ ਜੰਗਲਾਤ ਵਿਭਾਗ ਦਾ ਇੱਕ ਸਾਬਕਾ ਕਰਮਚਾਰੀ ਮਾਰੇ ਗਏ।

ਹਮਲੇ ਤੋਂ ਤੁਰੰਤ ਬਾਅਦ ਸੁਰੱਖਿਆ ਬਲਾਂ ਨੇ ਇਲਾਕੇ ਨੂੰ ਘੇਰ ਕੇ ਭੱਜ ਰਹੇ ਦਹਿਸ਼ਤਗਰਦਾਂ ਦਾ ਪਿੱਛਾ ਕੀਤਾ। ਜਵਾਬੀ ਕਾਰਵਾਈ ਦੌਰਾਨ 12 ਅਤਿਵਾਦੀਆਂ ਨੂੰ ਮਾਰ ਮੁਕਾਇਆ ਗਿਆ, ਜਦਕਿ ਬਾਕੀ ਹਮਲਾਵਰਾਂ ਦੀ ਭਾਲ ਲਈ ਪੂਰੇ ਇਲਾਕੇ ਵਿੱਚ ਵਿਆਪਕ ਤਲਾਸ਼ੀ ਮੁਹਿੰਮ ਜਾਰੀ ਹੈ।

ਫ਼ੌਜ ਨੇ ਇਸ ਹਮਲੇ ਲਈ 'ਫਿਤਨਾ-ਅਲ-ਖਵਾਰਿਜੀ' ਨੂੰ ਜ਼ਿੰਮੇਵਾਰ ਠਹਿਰਾਇਆ ਹੈ, ਜੋ ਪਾਕਿਸਤਾਨ ਵਿੱਚ ਪਾਬੰਦੀਸ਼ੁਦਾ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ (ਟੀਟੀਪੀ) ਲਈ ਵਰਤਿਆ ਜਾਣ ਵਾਲਾ ਨਾਮ ਹੈ। ਸੁਰੱਖਿਆ ਏਜੰਸੀਆਂ ਦਾ ਕਹਿਣਾ ਹੈ ਕਿ ਇਸ ਸੰਗਠਨ ਵੱਲੋਂ ਖ਼ੈਬਰ ਪਖਤੂਨਖਵਾ ਵਿੱਚ ਲਗਾਤਾਰ ਸੁਰੱਖਿਆ ਬਲਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਇਸ ਦਰਮਿਆਨ, ਸੈਂਟਰ ਫਾਰ ਰਿਸਰਚ ਐਂਡ ਸਿਕਿਓਰਿਟੀ ਸਟੱਡੀਜ਼ ਦੀ 2025 ਦੀ ਸਾਲਾਨਾ ਰਿਪੋਰਟ ਨੇ ਵੀ ਖ਼ੈਬਰ ਪਖਤੂਨਖਵਾ ਵਿੱਚ ਵਧ ਰਹੀ ਹਿੰਸਾ 'ਤੇ ਗੰਭੀਰ ਚਿੰਤਾ ਜਤਾਈ ਹੈ। ਰਿਪੋਰਟ ਅਨੁਸਾਰ ਸੂਬੇ ਵਿੱਚ ਹਿੰਸਕ ਘਟਨਾਵਾਂ ਕਾਰਨ ਮਰਨ ਵਾਲਿਆਂ ਦੀ ਗਿਣਤੀ 2024 ਦੇ 1,620 ਤੋਂ ਵੱਧ ਕੇ 2025 ਵਿੱਚ 2,331 ਤੱਕ ਪਹੁੰਚ ਗਈ, ਜੋ ਖੇਤਰ ਵਿੱਚ ਬਿਗੜਦੀ ਸੁਰੱਖਿਆ ਸਥਿਤੀ ਨੂੰ ਦਰਸਾਉਂਦੀ ਹੈ।




# ਸਰੀ ਦੇ 'ਅਪਣਾ ਮੇਲਾ' ਵਿੱਚ ਪੰਜਾਬੀ ਵਿਰਾਸਤ ਦੀ ਛਾਪ, ਤਿੰਨ ਵਿਧਾਇਕਾਂ ਜੈਸੀ ਸੁਨਰ, ਗੈਰੀ ਬੈਗ ਤੇ ਆਮਨਾ ਸ਼ਾਹ ਨੇ ਕੀਤੀ ਸ਼ਿਰਕਤ -

## ਪੰਜਾਬੀ ਸੱਭਿਆਚਾਰ, ਪਰੰਪਰਾਵਾਂ ਅਤੇ ਪੀੜ੍ਹੀਆਂ ਨੂੰ ਜੋੜਨ ਦਾ ਬਣਿਆ ਸ਼ਾਨਦਾਰ ਮੰਚ








**ਸਰੀ (ਬੀ.ਸੀ.),** ਸਰੀ ਦੇ ਨਿਊਟਨ ਇਲਾਕੇ ਵਿੱਚ ਸਥਿਤ ਸਟਰਾਬੈਰੀ ਹਿੱਲ ਐਲੀਮੈਂਟਰੀ ਪਾਰਕ ਵਿਖੇ 18 ਜੁਲਾਈ ਨੂੰ ਕਰਵਾਏ ਗਏ 'ਅਪਣਾ ਮੇਲਾ' ਦੌਰਾਨ ਪੰਜਾਬੀ ਵਿਰਾਸਤ, ਸੱਭਿਆਚਾਰ ਅਤੇ ਭਾਈਚਾਰਕ ਏਕਤਾ ਦੀ ਵਿਲੱਖਣ ਝਲਕ ਦੇਖਣ ਨੂੰ ਮਿਲੀ। ਇਸ ਮੌਕੇ ਸਰੀ ਸਿਟੀ ਸੈਂਟਰ ਤੋਂ ਵਿਧਾਇਕ ਅਮਨਾ ਸ਼ਾਹ, ਸਰੀ ਗਿਲਡਫੋਰਡ ਤੋਂ ਵਿਧਾਇਕ ਗੈਰੀ ਬੈਗ ਅਤੇ ਸਰੀ ਨਿਊਟਨ ਤੋਂ ਵਿਧਾਇਕ ਜੈਸੀ ਸੁਨਰ ਨੇ ਸੈਂਕੜਿਆਂ ਪਰਿਵਾਰਾਂ ਅਤੇ ਸਥਾਨਕ ਵਸਨੀਕਾਂ ਨਾਲ ਮੇਲੇ ਵਿੱਚ ਸ਼ਿਰਕਤ ਕਰਦਿਆਂ ਪੰਜਾਬੀ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਵਾਲੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ।

ਘੲਨਛੋਨਨੲਚਟ ਵੱਲੋਂ ਾਨਦਿੳਨ ਸ਼ੁਮਮੲਰ ਢੲਸਟਿਵੳਲ ਦੇ ਸੱਭਿਆਚਾਰਕ ਸਹਿਯੋਗ ਨਾਲ ਕਰਵਾਏ ਗਏ ਇਸ ਮੇਲੇ ਦਾ ਉਦੇਸ਼ ਪੰਜਾਬੀ ਵਿਰਾਸਤ ਅਤੇ ਪਰੰਪਰਾਵਾਂ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਦੇ ਨਾਲ-ਨਾਲ ਨੌਜਵਾਨਾਂ ਅਤੇ ਬਜ਼ੁਰਗਾਂ ਵਿਚਕਾਰ ਆਪਸੀ ਸਾਂਝ ਅਤੇ ਸਿੱਖਣ ਦੇ ਮੌਕੇ ਪੈਦਾ ਕਰਨਾ ਸੀ।

ਸਰੀ ਨਿਊਟਨ ਦੀ ਵਿਧਾਇਕ ਜੈਸੀ ਸੁਨਰ ਨੇ ਸਮਾਗਮ ਵਿੱਚ ਸ਼ਾਮਲ ਲੋਕਾਂ ਦਾ ਸਵਾਗਤ ਕਰਦਿਆਂ ਕਿਹਾ ਕਿ 'ਅਪਣਾ ਮੇਲਾ' ਪੰਜਾਬੀ ਸੱਭਿਆਚਾਰ ਅਤੇ ਉਨ੍ਹਾਂ ਪਰਿਵਾਰਾਂ ਨੂੰ ਸਮਰਪਿਤ ਇੱਕ ਖੂਬਸੂਰਤ ਜਸ਼ਨ ਹੈ ਜਿਨ੍ਹਾਂ ਨੇ ਸਰੀ ਨੂੰ ਅੱਜ ਦਾ ਬਹੁ-ਸੱਭਿਆਚਾਰਕ ਅਤੇ ਸੁਹਿਰਦ ਸ਼ਹਿਰ ਬਣਾਉਣ ਵਿੱਚ ਅਹਿਮ ਯੋਗਦਾਨ ਪਾਇਆ ਹੈ। ਉਨ੍ਹਾਂ ਕਿਹਾ ਕਿ ਇੱਕ ਪੰਜਾਬੀ ਮਹਿਲਾ ਹੋਣ ਦੇ ਨਾਤੇ, ਜੋ ਸਰੀ ਵਿੱਚ ਹੀ ਪਲੀ-ਬੜੀ ਹੈ, ਉਨ੍ਹਾਂ ਲਈ ਇਹ ਮਾਣ ਦੀ ਗੱਲ ਹੈ ਕਿ ਬੱਚੇ, ਮਾਪੇ, ਦਾਦਾ-ਦਾਦੀ ਅਤੇ ਪੂਰਾ ਭਾਈਚਾਰਾ ਇਕੱਠੇ ਹੋ ਕੇ ਆਪਣੀਆਂ ਰਵਾਇਤਾਂ ਅਤੇ ਤਜ਼ਰਬੇ ਸਾਂਝੇ ਕਰ ਰਹੇ ਹਨ। ਅਜਿਹੇ ਸਮਾਗਮ ਪੰਜਾਬੀ ਸੱਭਿਆਚਾਰ ਨੂੰ ਆਉਣ ਵਾਲੀਆਂ ਪੀੜ੍ਹੀਆਂ ਤੱਕ ਜੀਵੰਤ ਰੱਖਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।

ਮੇਲੇ ਦੌਰਾਨ ਵਿਧਾਇਕਾਂ ਨੇ ਪ੍ਰਬੰਧਕਾਂ, ਵਲੰਟੀਅਰਾਂ, ਕਲਾਕਾਰਾਂ ਅਤੇ ਸਥਾਨਕ ਲੋਕਾਂ ਨਾਲ ਮੁਲਾਕਾਤ ਕੀਤੀ ਅਤੇ ਪੰਜਾਬੀ ਵਿਰਾਸਤ ਨਾਲ ਜੁੜੀਆਂ ਵੱਖ-ਵੱਖ ਗਤੀਵਿਧੀਆਂ ਦਾ ਆਨੰਦ ਮਾਣਿਆ। ਬੱਚਿਆਂ ਨੇ ਭੰਗੜੇ ਦੀਆਂ ਮਨਮੋਹਕ ਪੇਸ਼ਕਾਰੀਆਂ ਨਾਲ ਦਰਸ਼ਕਾਂ ਦਾ ਮਨ ਮੋਹ ਲਿਆ, ਜਦਕਿ ਹਰ ਉਮਰ ਦੇ ਲੋਕਾਂ ਨੇ ਰਵਾਇਤੀ ਮੱਖਣ ਰਿੜਕਣ, ਪੀੜ੍ਹੀ ਬੁਣਨ ਦੀ ਕਲਾ, ਸੱਭਿਆਚਾਰਕ ਸਟਾਲਾਂ, ਪੰਜਾਬੀ ਪਕਵਾਨਾਂ, ਲੋਕ ਸੰਗੀਤ ਅਤੇ ਮਨੋਰੰਜਕ ਖੇਡਾਂ ਵਿੱਚ ਉਤਸ਼ਾਹ ਨਾਲ ਭਾਗ ਲਿਆ।

ਜ਼ਿਕਰਯੋਗ ਹੈ ਕਿ ਘੲਨਛੋਨਨੲਚਟ ਸਰੀ ਵਿੱਚ ਸਥਾਪਿਤ ਇੱਕ ਗੈਰ-ਮੁਨਾਫ਼ਾ ਸੰਸਥਾ ਹੈ, ਜੋ ਪੰਜਾਬੀ ਨੌਜਵਾਨਾਂ ਅਤੇ ਬਜ਼ੁਰਗਾਂ ਵਿਚਕਾਰ ਪੀੜ੍ਹੀਗਤ ਸਾਂਝ ਨੂੰ ਮਜ਼ਬੂਤ ਕਰਨ ਲਈ ਕੰਮ ਕਰ ਰਹੀ ਹੈ। ਸੰਸਥਾ ਵੱਖ-ਵੱਖ ਪ੍ਰੋਗਰਾਮਾਂ ਰਾਹੀਂ ਪੰਜਾਬੀ ਸੱਭਿਆਚਾਰ, ਪਰੰਪਰਾਵਾਂ ਅਤੇ ਵਿਰਾਸਤੀ ਗਿਆਨ ਨੂੰ ਸੰਭਾਲਣ ਅਤੇ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਲਈ ਯਤਨਸ਼ੀਲ ਹੈ।

'ਅਪਣਾ ਮੇਲਾ' ਨੇ ਇੱਕ ਵਾਰ ਫਿਰ ਸਾਬਤ ਕੀਤਾ ਕਿ ਸਰੀ ਦਾ ਪੰਜਾਬੀ ਭਾਈਚਾਰਾ ਆਪਣੀ ਅਮੀਰ ਸੱਭਿਆਚਾਰਕ ਵਿਰਾਸਤ, ਪਰਿਵਾਰਕ ਕਦਰਾਂ-ਕੀਮਤਾਂ ਅਤੇ ਭਾਈਚਾਰਕ ਏਕਤਾ ਨੂੰ ਸੰਭਾਲਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਹ ਮੇਲਾ ਨਾ ਸਿਰਫ਼ ਪੰਜਾਬੀ ਸੱਭਿਆਚਾਰ ਦਾ ਜਸ਼ਨ ਬਣਿਆ, ਸਗੋਂ ਸਮਾਜਿਕ ਏਕਤਾ ਅਤੇ ਆਪਸੀ ਸਾਂਝ ਨੂੰ ਹੋਰ ਮਜ਼ਬੂਤ ਕਰਨ ਦਾ ਵੀ ਇੱਕ ਸਫਲ ਮੰਚ ਸਾਬਤ ਹੋਇਆ।

# ਸਰੀ ਦੇ ਫੀਫਾ ਵਿਸ਼ਵ ਕੱਪ ਫੈਨ ਜ਼ੋਨਾਂ ਵਿੱਚ 1 ਲੱਖ 75 ਹਜ਼ਾਰ ਤੋਂ ਵੱਧ ਲੋਕਾਂ ਦੀ ਸ਼ਮੂਲੀਅਤ

## ਛੇ ਹਫ਼ਤਿਆਂ ਤੱਕ ਚੱਲੇ ਜਸ਼ਨਾਂ ਨੇ ਰਚਿਆ ਇਤਿਹਾਸ, 100 ਤੋਂ ਵੱਧ ਮੈਚਾਂ ਦਾ ਹੋਇਆ ਸਿੱਧਾ ਪ੍ਰਸਾਰਣ

**ਸਰੀ (ਬੀ.ਸੀ.) –** ਸਿਟੀ ਆਫ਼ ਸਰੀ ਵੱਲੋਂ ਫੀਫਾ ਵਿਸ਼ਵ ਕੱਪ 2026 ਮੌਕੇ ਆਯੋਜਿਤ ਕੀਤੇ ਗਏ ਸੌਕਰ ਫੈਨ ਜ਼ੋਨਾਂ ਨੇ ਲੋਕਾਂ ਦੇ ਉਤਸ਼ਾਹ ਦੇ ਨਵੇਂ ਰਿਕਾਰਡ ਕਾਇਮ ਕੀਤੇ ਹਨ। ਛੇ ਹਫ਼ਤਿਆਂ ਤੱਕ ਸਰੀ ਦੇ ਚਾਰ ਵੱਖ-ਵੱਖ ਸਥਾਨਾਂ 'ਤੇ ਚੱਲੇ ਇਨ੍ਹਾਂ ਮੁਫ਼ਤ ਸਮਾਗਮਾਂ ਵਿੱਚ 1 ਲੱਖ 75 ਹਜ਼ਾਰ ਤੋਂ ਵੱਧ ਪ੍ਰਸ਼ੰਸਕਾਂ ਨੇ ਸ਼ਮੂਲੀਅਤ ਕਰਕੇ ਸਿਟੀ ਦੇ ਇਤਿਹਾਸ ਦਾ ਸਭ ਤੋਂ ਵੱਡਾ ਜਨਤਕ ਜਸ਼ਨ ਬਣਾਇਆ।

ਫੈਨ ਜ਼ੋਨਾਂ ਦੀ ਸ਼ੁਰੂਆਤ 12 ਜੂਨ ਨੂੰ ਸਰੀ ਸਿਵਿਕ ਪਲਾਜ਼ਾ ਤੋਂ ਕੈਨੇਡਾ ਦੇ ਪਹਿਲੇ ਵਿਸ਼ਵ ਕੱਪ ਮੈਚ ਦੇ ਪ੍ਰਸਾਰਣ ਨਾਲ ਹੋਈ। ਇਸ ਉਪਰੰਤ ਕਲੋਵਰਡੇਲ ਐਗਰੀਪਲੈਕਸ, ਸਾਊਥ ਸਰੀ ਐਥਲੈਟਿਕ ਪਾਰਕ ਅਤੇ ਹਾਲੈਂਡ ਪਾਰਕ ਵਿੱਚ ਵੀ ਵੱਡੀ ਗਿਣਤੀ ਵਿੱਚ ਲੋਕ ਇਕੱਠੇ ਹੋਏ। ਇਨ੍ਹਾਂ ਫੈਨ ਜ਼ੋਨਾਂ ਵਿੱਚ ਵਿਸ਼ਵ ਕੱਪ ਦੇ 100 ਤੋਂ ਵੱਧ ਮੈਚਾਂ ਦਾ ਵੱਡੀਆਂ ਸਕ੍ਰੀਨਾਂ 'ਤੇ ਸਿੱਧਾ ਪ੍ਰਸਾਰਣ ਕੀਤਾ ਗਿਆ।




ਖੇਡ ਮੁਕਾਬਲਿਆਂ ਤੋਂ ਇਲਾਵਾ ਲਾਈਵ ਸੱਭਿਆਚਾਰਕ ਪੇਸ਼ਕਾਰੀਆਂ, ਪਰਿਵਾਰਾਂ ਲਈ ਮਨੋਰੰਜਕ ਗਤੀਵਿਧੀਆਂ, ਕਮਿਊਨਿਟੀ ਪ੍ਰਦਰਸ਼ਨੀਆਂ ਅਤੇ ਫੂਡ ਟਰੱਕ ਵੀ ਲੋਕਾਂ ਲਈ ਖ਼ਾਸ ਆਕਰਸ਼ਣ ਦਾ ਕੇਂਦਰ ਰਹੇ।

ਸਰੀ ਦੀ ਮੇਅਰ ਬਰੈਂਡਾ ਲੌਕ ਨੇ ਕਿਹਾ ਕਿ ਫੀਫਾ ਵਿਸ਼ਵ ਕੱਪ ਵਰਗਾ ਇਤਿਹਾਸਕ ਸਮਾਗਮ ਇੱਕ ਪੀੜ੍ਹੀ ਵਿੱਚ ਕਦੇ-ਕਦਾਈਂ ਹੀ ਦੇਖਣ ਨੂੰ ਮਿਲਦਾ ਹੈ। ਉਨ੍ਹਾਂ ਕਿਹਾ ਕਿ ਸਿਟੀ ਦਾ ਉਦੇਸ਼ ਸੀ ਕਿ ਹਰ ਵਸਨੀਕ ਬਿਨਾਂ ਟਿਕਟ ਦੇ ਵੀ ਇਸ ਵਿਸ਼ਵ ਪੱਧਰੀ ਜਸ਼ਨ ਦਾ ਹਿੱਸਾ ਬਣ ਸਕੇ। ਉਨ੍ਹਾਂ ਸਮਾਗਮ ਨੂੰ ਸਫ਼ਲ ਬਣਾਉਣ ਲਈ ਹਾਜ਼ਰੀ ਭਰਨ ਵਾਲੇ ਲੋਕਾਂ, ਸੇਵਾਦਾਰਾਂ, ਕਮਿਊਨਿਟੀ ਭਾਈਵਾਲਾਂ ਅਤੇ ਬੀ.ਸੀ. ਸਰਕਾਰ ਦਾ ਧੰਨਵਾਦ ਕੀਤਾ।

ਸਿਟੀ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਟੂਰਨਾਮੈਂਟ ਦੌਰਾਨ 75 ਤੋਂ ਵੱਧ ਸਥਾਨਕ ਕਲਾਕਾਰਾਂ ਨੇ ਆਪਣੀਆਂ ਪੇਸ਼ਕਾਰੀਆਂ ਦਿੱਤੀਆਂ, 50 ਤੋਂ ਵੱਧ ਕਮਿਊਨਿਟੀ ਸੰਸਥਾਵਾਂ ਨੇ ਭਾਗ ਲਿਆ ਅਤੇ 250 ਤੋਂ ਵੱਧ ਸੇਵਾਦਾਰਾਂ ਨੇ ਵੱਖ-ਵੱਖ ਜ਼ਿੰਮੇਵਾਰੀਆਂ ਨਿਭਾ ਕੇ ਇਨ੍ਹਾਂ ਸਮਾਗਮਾਂ ਨੂੰ ਸਫ਼ਲ ਬਣਾਉਣ ਵਿੱਚ ਅਹਿਮ ਯੋਗਦਾਨ ਪਾਇਆ।

ਸਿਟੀ ਆਫ਼ ਸਰੀ ਦਾ ਕਹਿਣਾ ਹੈ ਕਿ ਫੀਫਾ ਵਿਸ਼ਵ ਕੱਪ 2026 ਫੈਨ ਜ਼ੋਨਾਂ ਨੇ ਨਾ ਸਿਰਫ਼ ਖੇਡ ਪ੍ਰੇਮੀਆਂ ਨੂੰ ਇੱਕ ਮੰਚ 'ਤੇ ਇਕੱਠਾ ਕੀਤਾ, ਸਗੋਂ ਸਰੀ ਦੀ ਸੱਭਿਆਚਾਰਕ ਵਿਭਿੰਨਤਾ, ਕਮਿਊਨਿਟੀ ਏਕਤਾ ਅਤੇ ਮੇਜ਼ਬਾਨੀ ਦੀ ਵਿਲੱਖਣ ਪਛਾਣ ਨੂੰ ਵੀ ਵਿਸ਼ਵ ਪੱਧਰ 'ਤੇ ਉਭਾਰਿਆ।

# ਸਰੀ ਫਿਊਜ਼ਨ ਫ਼ੈਸਟੀਵਲ 'ਚ ਉਮੜਿਆ ਲੋਕਾਂ ਦਾ ਸੈਲਾਬ

## 80 ਹਜ਼ਾਰ ਤੋਂ ਵੱਧ ਲੋਕਾਂ ਨੇ ਮਾਣਿਆ ਬਹੁ-ਸੱਭਿਆਚਾਰਕ ਰੰਗ, ਕੁਲਵਿੰਦਰ ਬਿੱਲਾ ਤੇ 54•40 ਦੀਆਂ ਪੇਸ਼ਕਾਰੀਆਂ ਨੇ ਬੰਨ੍ਹਿਆ ਸਮਾਂ








**ਸਰੀ (ਬੀ.ਸੀ.) –** ਪੱਛਮੀ ਕੈਨੇਡਾ ਦੇ ਸਭ ਤੋਂ ਵੱਡੇ ਮੁਫ਼ਤ ਬਹੁ-ਸੱਭਿਆਚਾਰਕ ਸਮਾਗਮ ਸਰੀ ਫਿਊਜ਼ਨ ਫ਼ੈਸਟੀਵਲ ਦੇ 19ਵੇਂ ਐਡੀਸ਼ਨ ਨੇ ਇੱਕ ਵਾਰ ਫਿਰ ਆਪਣੀ ਵਿਲੱਖਣ ਛਾਪ ਛੱਡੀ। ਕੋਸਟ ਕੈਪੀਟਲ ਦੀ ਪੇਸ਼ਕਸ਼ ਹੇਠ ਹਾਲੈਂਡ ਪਾਰਕ ਵਿੱਚ ਆਯੋਜਿਤ ਇਸ ਦੋ-ਰੋਜ਼ਾ ਮੇਲੇ ਦੌਰਾਨ 80 ਹਜ਼ਾਰ ਤੋਂ ਵੱਧ ਲੋਕਾਂ ਨੇ ਸ਼ਿਰਕਤ ਕਰਕੇ ਵਿਸ਼ਵ ਦੇ ਵੱਖ-ਵੱਖ ਸੱਭਿਆਚਾਰਾਂ, ਸੁਆਦਾਂ ਅਤੇ ਸੰਗੀਤ ਦਾ ਆਨੰਦ ਮਾਣਿਆ।

ਇਸ ਸਾਲ ਮੇਲੇ ਦੀ ਥੀਮ "ਇੱਕ ਸੰਸਾਰ, ਇੱਕ ਖੇਡ" ਰੱਖੀ ਗਈ, ਜਿਸ ਰਾਹੀਂ ਫੁੱਟਬਾਲ ਦੀ ਉਸ ਵਿਸ਼ਵਵਿਆਪੀ ਤਾਕਤ ਨੂੰ ਉਜਾਗਰ ਕੀਤਾ ਗਿਆ ਜੋ ਭਾਸ਼ਾ, ਸੱਭਿਆਚਾਰ ਅਤੇ ਸਰਹੱਦਾਂ ਤੋਂ ਉੱਪਰ ਉੱਠ ਕੇ ਲੋਕਾਂ ਨੂੰ ਇੱਕ ਮੰਚ 'ਤੇ ਜੋੜਦੀ ਹੈ।

ਮੇਲੇ ਵਿੱਚ 50 ਤੋਂ ਵੱਧ ਸੱਭਿਆਚਾਰਕ ਪੈਵਿਲੀਅਨਾਂ ਨੇ ਹਿੱਸਾ ਲਿਆ, ਜਿੱਥੇ ਵੱਖ-ਵੱਖ ਦੇਸ਼ਾਂ ਦੇ ਰਵਾਇਤੀ ਭੋਜਨ, ਲੋਕ ਕਲਾਵਾਂ, ਸੱਭਿਆਚਾਰਕ ਪਹਿਰਾਵਿਆਂ ਅਤੇ ਵਿਰਾਸਤ ਦੀਆਂ ਮਨਮੋਹਕ ਝਲਕੀਆਂ ਪੇਸ਼ ਕੀਤੀਆਂ ਗਈਆਂ। ਸਾਰਾ ਹਾਲੈਂਡ ਪਾਰਕ ਵਿਸ਼ਵ ਸੱਭਿਆਚਾਰਾਂ ਦੇ ਰੰਗਾਂ ਨਾਲ ਸਰਾਬੋਰ ਨਜ਼ਰ ਆਇਆ।


ਸਰੀ ਦੀ ਮੇਅਰ ਬਰੈਂਡਾ ਲੌਕ ਨੇ ਕਿਹਾ ਕਿ ਇਸ ਸਾਲ ਦੀ ਥੀਮ ਨੇ ਸਰੀ ਦੀ ਅਸਲ ਪਹਿਚਾਣ ਨੂੰ ਦਰਸਾਇਆ ਹੈ, ਜਿੱਥੇ ਵਿਭਿੰਨਤਾ ਨੂੰ ਸਨਮਾਨ ਮਿਲਦਾ ਹੈ ਅਤੇ ਭਾਈਚਾਰਕ ਸਾਂਝ ਨੂੰ ਹੋਰ ਮਜ਼ਬੂਤ ਕੀਤਾ ਜਾਂਦਾ ਹੈ। ਉਨ੍ਹਾਂ ਨੇ ਕੋਸਟ ਕੈਪੀਟਲ, ਸਿਟੀ ਸਟਾਫ, ਸੈਂਕੜੇ ਵਲੰਟੀਅਰਾਂ, ਸੱਭਿਆਚਾਰਕ ਸੰਸਥਾਵਾਂ ਅਤੇ ਕਲਾਕਾਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਯੋਗਦਾਨ ਨਾਲ ਹੀ ਇਹ ਸਮਾਗਮ ਇੰਨਾ ਸਫਲ ਬਣਿਆ ਹੈ।

ਮਨੋਰੰਜਨ ਦੇ ਪੱਖੋਂ ਵੀ ਮੇਲਾ ਪੂਰੀ ਤਰ੍ਹਾਂ ਕਾਮਯਾਬ ਰਿਹਾ। ਕੈਨੇਡਾ ਦੇ ਮਸ਼ਹੂਰ ਰੌਕ ਬੈਂਡ 54•40 ਅਤੇ ਪੰਜਾਬੀ ਗਾਇਕ ਕੁਲਵਿੰਦਰ ਬਿੱਲਾ ਦੀਆਂ ਸ਼ਾਨਦਾਰ ਪੇਸ਼ਕਾਰੀਆਂ ਨੇ ਹਜ਼ਾਰਾਂ ਦਰਸ਼ਕਾਂ ਨੂੰ ਝੂਮਣ ਲਈ ਮਜਬੂਰ ਕਰ ਦਿੱਤਾ। ਇਸ ਤੋਂ ਇਲਾਵਾ ਸਥਾਨਕ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਕਲਾਕਾਰਾਂ ਨੇ ਵੀ ਸੰਗੀਤ ਅਤੇ ਨਾਚ ਰਾਹੀਂ ਵਿਭਿੰਨ ਸੱਭਿਆਚਾਰਾਂ ਦੀ ਖੂਬਸੂਰਤੀ ਨੂੰ ਮੰਚ 'ਤੇ ਪੇਸ਼ ਕੀਤਾ।

ਆਪਣੇ 19ਵੇਂ ਸਾਲ ਵਿੱਚ ਦਾਖ਼ਲ ਹੋ ਚੁੱਕਾ ਸਰੀ ਫਿਊਜ਼ਨ ਫ਼ੈਸਟੀਵਲ ਹੁਣ ਪੱਛਮੀ ਕੈਨੇਡਾ ਦਾ ਸਭ ਤੋਂ ਵੱਡਾ ਅਤੇ ਸਭ ਤੋਂ ਵੱਧ ਲੋਕਪ੍ਰਿਯ ਮੁਫ਼ਤ ਬਹੁ-ਸੱਭਿਆਚਾਰਕ ਸਮਾਗਮ ਬਣ ਚੁੱਕਾ ਹੈ। ਇਸ ਸਾਲ ਮਈ ਮਹੀਨੇ ਵਿੱਚ ਇਸ ਨੂੰ ਕੈਨੇਡੀਅਨ ਸਪੈਸ਼ਲ ਈਵੈਂਟ ਐਵਾਰਡਜ਼ ਵੱਲੋਂ "ਬੈਸਟ ਈਵੈਂਟ ਫਾਰ ਏ ਸਿਟੀ ਔਰ ਮਿਊਂਸਪੈਲਿਟੀ" ਦਾ ਸਨਮਾਨ ਵੀ ਪ੍ਰਾਪਤ ਹੋਇਆ।

ਸਿਟੀ ਆਫ਼ ਸਰੀ ਨੇ ਹਾਜ਼ਰੀਨ ਨੂੰ ਅਪੀਲ ਕੀਤੀ ਹੈ ਕਿ ਉਹ ਸ਼ੁਰਰੲੇ ਢੁਸਿੋਨ ਢੲਸਟਿਵੳਲ ਦੀ ਵੈੱਬਸਾਈਟ 'ਤੇ ਉਪਲਬਧ ਆਨਲਾਈਨ ਸਰਵੇਖਣ ਵਿੱਚ ਹਿੱਸਾ ਲੈ ਕੇ ਆਪਣਾ ਫੀਡਬੈਕ ਦੇਣ। ਸਰਵੇਖਣ ਪੂਰਾ ਕਰਨ ਵਾਲਿਆਂ ਨੂੰ ਗਿਲਡਫੋਰਡ ਟਾਊਨ ਸੈਂਟਰ ਦਾ 200 ਡਾਲਰ ਦਾ ਗਿਫ਼ਟ ਕਾਰਡ ਜਿੱਤਣ ਦਾ ਮੌਕਾ ਵੀ ਮਿਲੇਗਾ।

ਸਿਟੀ ਆਫ਼ ਸਰੀ ਨੇ ਇਸ ਸਮਾਗਮ ਲਈ ਵਿੱਤੀ ਸਹਿਯੋਗ ਦੇਣ 'ਤੇ ਬ੍ਰਿਟਿਸ਼ ਕੋਲੰਬੀਆ ਸਰਕਾਰ ਦਾ ਵੀ ਦਿਲੋਂ ਧੰਨਵਾਦ ਪ੍ਰਗਟ ਕੀਤਾ।







# ਇੰਡੋ-ਕਨੇਡੀਅਨ ਵਿਸ਼ਾਲ ਪੰਜਾਬੀ ਮੇਲੇ ਦੀ ਇਤਿਹਾਸਕ ਸਫਲਤਾ ਲਈ ਸਮੂਹ ਭਾਈਚਾਰੇ ਦਾ ਦਿਲੋਂ ਧੰਨਵਾਦ: ਚੱਕਰ, ਸ਼ੇਰਪੁਰ, ਤੂਰ



**ਐਬਟਸਫੋਰਡ (ਮਹੇਸ਼ਇੰਦਰ ਸਿੰਘ ਮਾਂਗਟ) –** ਇੰਡੋ-ਕੈਨੇਡੀਅਨ ਯੂਥ ਕਲੱਬ ਐਬਟਸਫੋਰਡ ਵੱਲੋਂ ਰੋਟਰੀ ਸਟੇਡੀਅਮ ਵਿਖੇ ਕਰਵਾਇਆ ਗਿਆ ਵਿਸ਼ਾਲ ਪੰਜਾਬੀ ਸੱਭਿਆਚਾਰਕ ਮੇਲਾ ਭਾਰੀ ਲੋਕ ਸ਼ਮੂਲੀਅਤ ਅਤੇ ਸ਼ਾਨਦਾਰ ਪ੍ਰਬੰਧਾਂ ਕਾਰਨ ਬੇਹੱਦ ਸਫਲ ਰਿਹਾ। ਮੇਲੇ ਦੌਰਾਨ ਹਜ਼ਾਰਾਂ ਦੀ ਗਿਣਤੀ ਵਿੱਚ ਪਹੁੰਚੇ ਦਰਸ਼ਕਾਂ ਨੇ ਪੰਜਾਬੀ ਸੱਭਿਆਚਾਰ, ਸੰਗੀਤ ਅਤੇ ਵਿਰਸੇ ਦਾ ਭਰਪੂਰ ਆਨੰਦ ਮਾਣਿਆ, ਜਦਕਿ ਨਾਮਵਰ ਗਾਇਕਾ ਕੌਰ ਬੀ ਸਮੇਤ ਸਾਰੇ ਕਲਾਕਾਰਾਂ ਦੀਆਂ ਪੇਸ਼ਕਾਰੀਆਂ ਨੇ ਸਮਾਗਮ ਨੂੰ ਯਾਦਗਾਰ ਬਣਾ ਦਿੱਤਾ।

ਮੇਲੇ ਦੇ ਮੁੱਖ ਪ੍ਰਬੰਧਕ ਜੋਧਾ ਚੱਕਰ, ਸੁੱਖਾ ਸ਼ੇਰਪੁਰ ਅਤੇ ਹਰਵਿੰਦਰ ਤੂਰ ਨੇ ਸਮੂਹ ਪੰਜਾਬੀ ਭਾਈਚਾਰੇ, ਸਪਾਂਸਰਾਂ, ਵਲੰਟੀਅਰਾਂ, ਮੀਡੀਆ ਸਾਥੀਆਂ ਅਤੇ ਦੂਰ-ਦੂਰ ਤੋਂ ਪਰਿਵਾਰਾਂ ਸਮੇਤ ਪਹੁੰਚੇ ਹਜ਼ਾਰਾਂ ਦਰਸ਼ਕਾਂ ਦਾ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਭਾਈਚਾਰੇ ਦੇ ਭਰਵੇਂ ਸਹਿਯੋਗ ਅਤੇ ਪਿਆਰ ਨੇ ਇਸ ਮੇਲੇ ਨੂੰ ਇਤਿਹਾਸਕ ਸਫਲਤਾ ਬਖ਼ਸ਼ੀ ਹੈ।

ਉਨ੍ਹਾਂ ਕਿਹਾ ਕਿ ਮੇਲੇ ਵਿੱਚ ਮਿਲੇ ਭਰਵੇਂ ਹੁੰਗਾਰੇ ਨੇ ਸਾਬਤ ਕਰ ਦਿੱਤਾ ਹੈ ਕਿ ਵਿਦੇਸ਼ ਦੀ ਧਰਤੀ 'ਤੇ ਵੀ ਪੰਜਾਬੀ ਆਪਣੇ ਸੱਭਿਆਚਾਰ, ਵਿਰਸੇ ਅਤੇ ਰਿਵਾਇਤਾਂ ਨਾਲ ਡੂੰਘਾ ਪਿਆਰ ਕਰਦੇ ਹਨ। ਉਨ੍ਹਾਂ ਸਮੂਹ ਕਲਾਕਾਰਾਂ, ਸਟੇਜ ਸੰਚਾਲਕਾਂ, ਸੁਰੱਖਿਆ ਕਰਮਚਾਰੀਆਂ, ਫੂਡ ਅਤੇ ਵਪਾਰਕ ਸਟਾਲਾਂ ਦੇ ਸੰਚਾਲਕਾਂ ਅਤੇ ਮੇਲੇ ਦੀ ਸਫਲਤਾ ਲਈ ਦਿਨ-ਰਾਤ ਮਿਹਨਤ ਕਰਨ ਵਾਲੀ ਸਮੁੱਚੀ ਟੀਮ ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ।

ਪ੍ਰਬੰਧਕਾਂ ਨੇ ਕਿਹਾ ਕਿ ਇਹ ਮੇਲਾ ਸਿਰਫ਼ ਇੱਕ ਸੱਭਿਆਚਾਰਕ ਸਮਾਗਮ ਨਹੀਂ, ਸਗੋਂ ਪੰਜਾਬੀ ਭਾਈਚਾਰੇ ਦੀ ਏਕਤਾ, ਸਾਂਝ ਅਤੇ ਆਪਣੇ ਵਿਰਸੇ ਪ੍ਰਤੀ ਪਿਆਰ ਦਾ ਪ੍ਰਤੀਕ ਬਣ ਕੇ ਸਾਹਮਣੇ ਆਇਆ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਭਵਿੱਖ ਵਿੱਚ ਵੀ ਭਾਈਚਾਰਾ ਇਸੇ ਤਰ੍ਹਾਂ ਆਪਣਾ ਪਿਆਰ ਅਤੇ ਸਹਿਯੋਗ ਬਖ਼ਸ਼ਦਾ ਰਹੇਗਾ, ਤਾਂ ਜੋ ਅਜਿਹੇ ਸਮਾਗਮ ਹੋਰ ਵੀ ਵੱਡੇ ਪੱਧਰ 'ਤੇ ਕਰਵਾਏ ਜਾ ਸਕਣ।

## ਸੰਪਾਦਕੀ

### ਵਿਦਿਆਰਥੀਆਂ ਦੇ ਭਵਿੱਖ ਲਈ ਟਕਰਾਅ ਨਹੀਂ, ਗੱਲਬਾਤ ਹੀ ਬਣੇ ਰਾਹ

ਪ੍ਰੀਖਿਆਵਾਂ ਵਿੱਚ ਗੜਬੜੀਆਂ ਅਤੇ ਨੀਟ ਪੇਪਰ ਲੀਕ ਦੇ ਦੋਸ਼ਾਂ ਨੂੰ ਲੈ ਕੇ ਦੇਸ਼ ਦੀ ਸਿਆਸਤ ਅਤੇ ਸੜਕਾਂ ਦੋਵੇਂ ਗਰਮ ਹਨ। ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦੇ ਅਸਤੀਫ਼ੇ ਦੀ ਮੰਗ ਲਗਾਤਾਰ ਤੇਜ਼ ਹੋ ਰਹੀ ਹੈ। ਸੰਸਦ ਵਿੱਚ ਇਸ ਮੁੱਦੇ 'ਤੇ ਚਰਚਾ ਲਈ ਸਰਕਾਰ ਨੇ ਸਹਿਮਤੀ ਜ਼ਰੂਰ ਦਿੱਤੀ ਹੈ, ਪਰ ਵਿਰੋਧੀ ਧਿਰ ਦਾ ਅੜਿੱਕਾ ਹੈ ਕਿ ਇਹ ਬਹਿਸ ਨਿਯਮ 267 ਤਹਿਤ ਹੀ ਹੋਵੇ ਅਤੇ ਇਸ ਤੋਂ ਪਹਿਲਾਂ ਮੰਤਰੀ ਅਹੁਦਾ ਛੱਡਣ।

ਦੂਜੇ ਪਾਸੇ, ਨਵੀਂ ਦਿੱਲੀ ਵਿੱਚ ਵਿਦਿਆਰਥੀਆਂ ਅਤੇ ਪ੍ਰਦਰਸ਼ਨਕਾਰੀਆਂ 'ਤੇ ਪੁਲੀਸ ਕਾਰਵਾਈ ਤੋਂ ਬਾਅਦ ਮਾਹੌਲ ਹੋਰ ਤਣਾਅਪੂਰਨ ਬਣ ਗਿਆ ਹੈ। ਸੰਸਦ ਵੱਲ ਮਾਰਚ ਕਰ ਰਹੇ ਪ੍ਰਦਰਸ਼ਨਕਾਰੀਆਂ ਨੂੰ ਰੋਕਣ ਲਈ ਲਾਠੀਚਾਰਜ ਅਤੇ ਅੱਥਰੂ ਗੈਸ ਦੀ ਵਰਤੋਂ ਨੇ ਲੋਕਾਂ ਵਿੱਚ ਰੋਸ ਵਧਾ ਦਿੱਤਾ, ਜਿਸ ਕਾਰਨ ਅੰਦੋਲਨ ਨੂੰ ਦੇਸ਼ ਭਰ ਵਿੱਚ ਹੋਰ ਸਮਰਥਨ ਮਿਲ ਰਿਹਾ ਹੈ।

ਇਸ ਅੰਦੋਲਨ ਨੂੰ ਸਮਾਜਿਕ ਕਾਰਕੁਨ ਸੋਨਮ ਵਾਂਗਚੁਕ ਦੇ ਸਮਰਥਨ ਨੇ ਵੀ ਨਵੀਂ ਤਾਕਤ ਦਿੱਤੀ ਹੈ। ਹਸਪਤਾਲ ਲਿਜਾਏ ਜਾਣ ਦੇ ਬਾਵਜੂਦ ਉਨ੍ਹਾਂ ਨੇ ਆਪਣੀ ਭੁੱਖ ਹੜਤਾਲ ਜਾਰੀ ਰੱਖਣ ਦਾ ਫ਼ੈਸਲਾ ਕੀਤਾ ਹੈ। ਇਹ ਸਾਰਾ ਘਟਨਾਕ੍ਰਮ ਸਿਰਫ਼ ਇੱਕ ਰਾਜਨੀਤਿਕ ਵਿਵਾਦ ਨਹੀਂ, ਸਗੋਂ ਲੱਖਾਂ ਵਿਦਿਆਰਥੀਆਂ ਦੇ ਭਵਿੱਖ ਨਾਲ ਜੁੜਿਆ ਹੋਇਆ ਮੁੱਦਾ ਬਣ ਚੁੱਕਾ ਹੈ।

ਨੀਟ ਵਰਗੀਆਂ ਪ੍ਰੀਖਿਆਵਾਂ ਲਈ ਸਾਲਾਂ ਦੀ ਮਿਹਨਤ ਕਰਨ ਵਾਲੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਪਰਿਵਾਰ ਪਾਰਦਰਸ਼ੀ ਅਤੇ ਨਿਰਪੱਖ ਪ੍ਰਣਾਲੀ ਦੀ ਉਮੀਦ ਰੱਖਦੇ ਹਨ। ਇਸ ਲਈ ਪ੍ਰੀਖਿਆ ਪ੍ਰਣਾਲੀ ਦੀ ਭਰੋਸੇਯੋਗਤਾ, ਜਵਾਬਦੇਹੀ ਅਤੇ ਇਮਾਨਦਾਰੀ ਨੂੰ ਮੁੜ ਸਥਾਪਿਤ ਕਰਨਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਜੇਕਰ ਗੜਬੜੀਆਂ ਹੋਈਆਂ ਹਨ ਤਾਂ ਨਿਰਪੱਖ ਜਾਂਚ ਅਤੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਤੋਂ ਬਿਨਾਂ ਲੋਕਾਂ ਦਾ ਵਿਸ਼ਵਾਸ ਵਾਪਸ ਨਹੀਂ ਆ ਸਕਦਾ।

ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਉਹ ਸਿੱਖਿਆ ਪ੍ਰਣਾਲੀ ਵਿੱਚ ਸੁਧਾਰਾਂ ਲਈ ਸਪੱਸ਼ਟ ਰੂਪ-ਰੇਖਾ ਪੇਸ਼ ਕਰੇ ਅਤੇ ਪੇਪਰ ਲੀਕ ਮਾਮਲਿਆਂ ਵਿੱਚ ਦੋਸ਼ੀਆਂ ਨੂੰ ਕਾਨੂੰਨ ਅਨੁਸਾਰ ਸਖ਼ਤ ਸਜ਼ਾ ਦਿਵਾਏ। ਉੱਥੇ ਹੀ ਅੰਦੋਲਨਕਾਰੀਆਂ ਨੂੰ ਵੀ ਲੋਕਤੰਤਰਿਕ ਅਤੇ ਸ਼ਾਂਤਮਈ ਢੰਗ ਨਾਲ ਆਪਣੀ ਗੱਲ ਰੱਖਣੀ ਚਾਹੀਦੀ ਹੈ, ਤਾਂ ਜੋ ਮੁੱਖ ਮੁੱਦਾ ਕਿਸੇ ਟਕਰਾਅ ਦੀ ਭੇਟ ਨਾ ਚੜ੍ਹੇ।

ਇਸ ਵੇਲੇ ਸਭ ਤੋਂ ਵੱਡੀ ਲੋੜ ਆਪਸੀ ਟਕਰਾਅ ਨਹੀਂ, ਸਗੋਂ ਅਰਥਪੂਰਨ ਗੱਲਬਾਤ ਦੀ ਹੈ। ਜਦੋਂ ਸਰਕਾਰ, ਵਿਰੋਧੀ ਧਿਰ, ਵਿਦਿਆਰਥੀ ਅਤੇ ਸਿੱਖਿਆ ਨਾਲ ਜੁੜੀਆਂ ਸਾਰੀਆਂ ਧਿਰਾਂ ਇੱਕੋ ਮੇਜ਼ 'ਤੇ ਬੈਠ ਕੇ ਹੱਲ ਲੱਭਣਗੀਆਂ, ਤਦ ਹੀ ਸਿੱਖਿਆ ਪ੍ਰਣਾਲੀ 'ਤੇ ਲੋਕਾਂ ਦਾ ਭਰੋਸਾ ਮੁੜ ਕਾਇਮ ਹੋ ਸਕੇਗਾ ਅਤੇ ਵਿਦਿਆਰਥੀਆਂ ਦੇ ਭਵਿੱਖ ਦੀ ਸਹੀ ਮਾਇਨੇ ਵਿੱਚ ਰੱਖਿਆ ਹੋਵੇਗੀ।

# ਪੰਜਾਬ ਦੀ ਖੇਤੀ – ਨਵੇਂ ਰਾਹਾਂ ਦੀ ਖੋਜ!



ਜਦੋਂ ਗਰਮੀਆਂ ਦਾ ਕਹਿਰ ਉੱਤਰੀ ਭਾਰਤ ਨੂੰ ਆਪਣੀ ਗ੍ਰਿਫ਼ਤ ਵਿੱਚ ਲੈਂਦਾ ਹੈ ਤਾਂ ਪੰਜਾਬ ਇੱਕ ਜਾਣੇ-ਪਛਾਣੇ ਅਤੇ ਅਸੰਤੁਲਿਤ ਢਾਂਚਾਗਤ ਵਿਰੋਧਾਭਾਸ ਵਿੱਚ ਘਿਰਿਆ ਨਜ਼ਰ ਆਉਂਦਾ ਹੈ। ਤਾਪਮਾਨ ਅਕਸਰ 45 ਡਿਗਰੀ ਸੈਂਟੀਗਰੇਡ ਨੂੰ ਪਾਰ ਕਰ ਜਾਂਦਾ ਹੈ, ਜਿਸ ਨਾਲ ਸੂਬੇ ਦਾ ਸਮਾਜਿਕ-ਆਰਥਿਕ ਤਾਣਾ-ਬਾਣਾ ਇੱਕੋ-ਇੱਕ ਸੀਮਿਤ ਸਰੋਤ ਬਿਜਲੀ ਦੀ ਵੰਡ ਨੂੰ ਲੈ ਕੇ ਇੱਕ ਤਰ੍ਹਾਂ ਜੰਗ ਦੇ ਮੈਦਾਨ ਵਿੱਚ ਬਦਲ ਜਾਂਦਾ ਹੈ। ਇੱਕ ਪਾਸੇ ਸ਼ਹਿਰੀ ਕੇਂਦਰ, ਪੇਂਡੂ ਘਰ ਅਤੇ ਲਘੂ ਤੇ ਦਰਮਿਆਨੇ ਉਦਯੋਗ ਬਿਨਾਂ ਕਿਸੇ ਅਗਾਊਂ ਸੂਚਨਾ ਤੋਂ ਲੱਗਣ ਵਾਲੇ ਭਾਰੀ ਬਿਜਲੀ ਕੱਟਾਂ ਦਾ ਸਾਹਮਣਾ ਕਰਦੇ ਹਨ, ਜਿਸ ਨਾਲ ਰੋਜ਼ਾਨਾ ਜੀਵਨ ਪਟੜੀ ਤੋਂ ਉਤਰ ਜਾਂਦਾ ਹੈ ਅਤੇ ਉਦਯੋਗਿਕ ਇਕਾਈਆਂ ਦਾ ਕੰਮ ਠੱਪ ਹੋ ਜਾਂਦਾ ਹੈ। ਦੂਜੇ ਪਾਸੇ ਸੂਬੇ ਦਾ ਖੇਤੀਬਾੜੀ ਖੇਤਰ ਝੋਨੇ ਦੀ ਲਵਾਈ ਲਈ ਸਿੰਚਾਈ ਟਿਊਬਵੈੱਲਾਂ ਦੇ ਵਿਸ਼ਾਲ ਨੈੱਟਵਰਕ ਨੂੰ ਚਲਾਉਣ ਵਾਸਤੇ ਨਿਰੰਤਰ ਨਿਰਵਿਘਨ ਬਿਜਲੀ ਸਪਲਾਈ ਦੀ ਮੰਗ ਕਰਦਾ ਹੈ।

ਇਹ ਸਾਲਾਨਾ ਟਕਰਾਅ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੀ ਮਹਿਜ਼ ਇੱਕ ਮੌਸਮੀ ਕਾਰਗੁਜ਼ਾਰੀ ਦੀ ਅਸਫ਼ਲਤਾ ਨਹੀਂ ਹੈ ਸਗੋਂ ਇਹ ਡੂੰਘੇ ਨੀਤੀਗਤ ਜਾਲ ਨੂੰ ਦਰਸਾਉਂਦੀ ਇੱਕ ਅਜਿਹੀ ਖੇਡ ਹੈ, ਜਿੱਥੇ ਤੁਰੰਤ ਆਰਥਿਕ ਹਿੱਤਾਂ ਦੀ ਰਾਖੀ ਲੰਮੇ ਸਮੇਂ ਦੀ ਵਾਤਾਵਰਣਕ ਅਤੇ ਢਾਂਚਾਗਤ ਸਥਿਰਤਾ ਨਾਲ ਸਿੱਧਾ ਸਮਝੌਤਾ ਕਰਦੀ ਹੈ। ਪਾਵਰਕੌਮ ਦੇ ਰਿਕਾਰਡ ਬਿਆਨ ਕਰਦੇ ਹਨ ਕਿ ਝੋਨੇ ਦੇ ਸੀਜ਼ਨ ਦੇ ਸਿਖਰ ਦੌਰਾਨ ਸੂਬੇ ਵਿੱਚ ਬਿਜਲੀ ਦੀ ਕੁੱਲ ਮੰਗ ਲਗਪਗ 17,147 ਮੈਗਾਵਾਟ ਤੱਕ ਪਹੁੰਚ ਜਾਂਦੀ ਹੈ ਜਦੋਂਕਿ ਪੰਜਾਬ ਦੀ ਆਪਣੀ ਅੰਦਰੂਨੀ ਉਤਪਾਦਨ ਸਮਰੱਥਾ ਮਹਿਜ਼ 5,787 ਮੈਗਾਵਾਟ 'ਤੇ ਹੀ ਸਿਮਟ ਜਾਂਦੀ ਹੈ। ਇਸ ਦੇ ਸਿੱਟੇ ਵਜੋਂ ਪੈਦਾ ਹੋਣ ਵਾਲੇ 11,359 ਮੈਗਾਵਾਟ ਦੇ ਵੱਡੇ ਘਾਟੇ ਨੂੰ ਪੂਰਾ ਕਰਨ ਲਈ ਸੂਬੇ ਨੂੰ ਪੂਰੀ ਤਰ੍ਹਾਂ ਕੇਂਦਰੀ ਗਰਿਡ ਅਤੇ ਬਾਹਰੀ ਸਰੋਤਾਂ ਤੋਂ ਮਹਿੰਗੇ ਭਾਅ 'ਤੇ ਬਿਜਲੀ ਖਰੀਦਣੀ ਪੈਂਦੀ ਹੈ, ਜੋ ਸਪਲਾਈ ਪ੍ਰਬੰਧਨ ਨੂੰ ਬੇਹੱਦ ਚੁਣੌਤੀਪੂਰਨ ਬਣਾ ਦਿੰਦਾ ਹੈ।

ਟਿਊਬਵੈੱਲ ਸਿੰਚਾਈ ਲਈ ਖੇਤੀਬਾੜੀ ਫੀਡਰਾਂ ਨੂੰ ਕਾਨੂੰਨੀ ਤੌਰ 'ਤੇ ਦਿੱਤੀ ਗਈ ਰੋਜ਼ਾਨਾ ਅੱਠ ਘੰਟੇ ਦੀ ਨਿਰੰਤਰ ਬਿਜਲੀ ਸਪਲਾਈ ਦੀ ਗਾਰੰਟੀ ਨੂੰ ਪੂਰਾ ਕਰਨ ਲਈ ਪਾਵਰਕੌਮ ਕੋਲ ਦੂਜੇ ਖੇਤਰਾਂ ਦੀ ਸਪਲਾਈ ਕੱਟਣ ਤੋਂ ਇਲਾਵਾ ਕੋਈ ਚਾਰਾ ਨਹੀਂ ਬਚਦਾ। ਸ਼ਹਿਰੀ ਖੇਤਰਾਂ ਵਿੱਚ ਲੰਮੇ ਅਤੇ ਅਣਐਲਾਨੇ ਬਲੈਕਆਊਟ ਹੁੰਦੇ ਹਨ। ਬਿਜਲੀ ਦੀ ਇਹ ਢਾਂਚਾਗਤ ਤਰਜੀਹ ਅਸਲ ਵਿੱਚ ਉਦਯੋਗਿਕ ਅਤੇ ਘਰੇਲੂ ਖੇਤਰਾਂ ਤੋਂ ਸਰੋਤਾਂ ਦਾ ਇੱਕ ਵੱਡਾ ਮੌਸਮੀ ਤਬਾਦਲਾ ਹੈ, ਜੋ ਸਿਰਫ਼ ਵਧੇਰੇ ਪਾਣੀ ਦੀ ਖਪਤ ਕਰਨ ਵਾਲੀ ਫ਼ਸਲੀ ਆਰਥਿਕਤਾ ਨੂੰ ਬਣਾਈ ਰੱਖਣ ਲਈ ਕੀਤਾ ਜਾਂਦਾ ਹੈ। ਇਹ ਨਾਜ਼ੁਕ ਸੰਤੁਲਨ ਉਸ ਸਮੇਂ ਪੂਰੀ ਤਰ੍ਹਾਂ ਵਿਗੜ ਜਾਂਦਾ ਹੈ ਜਦੋਂ ਮੌਨਸੂਨ ਦੇਰੀ ਨਾਲ ਆਉਂਦੀ ਹੈ। ਮੌਨਸੂਨ ਦੀ ਦੇਰੀ ਜਾਂ ਬੇਭਰੋਸਗੀ ਇੱਕ ਸਾਧਾਰਨ ਖੇਤੀਬਾੜੀ ਸਮਾਂ-ਸਾਰਣੀ ਨੂੰ ਇੱਕ ਗੰਭੀਰ ਆਰਥਿਕ ਸੰਕਟ ਵਿੱਚ ਬਦਲ ਦਿੰਦੀ ਹੈ। ਮੀਂਹ ਦੀ ਅਣਹੋਂਦ ਕਾਰਨ ਦੋ ਮੁਸ਼ਕਿਲਾਂ ਇੱਕੋ ਸਮੇਂ ਖੜ੍ਹੀਆਂ ਹੁੰਦੀਆਂ ਹਨ। ਇੱਕ, ਬਹੁਤ ਜ਼ਿਆਦਾ ਗਰਮੀ ਅਤੇ ਹੁੰਮਸ ਕਾਰਨ ਘਰੇਲੂ ਅਤੇ ਵਪਾਰਕ ਖਪਤਕਾਰਾਂ ਨੂੰ ਏਅਰ ਕੰਡੀਸ਼ਨਰ ਲਗਾਤਾਰ ਚਲਾਉਣੇ ਪੈਂਦੇ ਹਨ, ਜਿਸ ਨਾਲ ਸ਼ਹਿਰੀ ਖੇਤਰਾਂ ਦੀ ਬਿਜਲੀ ਦੀ ਬੁਨਿਆਦੀ ਮੰਗ ਬੇਤਹਾਸ਼ਾ ਵਧ ਜਾਂਦੀ ਹੈ। ਦੂਜਾ, ਸੁੱਕੇ ਖੇਤਾਂ ਵਿੱਚ ਖੜ੍ਹੇ ਪਾਣੀ ਦੇ ਉੱਡਣ ਦੀ ਦਰ ਕਈ ਗੁਣਾ ਵਧ ਜਾਂਦੀ ਹੈ। ਝੋਨੇ ਦੇ ਨਵੇਂ ਲਾਏ ਬੂਟਿਆਂ ਨੂੰ 48 ਘੰਟਿਆਂ ਦੇ ਅੰਦਰ ਸੁੱਕਣ ਅਤੇ ਨਸ਼ਟ ਹੋਣ ਤੋਂ ਬਚਾਉਣ ਲਈ ਕਿਸਾਨਾਂ ਨੂੰ ਆਪਣੇ ਟਿਊਬਵੈੱਲ ਇੱਕੋ ਸਮੇਂ ਅਤੇ ਲੰਮੇ ਸਮੇਂ ਲਈ ਚਲਾਉਣੇ ਪੈਂਦੇ ਹਨ। ਮੌਨਸੂਨ ਦੀ ਦੇਰੀ ਕੁਦਰਤ ਨੂੰ ਸਿੰਚਾਈ ਦੇ ਸਮੀਕਰਨ ਵਿੱਚੋਂ ਪੂਰੀ ਤਰ੍ਹਾਂ ਬਾਹਰ ਕਰ ਕੇ ਪੂਰਾ ਹਾਈਡ੍ਰੋਲੋਜੀਕਲ ਬੋਝ ਪਹਿਲਾਂ ਹੀ ਓਵਰਲੋਡ ਹੋਏ ਬਿਜਲੀ ਗਰਿਡ 'ਤੇ ਪਾ ਦਿੰਦੀ ਹੈ। ਜਦੋਂ ਸੂਬੇ ਦੇ ਸਾਰੇ 14 ਲੱਖ ਟਿਊਬਵੈੱਲ ਇੱਕੋ ਸਮੇਂ ਚੱਲਦੇ ਹਨ ਤਾਂ ਗਰਿਡ ਵਿੱਚ ਵੋਲਟੇਜ ਦੀ ਅਸਥਿਰਤਾ ਅਤੇ ਸਥਾਨਕ ਬੁਨਿਆਦੀ ਢਾਂਚੇ ਨੂੰ ਨੁਕਸਾਨ ਪਹੁੰਚਦਾ ਹੈ। ਇਸ ਨਾਲ ਪੇਂਡੂ ਭਾਈਚਾਰਿਆਂ ਵਿੱਚ ਚਿੰਤਾ ਵਧਦੀ ਹੈ, ਜਿਸ ਨਾਲ ਪਾਵਰਕੌਮ ਦੇ ਦਫ਼ਤਰਾਂ ਅਤੇ ਸਬ-ਸਟੇਸ਼ਨਾਂ ਦੇ ਬਾਹਰ ਕਿਸਾਨਾਂ ਦੇ ਪ੍ਰਦਰਸ਼ਨ ਸ਼ੁਰੂ ਹੋ ਜਾਂਦੇ ਹਨ, ਜੋ ਬਿਜਲੀ ਪ੍ਰਬੰਧਨ ਦੀ ਸਿਆਸਤ ਨੂੰ ਹੋਰ ਗੁੰਝਲਦਾਰ ਬਣਾ ਦਿੰਦੇ ਹਨ।

ਪੰਜਾਬ ਸਰਕਾਰ ਇਨ੍ਹਾਂ ਕਮਜ਼ੋਰੀਆਂ ਤੋਂ ਅਣਜਾਣ ਨਹੀਂ ਹੈ। ਖ਼ਰੀਫ਼ ਮੱਕੀ ਪ੍ਰੋਤਸਾਹਨ ਸਕੀਮ ਵਰਗੀਆਂ ਪਹਿਲਕਦਮੀਆਂ ਰਾਹੀਂ ਕਿਸਾਨਾਂ ਨੂੰ ਵਿੱਤੀ ਰਿਆਇਤਾਂ ਅਤੇ ਸਬਸਿਡੀਆਂ (17,500 ਪ੍ਰਤੀ ਹੈਕਟੇਅਰ ਤੱਕ) ਦੇ ਕੇ ਪਾਣੀ ਦੀ ਵੱਧ ਖਪਤ ਕਰਨ ਵਾਲੀਆਂ ਝੋਨੇ ਦੀਆਂ ਕਿਸਮਾਂ ਤੋਂ ਦੂਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਫਿਰ ਵੀ ਮੱਕੀ ਦੀ ਕਾਸ਼ਤ ਹੇਠ ਰਕਬਾ ਮਹਿਜ਼ 66,000 ਹੈਕਟੇਅਰ ਦੇ ਆਸ-ਪਾਸ ਸਥਿਰ ਹੈ, ਜੋ ਕਿ ਸੂਬੇ ਦੇ 31 ਲੱਖ ਹੈਕਟੇਅਰ ਝੋਨੇ ਦੇ ਰਕਬੇ ਦਾ ਇੱਕ ਬਹੁਤ ਹੀ ਛੋਟਾ ਹਿੱਸਾ ਹੈ। ਫ਼ਸਲੀ ਵਿਭਿੰਨਤਾ ਦੀ ਇਹ ਅਸਫ਼ਲਤਾ ਕਿਸਾਨਾਂ ਵਿੱਚ ਵਾਤਾਵਰਣਕ ਜਾਗਰੂਕਤਾ ਦੀ ਘਾਟ ਕਾਰਨ ਨਹੀਂ ਸਗੋਂ ਸ਼ੁੱਧ ਆਰਥਿਕ ਤਰਕਸ਼ੀਲਤਾ ਦਾ ਨਤੀਜਾ ਹੈ। ਉਦਾਹਰਣ ਵਜੋਂ, ਪੰਜਾਬ ਦੀਆਂ ਮੰਡੀਆਂ ਵਿੱਚ ਆਉਣ ਵਾਲੇ ਝੋਨੇ ਦੀ ਲਗਪਗ 100 ਫ਼ੀਸਦੀ ਖਰੀਦ ਕੇਂਦਰੀ ਏਜੰਸੀਆਂ ਜਿਵੇਂ ਕਿ ਐੱਫ ਸੀ ਆਈ ਦੁਆਰਾ ਨਿਰਧਾਰਤ ਐੱਮ ਐੱਸ ਪੀ 'ਤੇ ਕੀਤੀ ਜਾਂਦੀ ਹੈ। ਇਹ ਕਿਸਾਨ ਨੂੰ ਪੂਰੀ ਕੀਮਤ ਦੀ ਨਿਸ਼ਚਿਤਤਾ ਅਤੇ ਜ਼ੀਰੋ ਮਾਰਕੀਟ ਜੋਖ਼ਮ ਪ੍ਰਦਾਨ ਕਰਦਾ ਹੈ। ਕੇਂਦਰ ਵੱਲੋਂ ਮੱਕੀ ਲਈ ਅਧਿਕਾਰਤ ਐੱਮ ਐੱਸ ਪੀ ਦਾ ਐਲਾਨ ਕੀਤਾ ਜਾਂਦਾ ਹੈ, ਪਰ ਲੋੜ ਹੈ ਸੂਬੇ ਵਿੱਚ ਬਦਲਵੀਆਂ ਫ਼ਸਲਾਂ ਲਈ ਪ੍ਰਭਾਵਸ਼ਾਲੀ ਸਰਕਾਰੀ ਖਰੀਦ ਢਾਂਚਾ ਕਾਇਮ ਕਰਨ ਦਾ। ਅਜਿਹੇ ਪ੍ਰਬੰਧ ਦੀ ਅਣਹੋਂਦ ਵਜੋਂ ਕਿਸਾਨ ਨਿੱਜੀ ਵਪਾਰੀਆਂ ਅਤੇ ਫੀਡ ਮਿੱਲ ਮਾਲਕਾਂ ਦੇ ਰਹਿਮੋ-ਕਰਮ 'ਤੇ ਨਿਰਭਰ ਹੋ ਜਾਂਦੇ ਹਨ, ਜਿੱਥੇ ਮੱਕੀ ਦੀਆਂ ਅਸਲ ਬਜ਼ਾਰੀ ਕੀਮਤਾਂ ਅਕਸਰ ਅਧਿਕਾਰਤ ਐੱਮ ਐੱਸ ਪੀ ਤੋਂ ਕਾਫ਼ੀ ਹੇਠਾਂ ਡਿੱਗ ਜਾਂਦੀਆਂ ਹਨ। ਇਸ ਤੋਂ ਇਲਾਵਾ ਮੱਕੀ ਦਾ ਝਾੜ ਝੋਨੇ ਦੇ ਮੁਕਾਬਲੇ ਪ੍ਰਤੀ ਏਕੜ ਵੀ ਘੱਟ ਹੁੰਦਾ ਹੈ। ਜਦੋਂ ਸਰਕਾਰੀ ਖਰੀਦ ਦੀ ਅਣਹੋਂਦ, ਘੱਟ ਝਾੜ ਅਤੇ ਬਜ਼ਾਰੀ ਕੀਮਤਾਂ ਦੀ ਅਸਥਿਰਤਾ ਨੂੰ ਇਕੱਠਾ ਦੇਖਿਆ ਜਾਵੇ ਤਾਂ ਇੱਕ ਆਮ ਕਿਸਾਨ ਲਈ ਇਹ ਵਿੱਤੀ ਜੋਖ਼ਮ ਅਸਹਿ ਹੋ ਜਾਂਦਾ ਹੈ।

ਇਸ ਨੀਤੀਗਤ ਜੜ੍ਹਤਾ ਦੇ ਲੰਮੇ ਸਮੇਂ ਦੇ ਨਤੀਜੇ ਸਿੱਧੇ ਤੌਰ 'ਤੇ ਪੰਜਾਬ ਦੇ ਕੁਦਰਤੀ ਸਰੋਤਾਂ ਨੂੰ ਭੁਗਤਣੇ ਪੈ ਰਹੇ ਹਨ। ਇਸ ਸੰਕਟ ਦੀ ਗੰਭੀਰਤਾ ਨੂੰ ਸਮਝਣ ਲਈ ਸੂਬੇ ਦੀ ਮੁੱਖ ਫ਼ਸਲ (ਝੋਨਾ) ਅਤੇ ਤਜਵੀਜ਼ਤ ਬਦਲਵੀਂ ਫ਼ਸਲ (ਮੱਕੀ) ਵਿਚਕਾਰ ਸਰੋਤਾਂ ਦੀ ਖਪਤ ਦੇ ਵੱਡੇ ਪਾੜੇ ਨੂੰ ਦੇਖਣਾ ਜ਼ਰੂਰੀ ਹੈ। ਕੇਂਦਰੀ ਭੂ-ਜਲ ਬੋਰਡ ਦੇ ਅਧਿਕਾਰਤ ਅੰਕੜੇ ਭਾਰਤ ਵਿੱਚ ਪੰਜਾਬ ਦੇ ਗੰਭੀਰ ਜਲ ਸੰਕਟ ਦੀ ਹਕੀਕਤ ਨੂੰ ਪੇਸ਼ ਕਰਦੇ ਹਨ। ਰਿਪੋਰਟ ਮੁਤਾਬਿਕ ਪੰਜਾਬ ਵਿੱਚ ਭੂ-ਜਲ ਦੀ ਨਿਕਾਸੀ ਸਾਲਾਨਾ ਰੀਚਾਰਜ ਦੇ ਮੁਕਾਬਲੇ 156.36 ਫ਼ੀਸਦੀ ਤੱਕ ਪਹੁੰਚ ਚੁੱਕੀ ਹੈ, ਜਿਸ ਕਾਰਨ ਪੰਜਾਬ ਪੂਰੇ ਦੇਸ਼ ਵਿੱਚ ਸਭ ਤੋਂ ਵੱਧ ਪਾਣੀ ਦੇ ਸੰਕਟ ਨਾਲ ਜੂਝ ਰਿਹਾ ਹੈ। ਇਹ ਸਥਿਤੀ ਗੁਆਂਢੀ ਸੂਬਿਆਂ ਜਿਵੇਂ ਕਿ ਰਾਜਸਥਾਨ (147.11 ਫ਼ੀਸਦੀ) ਅਤੇ ਹਰਿਆਣਾ (136.75 ਫ਼ੀਸਦੀ) ਨਾਲੋਂ ਵੀ ਕਿਤੇ ਵੱਧ ਚਿੰਤਾਜਨਕ ਹੈ। ਜਦੋਂ ਅਸੀਂ ਇਸ ਦੀ ਤੁਲਨਾ ਮਹਿਜ਼ 60.63 ਫ਼ੀਸਦੀ ਦੀ ਕੌਮੀ ਔਸਤ ਨਾਲ ਕਰਦੇ ਹਾਂ ਤਾਂ ਸਾਫ਼ ਹੋ ਜਾਂਦਾ ਹੈ ਕਿ ਪੰਜਾਬ ਵਿੱਚ ਪਾਣੀ ਦੀ ਕੁਦਰਤੀ ਪੂਰਤੀ ਨਾਲੋਂ ਉਸ ਦੀ ਖਪਤ ਕਿਸ ਕਦਰ ਅਸੰਤੁਲਿਤ ਰੂਪ ਧਾਰਨ ਕਰ ਚੁੱਕੀ ਹੈ।

ਪੰਜਾਬ ਦਾ ਮੌਜੂਦਾ ਖੇਤੀਬਾੜੀ ਮਾਡਲ ਵਾਤਾਵਰਣਕ ਤੌਰ 'ਤੇ ਦੀਵਾਲੀਆ ਹੋਣ ਕੰਢੇ ਹੈ। ਫ਼ਸਲੀ ਖਪਤ ਦਾ ਵਿਗਿਆਨਕ ਗਣਿਤ ਇਹ ਸਪੱਸ਼ਟ ਕਰਦਾ ਹੈ ਕਿ ਝੋਨੇ ਦੇ ਮੁਕਾਬਲੇ ਮੱਕੀ ਦੀ ਕਾਸ਼ਤ ਨਾਲ ਸਰੋਤਾਂ ਦੀ ਕਿੰਨੀ ਵੱਡੀ ਬੱਚਤ ਹੋ ਸਕਦੀ ਹੈ। ਜਿੱਥੇ ਇੱਕ ਕਿੱਲੋ ਝੋਨਾ ਪੈਦਾ ਕਰਨ ਲਈ 2,200 ਤੋਂ 2,600 ਲਿਟਰ ਪਾਣੀ ਦੀ ਖਪਤ ਹੁੰਦੀ ਹੈ, ਉੱਥੇ ਹੀ ਮੱਕੀ ਲਈ ਮਹਿਜ਼ 550 ਤੋਂ 600 ਲਿਟਰ ਪਾਣੀ ਦੀ ਲੋੜ ਹੁੰਦੀ ਹੈ, ਜੋ ਪ੍ਰਤੀ ਕਿੱਲੋ ਪਾਣੀ ਦੀ ਖਪਤ ਵਿੱਚ ਸਿੱਧੀ 75 ਫ਼ੀਸਦੀ ਦੀ ਕਮੀ ਲਿਆਉਂਦੀ ਹੈ। ਇਸ ਤੋਂ ਇਲਾਵਾ ਝੋਨੇ ਦੀ ਔਸਤ ਮਿਆਦ (140 ਦਿਨ) ਦੇ ਮੁਕਾਬਲੇ ਮੱਕੀ 100 ਦਿਨਾਂ ਵਿੱਚ ਪੱਕ ਜਾਂਦੀ ਹੈ, ਜਿਸ ਨਾਲ ਖੇਤ ਦੀ ਮਿਆਦ 40 ਦਿਨ ਘਟਦੀ ਹੈ। ਝੋਨੇ ਲਈ ਗਰਮੀ ਦੇ ਦਿਨਾਂ ਵਿੱਚ ਕੱਦੂ ਕਰਕੇ ਲਗਾਤਾਰ ਪਾਣੀ ਖੜ੍ਹਾ ਰੱਖਣਾ ਪੈਂਦਾ ਹੈ, ਜਿਸ ਨਾਲ ਵਾਸ਼ਪੀਕਰਨ ਬਹੁਤ ਹੁੰਦਾ ਹੈ ਜਦੋਂਕਿ ਮੱਕੀ ਵਿੱਚ ਸਿਰਫ਼ ਵੱਟਾਂ ਰਾਹੀਂ ਲੋੜ ਅਨੁਸਾਰ ਸਿੰਚਾਈ ਹੁੰਦੀ ਹੈ। ਇਸ ਬਦਲਾਅ ਦਾ ਸਿੱਧਾ ਅਸਰ ਬਿਜਲੀ ਗਰਿਡ 'ਤੇ ਪੈਂਦਾ ਹੈ, ਝੋਨੇ ਲਈ ਚੱਲਣ ਵਾਲੇ ਉੱਚ-ਹਾਰਸ ਪਾਵਰ ਦੇ ਡੂੰਘੇ ਸਬਮਰਸੀਬਲ ਪੰਪਾਂ ਦੀ ਥਾਂ ਘੱਟ-ਹਾਰਸ ਪਾਵਰ ਦੇ ਸਤਹੀ ਪੰਪਾਂ ਦੀ ਵਰਤੋਂ ਪਾਵਰਕੌਮ ਦੀ ਰੋਜ਼ਾਨਾ ਦੀ ਖੇਤੀਬਾੜੀ ਬੇਸਲੋਡ ਮੰਗ ਨੂੰ ਭਾਰੀ ਮਾਤਰਾ ਵਿੱਚ ਘਟਾ ਸਕਦੀ ਹੈ, ਜੋ ਗਰਮੀਆਂ ਦੀ ਸਿਖਰਲੀ ਮੰਗ ਅਤੇ ਘਰੇਲੂ ਬਿਜਲੀ ਕੱਟਾਂ ਦੇ ਸੰਕਟ ਨੂੰ ਦੂਰ ਕਰੇਗਾ।

ਇਨ੍ਹਾਂ ਸਪੱਸ਼ਟ ਲਾਭਾਂ ਦੇ ਬਾਵਜੂਦ ਕਈ ਜ਼ਿਲ੍ਹਿਆਂ ਵਿੱਚ ਪਾਣੀ ਦਾ ਪੱਧਰ ਸਾਲਾਨਾ 0.5 ਤੋਂ 1 ਮੀਟਰ ਤੱਕ ਹੇਠਾਂ ਜਾ ਰਿਹਾ ਹੈ ਕਿਉਂਕਿ ਪੰਜਾਬ ਦੇ 73 ਫ਼ੀਸਦੀ ਝੋਨੇ ਦੇ ਖੇਤ ਟਿਊਬਵੈੱਲਾਂ 'ਤੇ ਨਿਰਭਰ ਹਨ। ਇਹ ਇੱਕ ਵਿਨਾਸ਼ਕਾਰੀ ਚੱਕਰ ਬਣਾਉਂਦਾ ਹੈ: ਪਾਣੀ ਦਾ ਪੱਧਰ ਡਿੱਗਣ ਨਾਲ ਕਿਸਾਨ ਹੋਰ ਡੂੰਘੇ ਬੋਰ ਕਰਨ ਅਤੇ ਵੱਡੀਆਂ ਮੋਟਰਾਂ ਲਗਾਉਣ ਲਈ ਮਜਬੂਰ ਹੁੰਦੇ ਹਨ, ਜੋ ਮੁਫ਼ਤ ਅਤੇ ਸਬਸਿਡੀ ਵਾਲੀ ਬਿਜਲੀ ਦੀ ਵਧੇਰੇ ਖਪਤ ਕਰਦੀਆਂ ਹਨ। ਪਾਣੀ ਦੀ ਮਾਤਰਾ ਤੋਂ ਇਲਾਵਾ ਇਸ ਬੇਤਹਾਸ਼ਾ ਨਿਕਾਸੀ ਨੇ ਗੁਣਵੱਤਾ ਦਾ ਗੰਭੀਰ ਸੰਕਟ ਖੜ੍ਹਾ ਕੀਤਾ ਹੈ। ਕੇਂਦਰੀ ਭੂ-ਜਲ ਬੋਰਡ ਦੇ ਮੁਲਾਂਕਣਾਂ ਅਨੁਸਾਰ ਪੰਜਾਬ ਵਿੱਚ 53 ਫ਼ੀਸਦੀ ਤੋਂ ਵੱਧ ਭੂ-ਜਲ ਸੈਂਪਲਾਂ ਵਿੱਚ ਯੂਰੇਨੀਅਮ ਦੀ ਮਾਤਰਾ ਸੁਰੱਖਿਅਤ ਸੀਮਾ (30 ਪਾਰਟਸ ਪ੍ਰਤੀ ਬਿਲੀਅਨ) ਤੋਂ ਵੱਧ ਹੈ, ਜੋ ਦੇਸ਼ ਵਿੱਚ ਸਭ ਤੋਂ ਉੱਚੀ ਤੀਬਰਤਾ ਹੈ। ਪੰਜਾਬ ਵਿੱਚ ਗਰਮੀ ਦੇ ਬਿਜਲੀ ਕੱਟ ਅਤੇ ਸੁੱਕ ਰਹੇ ਜਲ-ਸਰੋਤ ਇੱਕੋ ਢਾਂਚਾਗਤ ਸਮੱਸਿਆ ਦੇ ਲੱਛਣ ਹਨ: ਇੱਕ ਪੁਰਾਣਾ ਕਣਕ-ਝੋਨੇ ਦਾ ਫ਼ਸਲੀ ਚੱਕਰ, ਜੋ ਆਪਣੀ ਆਰਥਿਕ ਉਪਯੋਗਤਾ ਪੂਰੀ ਕਰ ਚੁੱਕਾ ਹੈ।

ਇਸ ਸੰਕਟ ਨੂੰ ਸ਼ਹਿਰੀ ਸਹੂਲਤਾਂ ਬਨਾਮ ਖੇਤੀਬਾੜੀ ਦੀ ਲੋੜ ਦੇ ਟਕਰਾਅ ਵਜੋਂ ਦੇਖਣਾ ਗ਼ਲਤ ਹੈ। ਕਿਸਾਨ, ਖਪਤਕਾਰ ਅਤੇ ਬਿਜਲੀ ਅਧਿਕਾਰੀ ਸਾਰੇ ਇੱਕ ਨੁਕਸਦਾਰ ਪ੍ਰੋਤਸਾਹਨ ਢਾਂਚੇ ਦੇ ਅੰਦਰ ਰਹਿ ਕੇ ਫ਼ੈਸਲੇ ਲੈ ਰਹੇ ਹਨ। ਸੱਚੀ ਖੇਤੀਬਾੜੀ ਵਿਭਿੰਨਤਾ ਮਾਮੂਲੀ ਸਬਸਿਡੀਆਂ ਰਾਹੀਂ ਹਾਸਲ ਨਹੀਂ ਕੀਤੀ ਜਾ ਸਕਦੀ। ਇਸ ਤਾਲਾਬੰਦੀ ਨੂੰ ਤੋੜਨ ਲਈ ਪੰਜਾਬ ਨੂੰ ਅਜਿਹੇ ਢਾਂਚਾਗਤ ਬਦਲਾਅ ਦੀ ਲੋੜ ਹੈ, ਜੋ ਮੰਡੀਆਂ ਵਿੱਚ ਕਿਸਾਨਾਂ ਦੀ ਮਾਰਕੀਟ ਅਸੁਰੱਖਿਆ ਨੂੰ ਹੱਲ ਕਰੇ। ਇਸ ਲਈ ਕਾਨੂੰਨੀ ਜਾਂ ਤਿਕੋਣੀ ਕੰਟਰੈਕਟ ਫਾਰਮਿੰਗ ਦੀਆਂ ਗਾਰੰਟੀਆਂ (ਜੋ ਪ੍ਰੋਸੈਸਿੰਗ ਉਦਯੋਗ ਪ੍ਰਦਾਨ ਕਰਨ), ਮੱਕੀ ਅਤੇ ਦਾਲਾਂ ਵਰਗੇ ਪਾਣੀ ਬਚਾਉਣ ਵਾਲੇ ਬਦਲਾਂ ਲਈ ਸਰਕਾਰੀ ਖਰੀਦ ਨੂੰ ਸੰਸਥਾਗਤ ਰੂਪ ਦੇਣਾ ਅਤੇ ਨਹਿਰੀ ਸਿੰਚਾਈ ਢਾਂਚੇ ਦੇ ਪੁਨਰ-ਸੁਰਜੀਤੀ ਕਾਰਜਾਂ ਵਿੱਚ ਤੇਜ਼ੀ ਲਿਆਉਣਾ ਲਾਜ਼ਮੀ ਹੈ। ਜਦੋਂ ਤੱਕ ਬਦਲਵੀਆਂ ਫ਼ਸਲਾਂ ਦੇ ਬਾਜ਼ਾਰੀ ਜੋਖ਼ਮ ਨੂੰ ਖ਼ਤਮ ਨਹੀਂ ਕੀਤਾ ਜਾਂਦਾ ਉਦੋਂ ਤੱਕ ਪੰਜਾਬ ਹੀਟ ਵੇਵ, ਬਲੈਕਆਊਟ ਅਤੇ ਡਿੱਗਦੇ ਪਾਣੀ ਦੇ ਪੱਧਰ ਦੇ ਮੌਸਮੀ ਚੱਕਰ ਵਿੱਚ ਫਸਿਆ ਰਹੇਗਾ, ਜਿਸ ਦੀ ਕੀਮਤ ਅਸੀਂ ਅੱਜ ਦੀ ਖੇਤੀਬਾੜੀ ਭਰਪੂਰਤਾ ਬਦਲੇ ਭਲਕੇ ਦੇ ਵਾਤਾਵਰਣਕ ਦੀਵਾਲੀਏਪਣ ਨਾਲ ਚੁਕਾਵਾਂਗੇ।

# ਵਿਦਿਆਥਿਆਂ ਦਾ ਕਦੇ ਨਾ ਮੱਧਮ ਪੈਣ ਵਾਲਾ ਸੰਘਰਸ਼

ਅੱਜ ਦੁਪਹਿਰ ਜਦੋਂ 'ਕੌਕਰੋਚ ਜਨਤਾ ਪਾਰਟੀ' ਅੰਦੋਲਨ ਦੇ ਕਾਰਕੁਨ ਸੰਸਦ ਵੱਲ ਮਾਰਚ ਕਰ ਰਹੇ ਸਨ ਤਾਂ ਸੱਤਾ ਦੇ ਨਸ਼ੇ ਵਿੱਚ ਚੂਰ ਹਕੂਮਤ (ਜੋ ਵਿਰੋਧ ਤਾਂ ਦੂਰ, ਅਸਹਿਮਤੀ ਦੀ ਮਾਮੂਲੀ ਸੁਰ ਵੀ ਬਰਦਾਸ਼ਤ ਨਹੀਂ ਕਰ ਸਕਦੀ) ਨੇ ਆਪਣੇ ਹੰਕਾਰ ਵਿੱਚ ਉਨ੍ਹਾਂ ਨੌਜਵਾਨਾਂ 'ਤੇ ਜਬਰ ਢਾਹਿਆ ਜੋ ਭੁੱਖ ਹੜਤਾਲ 'ਤੇ ਸਨ, ਸ਼ਾਂਤੀ ਨਾਲ ਇਕੱਠੇ ਹੋਏ ਸਨ ਅਤੇ ਆਪਣੀ ਆਵਾਜ਼ ਬੁਲੰਦ ਕਰ ਰਹੇ ਸਨ। ਅੱਜ ਦੁਪਹਿਰ ਵੇਲੇ ਹੋਈ ਖਿੱਚ-ਧੂਹ, ਲਾਠੀਚਾਰਜ, ਵਗਦੇ ਖ਼ੂਨ ਅਤੇ ਅੱਥਰੂ ਗੈਸ ਦੀਆਂ ਤਸਵੀਰਾਂ ਲੋਕ ਮਨਾਂ ਵਿੱਚੋਂ ਮਿਟਾਉਣੀਆਂ ਸੌਖੀਆਂ ਨਹੀਂ ਹੋਣਗੀਆਂ। ਇਹ ਸਾਰਾ ਘਟਨਾਕ੍ਰਮ ਸ਼ਨਿੱਚਰਵਾਰ ਸਵੇਰ 18 ਜੁਲਾਈ ਤੋਂ ਸ਼ੁਰੂ ਹੋਇਆ ਸੀ ਜਦੋਂ ਇਸ ਅੰਦੋਲਨ ਦਾ ਸਭ ਤੋਂ ਪ੍ਰਮੁੱਖ ਚਿਹਰਾ ਮੰਨੇ ਜਾਂਦੇ ਸੋਨਮ ਵਾਂਗਚੁਕ ਨੂੰ ਪੁਲੀਸ ਨੇ ਬਿਨਾ ਕਿਸੇ ਠੋਸ ਕਾਰਨ ਦੇ ਹਿਰਾਸਤ ਵਿੱਚ ਲਿਆ ਸੀ। ਸ਼ਨਿੱਚਰਵਾਰ ਅਤੇ ਐਤਵਾਰ ਨੂੰ ਉਨ੍ਹਾਂ ਦੀ ਗ਼ੈਰ-ਹਾਜ਼ਰੀ ਦੇ ਬਾਵਜੂਦ ਜੰਤਰ-ਮੰਤਰ ਵਿੱਚ ਚੱਲ ਰਿਹਾ ਪ੍ਰਦਰਸ਼ਨ ਬਿਨਾਂ ਕਿਸੇ ਖ਼ੌਫ਼ ਤੋਂ ਨਿਰੰਤਰ ਜਾਰੀ ਰਿਹਾ।

ਜੇਕਰ ਇਸ ਹਿੰਸਾ ਦੇ ਪਿੱਛੇ ਸਰਕਾਰ ਦਾ ਮਕਸਦ ਅੰਦੋਲਨ ਨੂੰ ਲੀਹੋਂ ਲਾਹੁਣਾ ਸੀ ਤਾਂ ਪਿਛਲੇ ਦਿਨਾਂ ਨੇ ਇਸ ਤੋਂ ਬਿਲਕੁਲ ਉਲਟ ਸਾਬਤ ਕਰ ਦਿੱਤਾ ਹੈ। ਹੁਣ ਇਹ ਗੱਲ ਕੋਈ ਮਾਅਨੇ ਨਹੀਂ ਰੱਖਦੀ ਕਿ ਅੰਦੋਲਨ ਕਿਸ ਨੇ ਸ਼ੁਰੂ ਕੀਤਾ, ਹੁਣ ਇਸ ਦੀ ਅਗਵਾਈ ਕੌਣ ਕਰ ਰਿਹਾ ਹੈ ਜਾਂ ਉੱਥੇ ਖੜ੍ਹਾ ਹਰ ਵਿਅਕਤੀ ਸਾਰੇ ਮੁੱਦਿਆਂ 'ਤੇ ਸਹਿਮਤ ਹੈ ਜਾਂ ਨਹੀਂ। ਅਸਲ ਗੱਲ ਇਹ ਹੈ ਕਿ ਨੌਜਵਾਨਾਂ ਨੇ ਇੰਨੀ ਵੱਡੀ ਗਿਣਤੀ ਵਿੱਚ ਇਕੱਠੇ ਹੋ ਕੇ ਇਸ ਅੰਦੋਲਨ ਉੱਤੇ ਸਮੂਹਿਕ ਤੌਰ 'ਤੇ ਆਪਣਾ ਹੱਕ ਜਤਾਇਆ ਹੈ। ਇਹ ਲਹਿਰ ਹੁਣ ਕਿਸੇ ਇੱਕ ਚਿਹਰੇ, ਨਾਮ ਜਾਂ ਪਾਰਟੀ ਤੋਂ ਕਿਤੇ ਉੱਪਰ ਉੱਠ ਚੁੱਕੀ ਹੈ, ਇਹ ਖ਼ੁਦ ਜਮਹੂਰੀਅਤ ਦਾ ਇੱਕ ਪ੍ਰਚੰਡ ਉਭਾਰ ਹੈ।

ਮੈਂ ਇਹ ਸਭ ਕੁਝ ਆਪਣੀਆਂ ਅੱਖਾਂ ਨਾਲ ਪਹਿਲਾਂ ਸ਼ਨਿੱਚਰਵਾਰ ਅਤੇ ਫਿਰ ਅੱਜ ਦੇਖਿਆ। ਮੈਂ 18 ਜੁਲਾਈ ਨੂੰ ਮਰਨ-ਵਰਤ 'ਤੇ ਬੈਠੇ ਵਿਦਿਆਰਥੀਆਂ ਨਾਲ ਇਕਜੁੱਟਤਾ ਪ੍ਰਗਟਾਉਣ ਲਈ ਜੰਤਰ-ਮੰਤਰ ਗਿਆ ਸੀ। ਮੈਂ ਦਿੱਲੀ ਤੋਂ ਬਾਹਰ ਆਪਣੇ ਸੂਬੇ ਵਿੱਚ ਕੁਝ ਜ਼ਰੂਰੀ ਰੁਝੇਵਿਆਂ ਕਾਰਨ ਪਹਿਲਾਂ ਉੱਥੇ ਨਹੀਂ ਪਹੁੰਚ ਸਕਿਆ ਸੀ। ਜਦੋਂ ਸ਼ਨਿੱਚਰਵਾਰ ਸਵੇਰੇ ਸੋਨਮ ਵਾਂਗਚੁਕ ਨੂੰ ਹਿਰਾਸਤ ਵਿੱਚ ਲੈਣ ਦੀ ਖ਼ਬਰ ਆਈ ਤਾਂ ਇੱਕ ਪਲ ਲਈ ਮੇਰੇ ਮਨ ਵਿੱਚ ਸਵਾਲ ਉੱਠਿਆ ਕਿ ਕੀ ਅਜਿਹੇ ਮਾਹੌਲ ਵਿੱਚ ਪ੍ਰਦਰਸ਼ਨ ਵਾਲੀ ਥਾਂ 'ਤੇ ਜਾਣਾ ਠੀਕ ਹੋਵੇਗਾ? ਮੈਂ ਸੋਚਿਆ ਕਿ ਉੱਥੋਂ ਦਾ ਮਾਹੌਲ ਲਾਜ਼ਮੀ ਤੌਰ 'ਤੇ ਉਦਾਸ ਅਤੇ ਮਾਯੂਸ ਕਰਨ ਵਾਲਾ ਹੋਵੇਗਾ। ਪਰ ਫਿਰ ਮੈਂ ਆਪਣੇ ਆਪ ਨੂੰ ਯਾਦ ਕਰਵਾਇਆ ਕਿ 'ਇਕਜੁੱਟਤਾ' ਦੇ ਅਸਲ ਮਾਅਨੇ ਉਦੋਂ ਹੀ ਹੁੰਦੇ ਹਨ ਜਦੋਂ ਅੰਦੋਲਨਾਂ ਨੂੰ ਡਰਾਉਣ, ਧਮਕਾਉਣ ਜਾਂ ਉਨ੍ਹਾਂ ਦੇ ਹੌਸਲੇ ਪਸਤ ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹੋਣ।

ਜੰਤਰ-ਮੰਤਰ ਵਿੱਚ ਜੋ ਕੁਝ ਮੇਰੇ ਸਾਹਮਣੇ ਆਇਆ, ਉਹ ਮੇਰੀ ਕਲਪਨਾ ਨਾਲੋਂ ਬਿਲਕੁਲ ਵੱਖਰਾ ਸੀ। ਉੱਥੇ ਮਾਯੂਸੀ ਅਤੇ ਥਕਾਵਟ ਦੀ ਥਾਂ ਦ੍ਰਿੜ੍ਹਤਾ ਅਤੇ ਸਿਰੜ ਦਾ ਪਹਿਰਾ ਸੀ। ਉੱਥੋਂ ਦੇ ਮਾਹੌਲ ਵਿੱਚ ਉਮੀਦ, ਨੈਤਿਕ ਵਿਸ਼ਵਾਸ ਅਤੇ ਸਮੂਹਿਕ ਮਕਸਦ ਦੀ ਇੱਕ ਅਦਭੁਤ ਭਾਵਨਾ ਹੁਲਾਰੇ ਮਾਰ ਰਹੀ ਸੀ। ਇਹ ਨੌਜਵਾਨ 'ਕੌਕਰੋਚ ਜਨਤਾ ਪਾਰਟੀ' ਦੇ ਬੈਨਰ ਹੇਠ ਇਕੱਠੇ ਹੋਏ ਸਨ, ਇਹ ਨਾਮ ਆਪਣੇ ਆਪ ਵਿੱਚ ਹੀ ਇੱਕ ਵੱਡੀ ਬਗ਼ਾਵਤ ਦਾ ਪ੍ਰਤੀਕ ਹੈ। ਜਦੋਂ ਉੱਚੇ ਅਹੁਦੇ 'ਤੇ ਬੈਠੇ ਇੱਕ ਵਿਅਕਤੀ ਵੱਲੋਂ ਦੇਸ਼ ਦੇ ਬੇਚੈਨ ਅਤੇ ਬੇਰੁਜ਼ਗਾਰ ਨੌਜਵਾਨਾਂ ਦੀ ਤੁਲਨਾ ਕੌਕਰੋਚਾਂ (ਕੀੜੇ-ਮਕੌੜਿਆਂ) ਨਾਲ ਕਰ ਕੇ ਉਨ੍ਹਾਂ ਨੂੰ ਜ਼ਲੀਲ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਇਨ੍ਹਾਂ ਨੌਜਵਾਨਾਂ ਨੇ ਇਸੇ ਤਾਅਨੇ ਨੂੰ ਆਪਣੀ ਪਛਾਣ ਅਤੇ ਮਾਣ ਦਾ ਪ੍ਰਤੀਕ ਬਣਾ ਲਿਆ। ਸਮਾਜਿਕ ਅੰਦੋਲਨਾਂ ਦੇ ਸਮਾਜ ਸ਼ਾਸਤਰ ਦਾ ਦਹਾਕਿਆਂ ਤੱਕ ਅਧਿਐਨ ਕਰਨ, ਪੜ੍ਹਾਉਣ ਅਤੇ ਇਸ ਨਾਲ ਜੁੜੇ ਰਹਿਣ ਕਰਕੇ ਮੈਂ ਇਸ ਪ੍ਰਦਰਸ਼ਨ ਨੂੰ ਸਿਆਸੀ ਨਜ਼ਰੀਏ ਦੇ ਨਾਲ-ਨਾਲ ਇੱਕ ਅਕਾਦਮਿਕ ਲੈਂਜ਼ ਰਾਹੀਂ ਦੇਖਣ ਤੋਂ ਵੀ ਖ਼ੁਦ ਨੂੰ ਰੋਕ ਨਾ ਸਕਿਆ ਕਿਉਂਕਿ ਇਸ ਅੰਦੋਲਨ ਵਿੱਚ ਉਹ ਸਾਰੇ ਲੱਛਣ ਮੌਜੂਦ ਸਨ ਜੋ ਅੱਜ ਦੇ ਦੌਰ ਦੇ ਜਮਹੂਰੀ ਸੰਘਰਸ਼ਾਂ ਬਾਰੇ ਲਿਖਣ ਵਾਲੇ ਵਿਦਵਾਨਾਂ ਵੱਲੋਂ ਅਕਸਰ ਰੇਖਾਂਕਿਤ ਕੀਤੇ ਜਾਂਦੇ ਹਨ। ਸਿਰਫ਼ ਆਰਥਿਕ ਹੱਕਾਂ ਜਾਂ ਜਮਾਤੀ ਹਿੱਤਾਂ ਦੁਆਲੇ ਉੱਠਣ ਵਾਲੇ ਰਵਾਇਤੀ ਅੰਦੋਲਨਾਂ ਦੇ ਉਲਟ ਇਹ ਅੰਦੋਲਨ ਜਮਹੂਰੀ ਹੱਕਾਂ, ਸੰਵਿਧਾਨਕ ਕਦਰਾਂ-ਕੀਮਤਾਂ ਅਤੇ ਨਾਗਰਿਕਾਂ ਦੇ ਮਾਣ-ਸਨਮਾਨ ਨੂੰ ਬਹਾਲ ਕਰਨ ਲਈ ਵੀ ਓਨਾ ਹੀ ਫ਼ਿਕਰਮੰਦ ਸੀ। ਸਮਾਜ ਸ਼ਾਸਤਰੀ ਅਲੇਨ ਟੂਰੇਨ ਦਾ ਇਹ ਮੰਨਣਾ ਹੈ ਕਿ ਅਜਿਹੇ ਅੰਦੋਲਨ ਅਸਲ ਵਿੱਚ ਸਮਾਜ ਨੂੰ ਇੱਕ ਨਵੀਂ ਦਿਸ਼ਾ ਦੇਣ ਦੀ ਲੜਾਈ ਹੁੰਦੇ ਹਨ, ਮਤਲਬ ਇਹ ਤੈਅ ਕਰਨ ਦੀ ਲੜਾਈ ਕਿ ਲੋਕਾਂ ਨੂੰ ਕਿਹੜੇ ਅਸੂਲਾਂ 'ਤੇ ਜਿਊਣਾ ਚਾਹੀਦਾ ਹੈ। ਇਹ ਗੱਲ ਇਨ੍ਹਾਂ ਨੌਜਵਾਨਾਂ ਦੀ ਸੋਚ 'ਤੇ ਪੂਰੀ ਢੁਕਦੀ ਸੀ। ਇਸੇ ਤਰ੍ਹਾਂ ਅਲਬਰਟੋ ਮੇਲੂਚੀ ਦਾ ਇਹ ਕਹਿਣਾ ਵੀ ਇੱਥੇ ਬਿਲਕੁਲ ਸੱਚ ਸਾਬਤ ਹੁੰਦਾ ਦਿਖਾਈ ਦਿੱਤਾ ਕਿ ਅਜਿਹੇ ਅੰਦੋਲਨਾਂ ਦੀ ਅਸਲ ਤਾਕਤ ਕਿਸੇ ਵੱਡੀ ਲੀਡਰਸ਼ਿਪ ਜਾਂ ਜਥੇਬੰਦਕ ਢਾਂਚੇ ਤੋਂ ਨਹੀਂ ਸਗੋਂ ਆਪਸੀ ਸਾਂਝ ਅਤੇ ਸਾਂਝੇ ਸੰਕਲਪ ਤੋਂ ਬਣਦੀ ਹੈ। ਇਹੋ ਕਾਰਨ ਸੀ ਕਿ ਜੰਤਰ-ਮੰਤਰ 'ਤੇ ਬਿਲਕੁਲ ਅਣਜਾਣ ਲੋਕ ਵੀ ਇੱਕ ਸਾਂਝੇ ਮਕਸਦ ਲਈ ਬੜੀ ਸਹਿਜਤਾ ਨਾਲ ਇੱਕ-ਦੂਜੇ ਦੇ ਸਾਥੀ ਬਣਦੇ ਜਾ ਰਹੇ ਸਨ।



ਪਰ ਜੰਤਰ-ਮੰਤਰ ਦੀ ਇਸ ਪਹਿਲੀ ਵੱਡੀ ਲਾਮਬੰਦੀ ਨੇ ਆਪਣੇ ਬਾਰੇ ਜੋ ਕੁਝ ਸਾਬਤ ਕੀਤਾ ਹੈ, ਉਹ ਮੇਰੇ ਮਨ 'ਤੇ ਕਿਸੇ ਵੀ ਸਿਧਾਂਤਕ ਢਾਂਚੇ ਨਾਲੋਂ ਵੱਧ ਡੂੰਘਾ ਅਸਰ ਛੱਡ ਗਿਆ ਅਤੇ ਇੱਥੇ ਪਿਛਲੇ ਕੁਝ ਦਿਨਾਂ ਦੌਰਾਨ ਹੋਇਆ ਸਰਕਾਰੀ ਜਬਰ, ਅਣਜਾਣੇ ਵਿੱਚ ਹੀ ਇਸ ਅੰਦੋਲਨ ਦੀ ਸਭ ਤੋਂ ਵੱਡੀ ਗਵਾਹੀ ਬਣ ਗਿਆ ਹੈ। ਇੰਨੀ ਵੱਡੀ ਗਿਣਤੀ ਵਿੱਚ ਨੌਜਵਾਨਾਂ ਦਾ ਇਕੱਠੇ ਹੋਣਾ ਅਤੇ ਉਹ ਵੀ ਇੱਕੋ ਸਾਂਝੀ ਸੋਚ ਨਾਲ, ਇਸ ਗੱਲ ਦਾ ਪੁਖ਼ਤਾ ਸਬੂਤ ਸੀ ਕਿ ਇਹ ਅੰਦੋਲਨ ਕੋਈ ਬਣਾਵਟੀ ਜਾਂ ਦਿਖਾਵੇ ਲਈ ਖੜ੍ਹਾ ਕੀਤਾ ਗਿਆ ਪ੍ਰਪੰਚ ਨਹੀਂ ਹੈ। ਇਸ ਵਿੱਚ ਅਸਲ ਹੱਕਾਂ ਦੀ ਲੜਾਈ ਅਤੇ ਸੱਚੇ ਵਿਸ਼ਵਾਸ ਦੀ ਝਲਕ ਸਾਫ਼ ਦਿਖਾਈ ਦਿੰਦੀ ਹੈ। ਨਾ ਹੀ ਇਹ ਅੰਦੋਲਨ ਅਲਪਕਾਲੀ ਜਾਪਦਾ ਹੈ, ਜਿਵੇਂ ਕਿ ਅਕਸਰ ਹਕੂਮਤਾਂ ਉਮੀਦ ਕਰਦੀਆਂ ਹਨ ਕਿ ਇਹ ਮਹਿਜ਼ ਇੱਕ ਆਰਜ਼ੀ ਉਬਾਲ ਹੈ ਜੋ ਜਲਦੀ ਹੀ ਸ਼ਾਂਤ ਹੋ ਜਾਵੇਗਾ।

ਸਭ ਤੋਂ ਅਹਿਮ ਗੱਲ ਇਹ ਰਹੀ ਕਿ ਜਿਸ ਸਵੇਰ ਇਸ ਅੰਦੋਲਨ ਦੇ ਸਭ ਤੋਂ ਪ੍ਰਮੁੱਖ ਚਿਹਰੇ (ਸੋਨਮ ਵਾਂਗਚੁਕ) ਨੂੰ ਪੁਲੀਸ ਚੁੱਕ ਕੇ ਲੈ ਗਈ, ਉਸ ਵੇਲੇ ਵੀ ਇਹ ਇਕੱਠ ਨਾ ਤਾਂ ਡੋਲਿਆ ਅਤੇ ਨਾ ਹੀ ਖਿੰਡਿਆ ਸਗੋਂ ਪੂਰੇ ਸੰਜਮ ਨਾਲ ਉੱਥੇ ਡਟਿਆ ਰਿਹਾ। ਇਹ ਉਸ ਸੰਜੀਦਗੀ ਅਤੇ ਦਲੇਰੀ ਦਾ ਪ੍ਰਗਟਾਵਾ ਸੀ ਜੋ ਆਮ ਤੌਰ 'ਤੇ ਨੌਜਵਾਨਾਂ ਨਾਲ ਜੋੜ ਕੇ ਨਹੀਂ ਦੇਖਿਆ ਜਾਂਦਾ। ਇਸ ਨੇ ਸਾਬਤ ਕਰ ਦਿੱਤਾ ਕਿ ਇਹ ਅੰਦੋਲਨ ਕਿਸੇ ਇੱਕ ਸਿਰਮੌਰ ਆਗੂ ਤੋਂ ਬਿਨਾਂ ਵੀ ਆਪਣੇ-ਆਪ ਨੂੰ ਕਾਇਮ ਰੱਖ ਸਕਦਾ ਹੈ। ਜਿਹੜਾ ਅੰਦੋਲਨ ਸ਼ਨਿਚਰਵਾਰ ਸਵੇਰੇ ਆਪਣੇ ਸਭ ਤੋਂ ਚਰਚਿਤ ਚਿਹਰੇ ਦੇ ਹਿਰਾਸਤ ਵਿੱਚ ਲਏ ਜਾਣ ਦੇ ਬਾਵਜੂਦ ਨਵਾਂ ਹਫਤਾ ਚੜ੍ਹਨ ਤੱਕ ਡਟਿਆ ਰਹੇ ਅਤੇ ਸੋਮਵਾਰ ਨੂੰ ਆਪਣੇ ਮਿੱਥੇ ਪ੍ਰੋਗਰਾਮ ਮੁਤਾਬਿਕ ਸੰਸਦ ਵੱਲ ਮਾਰਚ ਕਰ ਦੇਵੇ ਉਸ ਨੇ ਇਸ ਸਵਾਲ ਦਾ ਜਵਾਬ ਪਹਿਲਾਂ ਹੀ ਦੇ ਦਿੱਤਾ ਹੈ ਕਿ ਉਹ ਆਪਣੀ ਹੋਂਦ ਲਈ ਕਿਸੇ ਇੱਕ ਸ਼ਖ਼ਸ 'ਤੇ ਨਿਰਭਰ ਹੈ ਜਾਂ ਨਹੀਂ। ਇਸ ਲਾਮਬੰਦੀ ਨੂੰ ਇੰਨਾ ਵਿਆਪਕ ਹੁੰਗਾਰਾ ਇਸ ਲਈ ਮਿਲਿਆ ਹੈ ਕਿਉਂਕਿ ਇਸ ਨੇ ਆਮ ਨਾਗਰਿਕਾਂ ਦੇ ਇੱਕ ਬਹੁਤ ਵੱਡੇ ਹਿੱਸੇ ਦੇ ਜਜ਼ਬਾਤ ਨੂੰ ਛੋਹਿਆ ਹੈ, ਜਿੱਥੇ ਹਰ ਕੋਈ ਆਪਣੀਆਂ ਨਿੱਜੀ ਚਿੰਤਾਵਾਂ ਲੈ ਕੇ ਆਇਆ ਸੀ ਪਰ ਸਾਰਿਆਂ ਨੂੰ ਇੱਥੇ ਆਪਣੀ ਗੱਲ ਕਹਿਣ ਲਈ ਇੱਕ ਸਾਂਝੀ ਭਾਸ਼ਾ ਮਿਲ ਗਈ। ਇਹ ਸਾਫ਼ ਨਜ਼ਰ ਆ ਰਿਹਾ ਹੈ ਕਿ ਹਰ ਤਰ੍ਹਾਂ ਦੇ ਜਮਹੂਰੀ ਢਾਂਚੇ ਨੂੰ ਅੰਦਰੋਂ ਲਗਾਤਾਰ ਖੋਖਲਾ ਕੀਤਾ ਜਾ ਰਿਹਾ ਹੈ, ਅਤੇ ਸਿੱਖਿਆ (ਜੋ ਕਿ ਇੱਕ ਗਣਰਾਜ ਵੱਲੋਂ ਆਪਣੇ ਨੌਜਵਾਨਾਂ ਨਾਲ ਕੀਤਾ ਜਾਣ ਵਾਲਾ ਸਭ ਤੋਂ ਮੁਢਲਾ ਵਾਅਦਾ ਹੋਣਾ ਚਾਹੀਦਾ ਹੈ) ਇਸ ਨਿਘਾਰ ਦੀ ਸਭ ਤੋਂ ਪ੍ਰਤੱਖ ਮਿਸਾਲ ਬਣ ਚੁੱਕੀ ਹੈ ਅਤੇ ਇਸ ਸਭ ਦੇ ਸਿਖਰ 'ਤੇ ਬੈਠੀ ਸਰਕਾਰ ਦਾ ਮਰਨ ਵਰਤ 'ਤੇ ਬੈਠੇ ਵਿਦਿਆਰਥੀਆਂ ਪ੍ਰਤੀ ਰਵੱਈਆ ਕੀ ਹੈ, ਇਹ ਅੱਜ ਦੁਪਹਿਰ ਵੇਲੇ ਚੱਲੀਆਂ ਲਾਠੀਆਂ ਅਤੇ ਅੱਥਰੂ ਗੈਸ ਦੇ ਗੋਲਿਆਂ ਨੇ ਬੜੀ ਬੇਰਹਿਮੀ ਨਾਲ ਸਪੱਸ਼ਟ ਕਰ ਦਿੱਤਾ ਹੈ।

ਇਸ ਇਕੱਠ ਦੇ ਵੱਡੇ ਪਾਸਾਰ ਦਾ ਕਾਰਨ ਇਹ ਹੈ ਕਿ ਇੱਥੇ ਵੱਖ-ਵੱਖ ਗਿਲੇ-ਸ਼ਿਕਵੇ ਇੱਕ ਸਾਂਝੀ ਸੁਰ ਵਿੱਚ ਪਰੋਏ ਗਏ ਹਨ। ਸਭ ਤੋਂ ਮੁੱਖ ਮੁੱਦੇ ਜਮਹੂਰੀਅਤ ਨਾਲ ਜੁੜੇ ਹਨ। ਅੱਜ ਨਾਗਰਿਕਤਾ ਦਾ ਸੰਕਟ ਕਈ ਰੂਪਾਂ ਵਿੱਚ ਸਾਹਮਣੇ ਆ ਰਿਹਾ ਹੈ, ਭਾਵੇਂ ਉਹ ਦੇਸ਼ 'ਤੇ ਹੱਕ ਜਤਾਉਣ ਦੀ ਬੇਯਕੀਨੀ ਹੋਵੇ, ਅਸਹਿਮਤੀ ਲਈ ਸੁੰਗੜਦਾ ਦਾਇਰਾ ਹੋਵੇ ਜਾਂ ਆਮ ਲੋਕਾਂ ਦੀ ਸੁਣਵਾਈ ਨਾ ਹੋਣ ਦਾ ਅਹਿਸਾਸ। ਇਸ ਦੇ ਨਾਲ ਹੀ ਸਮਾਜਿਕ ਚਿੰਤਾਵਾਂ ਵੀ ਹਨ, ਸਾਂਝੇ ਸਮਾਜ ਦੇ ਤਾਣੇ-ਬਾਣੇ 'ਤੇ ਪੈ ਰਿਹਾ ਦਬਾਅ, ਸੱਤਾ ਦੀ ਸ਼ਹਿ 'ਤੇ ਵਧ ਰਿਹਾ ਧਰੁਵੀਕਰਨ ਅਤੇ ਆਪਸੀ ਭਾਈਚਾਰਕ ਸਾਂਝ ਦਾ ਘਾਣ ਹਰ ਕੋਈ ਮਹਿਸੂਸ ਕਰ ਰਿਹਾ ਹੈ। ਇਨ੍ਹਾਂ ਦੋਵਾਂ ਦੇ ਪਿੱਛੇ ਉਹ ਆਰਥਿਕ ਮਾਰ ਹੈ ਜੋ ਸਭ ਤੋਂ ਵੱਧ ਨੌਜਵਾਨਾਂ 'ਤੇ ਪੈ ਰਹੀ ਹੈ। ਉਹ ਵਧਦੀ ਬੇਰੁਜ਼ਗਾਰੀ, ਅਮੀਰ-ਗਰੀਬ ਦੇ ਵਧ ਰਹੇ ਪਾੜੇ ਅਤੇ ਆਸਮਾਨ ਛੂਹ ਰਹੀ ਮਹਿੰਗਾਈ ਵਰਗੀ ਚੌਤਰਫ਼ੀ ਮਾਰ ਝੱਲ ਰਹੇ ਹਨ। ਵੱਖੋ-ਵੱਖਰੇ ਪਿਛੋਕੜ ਵਾਲੇ ਇਨ੍ਹਾਂ ਦੁੱਖਾਂ ਦਾ ਇੱਥੇ ਇੱਕ-ਦੂਜੇ ਦਾ ਹਮਦਰਦ ਬਣਨਾ ਇਹ ਦਰਸਾਉਂਦਾ ਹੈ ਕਿ ਇਹ ਕੋਈ ਸੀਮਤ ਪ੍ਰਦਰਸ਼ਨ ਨਹੀਂ ਬਲਕਿ ਇੱਕ ਬਹੁਤ ਵੱਡਾ ਜਮਹੂਰੀ ਸਰੋਕਾਰ ਹੈ।

ਇਹੀ ਮੁੱਖ ਵਜ੍ਹਾ ਹੈ ਜਿਸ ਕਰਕੇ ਮੈਂ ਨਹੀਂ ਮੰਨਦਾ ਕਿ ਇਹ ਅੰਦੋਲਨ ਇੰਨੀ ਜਲਦੀ ਖ਼ਤਮ ਹੋਣ ਵਾਲਾ ਹੈ। ਹਕੂਮਤਾਂ ਅਕਸਰ ਇਹ ਭੁਲੇਖਾ ਪਾਲ ਲੈਂਦੀਆਂ ਹਨ ਕਿ ਮੁਜ਼ਾਹਰੇ ਮਹਿਜ਼ ਕੁਝ ਸਮੇਂ ਦਾ ਉਬਾਲ ਹੁੰਦੇ ਹਨ, ਜਿਨ੍ਹਾਂ ਨੂੰ ਗ੍ਰਿਫ਼ਤਾਰੀਆਂ, ਥਕਾਉਣ ਦੀ ਨੀਤੀ ਜਾਂ ਪ੍ਰਸ਼ਾਸਨਿਕ ਪਾਬੰਦੀਆਂ ਰਾਹੀਂ ਨਜਿੱਠਿਆ ਜਾ ਸਕਦਾ ਹੈ। ਸਮਾਜਿਕ ਅੰਦੋਲਨਾਂ ਦੇ ਮਾਹਿਰ ਅਜਿਹੇ ਭੁਲੇਖਿਆਂ ਵਿਰੁੱਧ ਵਾਰ-ਵਾਰ ਚਿਤਾਵਨੀ ਦਿੰਦੇ ਹਨ। ਇੱਕ ਵਾਰ ਜਦੋਂ ਕੋਈ ਅੰਦੋਲਨ ਇੱਕ ਸਾਂਝੀ ਜਮਹੂਰੀ ਪਛਾਣ ਸਿਰਜਣ ਵਿੱਚ ਕਾਮਯਾਬ ਹੋ ਜਾਂਦਾ ਹੈ ਤਾਂ ਇਹ ਵੱਖ-ਵੱਖ ਥਾਵਾਂ ਅਤੇ ਪੀੜ੍ਹੀਆਂ ਵਿੱਚ ਖ਼ੁਦ-ਬ-ਖ਼ੁਦ ਫੈਲਣ ਦੀ ਸਮਰੱਥਾ ਹਾਸਲ ਕਰ ਲੈਂਦਾ ਹੈ। ਫਿਰ ਇਹ ਪੂਰੀ ਤਰ੍ਹਾਂ ਕਿਸੇ ਇੱਕ ਧਰਨਾ ਸਥਾਨ ਜਾਂ ਮੁੱਠੀ ਭਰ ਆਗੂਆਂ 'ਤੇ ਨਿਰਭਰ ਨਹੀਂ ਰਹਿੰਦਾ ਕਿਉਂਕਿ ਇਹ ਲੋਕਾਂ ਦੀਆਂ ਗੱਲਾਂ-ਬਾਤਾਂ, ਰਿਸ਼ਤਿਆਂ ਅਤੇ ਸਮੂਹਿਕ ਯਾਦਾਂ ਵਿੱਚ ਜਿਊਣਾ ਸ਼ੁਰੂ ਕਰ ਦਿੰਦਾ ਹੈ। ਸਰੀਰਕ ਹੋਂਦ ਜਾਂ ਧਰਨੇ ਵਾਲੀਆਂ ਥਾਵਾਂ ਨੂੰ ਤਾਂ ਬੈਰੀਕੇਡ ਲਾ ਕੇ ਰੋਕਿਆ ਜਾ ਸਕਦਾ ਹੈ ਪਰ ਜਮਹੂਰੀ ਉਮੰਗਾਂ ਨੂੰ ਨੱਕਾ ਨਹੀਂ ਲਾਇਆ ਜਾ ਸਕਦਾ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਸਰਕਾਰੀ ਜਬਰ ਦੀ ਹਰ ਘਟਨਾ ਆਪਣੇ ਅੰਦਰ ਨਾਗਰਿਕਾਂ ਦੇ ਉਸ ਦਾਇਰੇ ਨੂੰ ਹੋਰ ਵੱਡਾ ਕਰਨ ਦੀ ਸੰਭਾਵਨਾ ਛੁਪਾਈ ਬੈਠੀ ਹੁੰਦੀ ਹੈ, ਜੋ ਸੱਤਾ, ਇਨਸਾਫ਼ ਅਤੇ ਸੰਵਿਧਾਨਕ ਨਾਗਰਿਕਤਾ ਬਾਰੇ ਤਿੱਖੇ ਸਵਾਲ ਪੁੱਛਣੇ ਸ਼ੁਰੂ ਕਰ ਦਿੰਦੇ ਹਨ। ਅਸੀਂ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਪਹਿਲਾਂ ਹੀ ਅਜਿਹੇ ਪ੍ਰਦਰਸ਼ਨ ਹੁੰਦੇ ਦੇਖ ਰਹੇ ਹਾਂ।

ਆਪਣੀਆਂ ਦੋਵਾਂ ਫੇਰੀਆਂ ਦੌਰਾਨ ਮੈਂ ਜਿਨ੍ਹਾਂ ਨੌਜਵਾਨਾਂ ਨੂੰ ਮਿਲਿਆ ਉਨ੍ਹਾਂ ਨੇ ਮੇਰੇ ਅੰਦਰ ਇੱਕ ਨਵਾਂ ਭਰੋਸਾ ਜਗਾਇਆ ਹੈ। ਜੇਕਰ ਉਹ ਆਪਸੀ ਸਾਂਝ, ਨੈਤਿਕ ਦਲੇਰੀ ਅਤੇ ਜਮਹੂਰੀ ਇਕਜੁੱਟਤਾ ਦੀ ਇਸ ਭਾਵਨਾ ਨੂੰ ਇਸੇ ਤਰ੍ਹਾਂ ਬਰਕਰਾਰ ਰੱਖਦੇ ਹਨ ਤਾਂ ਇਹ ਅੰਦੋਲਨ ਸਿਰਫ਼ ਜਿਊਂਦਾ ਹੀ ਨਹੀਂ ਰਹੇਗਾ, ਬਲਕਿ ਇਹ ਭਾਰਤੀ ਲੋਕਤੰਤਰ ਦੀਆਂ ਨੈਤਿਕ ਕਦਰਾਂ-ਕੀਮਤਾਂ ਨੂੰ ਹੋਰ ਅਮੀਰ ਕਰੇਗਾ। ਲੰਮਾ ਸਮਾਂ ਚੱਲਣ ਵਾਲਾ ਹਰ ਸਮਾਜਿਕ ਅੰਦੋਲਨ ਮਹਿਜ਼ ਮੌਜੂਦਾ ਹਾਲਾਤ ਦੇ ਖ਼ਿਲਾਫ਼ ਇੱਕ ਰੋਸ ਪ੍ਰਦਰਸ਼ਨ ਨਹੀਂ ਹੁੰਦਾ ਸਗੋਂ ਉਹ ਇੱਕ ਵਧੇਰੇ ਇਨਸਾਫ਼ਪਸੰਦ ਭਵਿੱਖ ਦੀ ਕਲਪਨਾ ਕਰਨ ਦਾ ਸੱਦਾ ਵੀ ਹੁੰਦਾ ਹੈ। ਚੋਣਾਂ ਤੋਂ ਪਰ੍ਹੇ, ਜਮਹੂਰੀਅਤ ਉਨ੍ਹਾਂ ਨਾਗਰਿਕਾਂ ਰਾਹੀਂ ਹੀ ਨਵੀਂ ਰੂਹ ਫੂਕਦੀ ਹੈ ਜੋ ਉਮੀਦ ਦਾ ਪੱਲਾ ਛੱਡਣ ਤੋਂ ਇਨਕਾਰ ਕਰਦੇ ਹਨ ਅਤੇ ਹਮਦਰਦੀ ਨਾਲ ਇੱਕਮੁੱਠ ਹੁੰਦੇ ਹਨ। ਉਹ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਦੇ ਹਨ ਅਤੇ ਇਸ 'ਤੇ ਜ਼ੋਰ ਦਿੰਦੇ ਹਨ ਕਿ ਸੰਵਿਧਾਨ ਦਾ ਵਾਅਦਾ ਸਿਰਫ਼ ਕਾਗ਼ਜ਼ੀ ਨਹੀਂ, ਬਲਕਿ ਇੱਕ ਜਿਊਂਦੀ-ਜਾਗਦੀ ਹਕੀਕਤ ਬਣਿਆ ਰਹਿਣਾ ਚਾਹੀਦਾ ਹੈ।



# ਖ਼ਬਰਨਾਮਾ



## ਪਾਵਰਕੌਮ ਦੀ ਵਿੱਤੀ ਹਾਲਤ 'ਤੇ ਉੱਠੇ ਸਵਾਲ

### 10 ਹਜ਼ਾਰ ਕਰੋੜ ਰੁਪਏ ਇਕੱਠੇ ਕਰਨ ਦੀ ਬਣੀ ਯੋਜਨਾ



**ਚੰਡੀਗੜ੍ਹ:** ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪਾਵਰਕੌਮ) ਦੀ ਵਿੱਤੀ ਸਥਿਤੀ ਨੂੰ ਲੈ ਕੇ ਨਵੀਆਂ ਚਰਚਾਵਾਂ ਸ਼ੁਰੂ ਹੋ ਗਈਆਂ ਹਨ।

ਜਾਣਕਾਰੀ ਮੁਤਾਬਕ ਬਿਜਲੀ ਕੰਪਨੀ ਨੇ ਆਪਣੀਆਂ ਵਿੱਤੀ ਲੋੜਾਂ ਨੂੰ ਪੂਰਾ ਕਰਨ ਲਈ ਮਾਰਕੀਟ ਰਾਹੀਂ ਕਰੀਬ 10 ਹਜ਼ਾਰ ਕਰੋੜ ਰੁਪਏ ਇਕੱਠੇ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਖ਼ਾਸ ਗੱਲ ਇਹ ਹੈ ਕਿ ਇਹ ਰਕਮ ਸਰਕਾਰੀ ਗਾਰੰਟੀ ਤੋਂ ਬਿਨਾਂ ਜੁਟਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ, ਜਿਸ ਨੂੰ ਪਾਵਰਕੌਮ ਦੇ ਵਿੱਤੀ ਪ੍ਰਬੰਧਨ ਦੇ ਸੰਦਰਭ ਵਿੱਚ ਇੱਕ ਮਹੱਤਵਪੂਰਨ ਕਦਮ ਮੰਨਿਆ ਜਾ ਰਿਹਾ ਹੈ।

ਸੂਤਰਾਂ ਅਨੁਸਾਰ ਪਾਵਰਕੌਮ ਨੇ ਨਾਨ-ਕਨਵਰਟੀਬਲ ਡਿਬੈਂਚਰਜ਼ ਅਤੇ ਬਾਂਡ ਜਾਰੀ ਕਰਕੇ ਧਨ ਇਕੱਠਾ ਕਰਨ ਦੀ ਯੋਜਨਾ ਬਣਾਈ ਹੈ। ਇਸ ਲਈ ਮਾਰਕੀਟ ਤੋਂ ਪੂੰਜੀ ਇਕੱਠੀ ਕਰਨ ਦੀ ਪ੍ਰਕਿਰਿਆ ਨੂੰ ਅੱਗੇ ਵਧਾਉਣ ਵਾਸਤੇ ਸੇਬੀ ਕੋਲ ਰਜਿਸਟਰਡ ਕੈਟਾਗਰੀ-1 ਮਰਚੈਂਟ ਬੈਂਕਰਾਂ ਤੋਂ ਆਨਲਾਈਨ ਬੋਲੀਆਂ ਮੰਗੀਆਂ ਗਈਆਂ ਹਨ, ਤਾਂ ਜੋ ਟਰਾਂਜ਼ੈਕਸ਼ਨ ਐਡਵਾਈਜ਼ਰ ਅਤੇ ਅਰੇਂਜਰ ਦੀ ਨਿਯੁਕਤੀ ਕੀਤੀ ਜਾ ਸਕੇ।

ਕੁਝ ਸਮਾਂ ਪਹਿਲਾਂ ਤੱਕ ਪਾਵਰਕੌਮ ਵੱਲੋਂ ਆਪਣੇ ਆਪ ਨੂੰ ਵਿੱਤੀ ਤੌਰ 'ਤੇ ਮਜ਼ਬੂਤ ਅਤੇ ਮੁਨਾਫ਼ੇ ਵਾਲੀ ਸੰਸਥਾ ਵਜੋਂ ਪੇਸ਼ ਕੀਤਾ ਜਾ ਰਿਹਾ ਸੀ, ਪਰ ਹੁਣ ਵੱਡੇ ਪੱਧਰ 'ਤੇ ਮਾਰਕੀਟ ਤੋਂ ਕਰਜ਼ਾ ਇਕੱਠਾ ਕਰਨ ਦੀ ਲੋੜ ਨੇ ਇਸ ਦੀ ਆਰਥਿਕ ਸਥਿਤੀ ਬਾਰੇ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ।

ਕੰਪਨੀ ਵੱਲੋਂ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਕੋਲ ਸਾਲਾਨਾ ਮਾਲੀਆ ਲੋੜ ਦਾ ਨਵਾਂ ਪ੍ਰਸਤਾਵ ਵੀ ਪੇਸ਼ ਕੀਤਾ ਗਿਆ ਹੈ।

ਪਾਵਰਕੌਮ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਕੰਪਨੀ ਨੂੰ ਪੰਜਾਬ ਸਰਕਾਰ ਤੋਂ ਬਿਜਲੀ ਸਬਸਿਡੀ ਦੇ ਹਜ਼ਾਰਾਂ ਕਰੋੜ ਰੁਪਏ ਅਜੇ ਤੱਕ ਪ੍ਰਾਪਤ ਨਹੀਂ ਹੋਏ। ਦੱਸਿਆ ਜਾ ਰਿਹਾ ਹੈ ਕਿ ਪਿਛਲੇ ਅਤੇ ਮੌਜੂਦਾ ਵਿੱਤੀ ਸਾਲ ਨਾਲ ਸੰਬੰਧਿਤ ਲਗਭਗ 7 ਹਜ਼ਾਰ ਕਰੋੜ ਰੁਪਏ ਦੀ ਸਬਸਿਡੀ ਬਕਾਇਆ ਹੈ। ਇਸ ਤੋਂ ਇਲਾਵਾ ਰਾਜ ਸਰਕਾਰ ਦੇ ਵੱਖ-ਵੱਖ ਵਿਭਾਗਾਂ ਵੱਲੋਂ ਵੀ ਕਰੀਬ 2,600 ਕਰੋੜ ਰੁਪਏ ਦੇ ਬਿਜਲੀ ਬਿੱਲ ਅਜੇ ਤੱਕ ਅਦਾ ਨਹੀਂ ਕੀਤੇ ਗਏ।

ਬਿਜਲੀ ਦੀ ਵਧਦੀ ਮੰਗ ਨੇ ਵੀ ਪਾਵਰਕੌਮ ਦੀਆਂ ਮੁਸ਼ਕਲਾਂ ਵਧਾਈਆਂ ਹਨ। ਗਰਮੀ ਦੇ ਮੌਸਮ ਦੌਰਾਨ ਪੀਕ ਲੋਡ ਨੂੰ ਪੂਰਾ ਕਰਨ ਲਈ ਕੰਪਨੀ ਨੂੰ ਖੁੱਲ੍ਹੇ ਬਾਜ਼ਾਰ ਤੋਂ ਉੱਚੀਆਂ ਕੀਮਤਾਂ 'ਤੇ ਬਿਜਲੀ ਖਰੀਦਣੀ ਪਈ, ਜਿਸ ਨਾਲ ਵਿੱਤੀ ਦਬਾਅ ਹੋਰ ਵਧ ਗਿਆ।

ਵਿੱਤੀ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਸਰਕਾਰੀ ਗਾਰੰਟੀ ਤੋਂ ਬਿਨਾਂ ਬਾਂਡ ਜਾਰੀ ਕੀਤੇ ਜਾਂਦੇ ਹਨ ਤਾਂ ਪਾਵਰਕੌਮ ਨੂੰ ਨਿਵੇਸ਼ਕਾਂ ਦਾ ਭਰੋਸਾ ਜਿੱਤਣ ਲਈ ਆਪਣੀਆਂ ਕੁਝ ਸੰਪਤੀਆਂ ਗਿਰਵੀ ਰੱਖਣੀਆਂ ਪੈ ਸਕਦੀਆਂ ਹਨ। ਇਸ ਤੋਂ ਇਲਾਵਾ ਮਰਚੈਂਟ ਬੈਂਕਰਾਂ ਨੂੰ ਵੱਧ ਕਮਿਸ਼ਨ ਦੇਣ ਦੀ ਸੰਭਾਵਨਾ ਵੀ ਜਤਾਈ ਜਾ ਰਹੀ ਹੈ, ਜਿਸ ਨਾਲ ਕਰਜ਼ਾ ਪ੍ਰਾਪਤ ਕਰਨ ਦੀ ਕੁੱਲ ਲਾਗਤ ਵਿੱਚ ਵਾਧਾ ਹੋ ਸਕਦਾ ਹੈ।

ਇਸ ਮਾਮਲੇ ਨੇ ਇੱਕ ਹੋਰ ਅਹਿਮ ਸਵਾਲ ਵੀ ਖੜ੍ਹਾ ਕੀਤਾ ਹੈ ਕਿ ਜੇਕਰ ਪੰਜਾਬ ਸਰਕਾਰ ਇਨ੍ਹਾਂ ਬਾਂਡਾਂ ਲਈ ਗਾਰੰਟੀ ਦੇਣ ਤੋਂ ਪਰਹੇਜ਼ ਕਰ ਰਹੀ ਹੈ ਤਾਂ ਪਾਵਰਕੌਮ ਆਪਣੇ ਪੱਧਰ 'ਤੇ ਇੰਨੀ ਵੱਡੀ ਵਿੱਤੀ ਦੇਣਦਾਰੀ ਕਿਉਂ ਸਵੀਕਾਰ ਕਰ ਰਹੀ ਹੈ।

ਵਿੱਤੀ ਮਾਹਿਰਾਂ ਅਨੁਸਾਰ ਇਹ ਕਦਮ ਕੰਪਨੀ ਦੀ ਨਕਦੀ ਸੰਬੰਧੀ ਚੁਣੌਤੀਆਂ ਵੱਲ ਇਸ਼ਾਰਾ ਕਰਦਾ ਹੈ ਅਤੇ ਭਵਿੱਖ ਵਿੱਚ ਇਸ ਦੇ ਵਿੱਤੀ ਪ੍ਰਬੰਧਨ 'ਤੇ ਹੋਰ ਦਬਾਅ ਪੈ ਸਕਦਾ ਹੈ।

ਆਉਣ ਵਾਲੇ ਸਮੇਂ ਵਿੱਚ ਇਹ ਦੇਖਣਾ ਮਹੱਤਵਪੂਰਨ ਹੋਵੇਗਾ ਕਿ ਪਾਵਰਕੌਮ ਮਾਰਕੀਟ ਤੋਂ ਧਨ ਇਕੱਠਾ ਕਰਨ ਦੀ ਇਸ ਯੋਜਨਾ ਨੂੰ ਕਿਵੇਂ ਅਮਲ ਵਿੱਚ ਲਿਆਉਂਦੀ ਹੈ ਅਤੇ ਸਰਕਾਰ ਵੱਲੋਂ ਬਕਾਇਆ ਰਕਮ ਦੇ ਭੁਗਤਾਨ ਸਬੰਧੀ ਕੀ ਫ਼ੈਸਲੇ ਕੀਤੇ ਜਾਂਦੇ ਹਨ। ਇਸ ਦੇ ਨਾਲ ਹੀ ਬਿਜਲੀ ਖੇਤਰ ਦੀ ਵਿੱਤੀ ਸਥਿਰਤਾ ਅਤੇ ਖਪਤਕਾਰਾਂ 'ਤੇ ਪੈਣ ਵਾਲੇ ਸੰਭਾਵਿਤ ਪ੍ਰਭਾਵਾਂ ਉੱਤੇ ਵੀ ਨਜ਼ਰ ਰਹੇਗੀ।

## ਭਾਰਤ-ਅਮਰੀਕਾ ਵਪਾਰ ਸਮਝੌਤੇ ਨੇ ਮੁੜ ਭਖਾਇਆ ਕਿਸਾਨੀ ਮੁੱਦਾ, ਪੰਜਾਬ ਵਿੱਚ ਵਧੀ ਚਿੰਤਾ

**ਚੰਡੀਗੜ੍ਹ:** ਭਾਰਤ-ਅਮਰੀਕਾ ਵਿਚਾਲੇ ਪ੍ਰਸਤਾਵਿਤ ਵਪਾਰ ਸਮਝੌਤੇ ਨੂੰ ਲੈ ਕੇ ਦੇਸ਼ ਭਰ ਵਿੱਚ ਕਿਸਾਨਾਂ ਦੀ ਚਿੰਤਾ ਵਧਣ ਲੱਗੀ ਹੈ। ਇਸ ਸਮਝੌਤੇ ਦੇ ਸੰਭਾਵਿਤ ਪ੍ਰਭਾਵਾਂ ਨੂੰ ਲੈ ਕੇ ਕਿਸਾਨ ਜਥੇਬੰਦੀਆਂ ਮੁੜ ਸਰਗਰਮ ਹੋ ਰਹੀਆਂ ਹਨ ਅਤੇ ਇਸ ਨੂੰ ਭਾਰਤੀ ਖੇਤੀਬਾੜੀ, ਖ਼ਾਸ ਕਰਕੇ ਪੰਜਾਬ ਦੇ ਖੇਤੀ ਅਰਥਚਾਰੇ ਲਈ ਗੰਭੀਰ ਚੁਣੌਤੀ ਵਜੋਂ ਦੇਖਿਆ ਜਾ ਰਿਹਾ ਹੈ।

ਦਿੱਲੀ ਵਿੱਚ ਇੱਕ ਰੋਜ਼ਾ ਧਰਨਾ ਦੇਣ ਲਈ ਰਵਾਨਾ ਹੋ ਰਹੇ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਨਾਲ ਜੁੜੇ ਕਿਸਾਨਾਂ ਨੂੰ ਸ਼ੰਭੂ ਸਰਹੱਦ 'ਤੇ ਰੋਕ ਦਿੱਤਾ ਗਿਆ। ਕਈ ਕਿਸਾਨ ਆਗੂਆਂ ਨੂੰ ਘਰਾਂ ਵਿੱਚ ਨਜ਼ਰਬੰਦ ਕੀਤਾ ਗਿਆ ਅਤੇ ਕੁਝ ਨੂੰ ਹਿਰਾਸਤ ਵਿੱਚ ਵੀ ਲਿਆ ਗਿਆ। ਇਸ ਕਾਰਵਾਈ ਨੇ 2020-21 ਦੇ ਇਤਿਹਾਸਕ ਕਿਸਾਨ ਅੰਦੋਲਨ ਦੀਆਂ ਯਾਦਾਂ ਤਾਜ਼ਾ ਕਰ ਦਿੱਤੀਆਂ ਹਨ।

ਭਾਵੇਂ ਪੰਜਾਬ ਦਾ ਆਮ ਕਿਸਾਨ ਅਜੇ ਇਸ ਸਮਝੌਤੇ ਦੇ ਸਾਰੇ ਪੱਖਾਂ ਤੋਂ ਪੂਰੀ ਤਰ੍ਹਾਂ ਜਾਣੂ ਨਹੀਂ ਹੈ, ਪਰ ਕਿਸਾਨ ਜਥੇਬੰਦੀਆਂ ਲਗਾਤਾਰ ਚੇਤਾਵਨੀ ਦੇ ਰਹੀਆਂ ਹਨ ਕਿ ਜੇਕਰ ਇਹ ਸਮਝੌਤਾ ਲਾਗੂ ਹੋ ਗਿਆ ਤਾਂ ਭਾਰਤੀ ਬਾਜ਼ਾਰ ਵਿੱਚ ਅਮਰੀਕਾ ਦੇ ਸਸਤੇ ਖੇਤੀ ਅਤੇ ਡੇਅਰੀ ਉਤਪਾਦਾਂ ਦੀ ਆਮਦ ਵਧੇਗੀ, ਜਿਸ ਨਾਲ ਸਥਾਨਕ ਕਿਸਾਨਾਂ ਲਈ ਮੁਕਾਬਲਾ ਕਰਨਾ ਬਹੁਤ ਮੁਸ਼ਕਲ ਹੋ ਜਾਵੇਗਾ।



ਪੰਜਾਬ ਦੀਆਂ ਵੱਖ-ਵੱਖ ਕਿਸਾਨ ਜਥੇਬੰਦੀਆਂ ਪਹਿਲਾਂ ਹੀ ਇਸ ਸਮਝੌਤੇ ਦੇ ਵਿਰੋਧ ਵਿੱਚ ਮੈਦਾਨ ਵਿੱਚ ਉਤਰ ਚੁੱਕੀਆਂ ਹਨ। ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ), ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ, ਸੰਯੁਕਤ ਕਿਸਾਨ ਮੋਰਚਾ ਅਤੇ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਵੱਲੋਂ ਇਸ ਮੁੱਦੇ 'ਤੇ ਲਗਾਤਾਰ ਪ੍ਰਦਰਸ਼ਨ ਅਤੇ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ।

ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਅਮਰੀਕਾ ਵਿੱਚ ਵੱਡੇ ਪੱਧਰ 'ਤੇ ਮਸ਼ੀਨੀਕਰਨ, ਸਰਕਾਰੀ ਸਬਸਿਡੀਆਂ ਅਤੇ ਵੱਡੀਆਂ ਖੇਤੀ ਜੋਤਾਂ ਹੋਣ ਕਰਕੇ ਉੱਥੇ ਖੇਤੀ ਉਤਪਾਦਨ ਦੀ ਲਾਗਤ ਘੱਟ ਹੈ। ਇਸ ਦੇ ਉਲਟ ਭਾਰਤ, ਖ਼ਾਸ ਕਰਕੇ ਪੰਜਾਬ ਵਿੱਚ, ਛੋਟੇ ਅਤੇ ਦਰਮਿਆਨੇ ਕਿਸਾਨ ਵੱਡੀ ਗਿਣਤੀ ਵਿੱਚ ਹਨ, ਜਿਨ੍ਹਾਂ ਲਈ ਅਜਿਹੇ ਮੁਕਾਬਲੇ ਵਿੱਚ ਟਿਕਣਾ ਔਖਾ ਹੋ ਸਕਦਾ ਹੈ।

ਖੇਤੀ ਅਰਥਸ਼ਾਸਤਰੀਆਂ ਦਾ ਮੰਨਣਾ ਹੈ ਕਿ ਇਸ ਸਮਝੌਤੇ ਦਾ ਸਭ ਤੋਂ ਪਹਿਲਾ ਪ੍ਰਭਾਵ ਚੌਲ, ਡੇਅਰੀ ਉਤਪਾਦਾਂ ਅਤੇ ਮੀਟ ਖੇਤਰ 'ਤੇ ਪੈ ਸਕਦਾ ਹੈ। ਡੇਅਰੀ ਨਾਲ ਜੁੜੇ ਲੋਕਾਂ ਨੂੰ ਵੀ ਚਿੰਤਾ ਹੈ ਕਿ ਵਿਦੇਸ਼ੀ ਉਤਪਾਦਾਂ ਦੀ ਆਮਦ ਨਾਲ ਦੁੱਧ ਦੀਆਂ ਕੀਮਤਾਂ ਪ੍ਰਭਾਵਿਤ ਹੋ ਸਕਦੀਆਂ ਹਨ। ਪੰਜਾਬ ਵਿੱਚ ਡੇਅਰੀ ਧੰਦੇ ਨਾਲ ਵੱਡੀ ਗਿਣਤੀ ਵਿੱਚ ਪੇਂਡੂ ਪਰਿਵਾਰ, ਖ਼ਾਸ ਕਰਕੇ ਔਰਤਾਂ, ਜੁੜੀਆਂ ਹੋਈਆਂ ਹਨ, ਜਿਸ ਕਾਰਨ ਉਨ੍ਹਾਂ ਦੀ ਆਮਦਨ 'ਤੇ ਵੀ ਅਸਰ ਪੈਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ।

ਮਾਹਿਰਾਂ ਦਾ ਇਹ ਵੀ ਕਹਿਣਾ ਹੈ ਕਿ ਪੰਜਾਬ ਦੀ ਆਰਥਿਕਤਾ ਦਾ ਵੱਡਾ ਹਿੱਸਾ ਕਣਕ ਅਤੇ ਝੋਨੇ ਦੀ ਸਰਕਾਰੀ ਖਰੀਦ ਨਾਲ ਜੁੜਿਆ ਹੋਇਆ ਹੈ। ਜੇਕਰ ਵਪਾਰਕ ਨੀਤੀਆਂ ਕਾਰਨ ਇਸ ਪ੍ਰਣਾਲੀ 'ਤੇ ਕੋਈ ਨਕਾਰਾਤਮਕ ਪ੍ਰਭਾਵ ਪੈਂਦਾ ਹੈ ਤਾਂ ਇਸ ਦਾ ਅਸਰ ਸੂਬੇ ਦੀ ਸਮੁੱਚੀ ਆਰਥਿਕਤਾ 'ਤੇ ਵੀ ਪੈ ਸਕਦਾ ਹੈ।

ਇਸ ਮੁੱਦੇ ਦੇ ਸਿਆਸੀ ਪ੍ਰਭਾਵ ਵੀ ਸਾਹਮਣੇ ਆਉਣ ਲੱਗੇ ਹਨ। ਕਿਸਾਨ ਜਥੇਬੰਦੀਆਂ ਕੇਂਦਰ ਸਰਕਾਰ ਦੀਆਂ ਨੀਤੀਆਂ ਦਾ ਵਿਰੋਧ ਕਰ ਰਹੀਆਂ ਹਨ ਅਤੇ ਮੰਨਿਆ ਜਾ ਰਿਹਾ ਹੈ ਕਿ ਜੇਕਰ ਕਿਸਾਨਾਂ ਦਾ ਵਿਰੋਧ ਹੋਰ ਤੇਜ਼ ਹੁੰਦਾ ਹੈ ਤਾਂ ਆਉਣ ਵਾਲੀਆਂ ਚੋਣਾਂ ਵਿੱਚ ਇਸ ਦਾ ਸਿਆਸੀ ਅਸਰ ਵੀ ਵੇਖਣ ਨੂੰ ਮਿਲ ਸਕਦਾ ਹੈ। ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਹੋਏ ਲੰਬੇ ਅੰਦੋਲਨ ਤੋਂ ਬਾਅਦ ਕਿਸਾਨਾਂ ਅਤੇ ਕੇਂਦਰ ਸਰਕਾਰ ਵਿਚਾਲੇ ਬਣੀ ਦੂਰੀ ਅਜੇ ਵੀ ਪੂਰੀ ਤਰ੍ਹਾਂ ਖ਼ਤਮ ਨਹੀਂ ਹੋਈ, ਜਿਸ ਕਾਰਨ ਇਹ ਨਵਾਂ ਵਿਵਾਦ ਹੋਰ ਗੰਭੀਰ ਰੂਪ ਧਾਰ ਸਕਦਾ ਹੈ।

## ਵਿੱਤੀ ਦਬਾਅ ਹੇਠ ਪਾਵਰਕੌਮ, ਬਿਨਾਂ ਸਰਕਾਰੀ ਗਾਰੰਟੀ 10 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਲੈਣ ਦੀ ਬਣਾਈ ਯੋਜਨਾ

**ਚੰਡੀਗੜ੍ਹ**-ਪੰਜਾਬ ਦੀ ਸਰਕਾਰੀ ਬਿਜਲੀ ਕੰਪਨੀ ਪਾਵਰਕੌਮ ਗੰਭੀਰ ਵਿੱਤੀ ਦਬਾਅ ਦਾ ਸਾਹਮਣਾ ਕਰਦੀ ਨਜ਼ਰ ਆ ਰਹੀ ਹੈ। ਵਧਦੀਆਂ ਆਰਥਿਕ ਲੋੜਾਂ ਨੂੰ ਪੂਰਾ ਕਰਨ ਲਈ ਪਾਵਰਕੌਮ ਨੇ ਬਿਨਾਂ ਪੰਜਾਬ ਸਰਕਾਰ ਦੀ ਗਾਰੰਟੀ ਦੇ ਮਾਰਕੀਟ ਵਿੱਚੋਂ ਕਰੀਬ 10 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਇਕੱਠਾ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਅਨੁਸਾਰ, ਇਹ ਪਹਿਲਾ ਮੌਕਾ ਹੋ ਸਕਦਾ ਹੈ ਜਦੋਂ ਕੰਪਨੀ ਸਰਕਾਰੀ ਗਾਰੰਟੀ ਤੋਂ ਬਿਨਾਂ ਇੰਨੀ ਵੱਡੀ ਰਕਮ ਕਰਜ਼ੇ ਦੇ ਰੂਪ ਵਿੱਚ ਇਕੱਠੀ ਕਰਨ ਦੀ ਤਿਆਰੀ ਕਰ ਰਹੀ ਹੈ।

ਕੁਝ ਸਮਾਂ ਪਹਿਲਾਂ ਤੱਕ ਪਾਵਰਕੌਮ ਨੂੰ ਮੁਨਾਫ਼ੇ ਵਾਲੀ ਬਿਜਲੀ ਕੰਪਨੀ ਵਜੋਂ ਪੇਸ਼ ਕੀਤਾ ਜਾ ਰਿਹਾ ਸੀ, ਪਰ ਮੌਜੂਦਾ ਹਾਲਾਤਾਂ ਨੇ ਇਸ ਦੀ ਵਿੱਤੀ ਸਥਿਤੀ ਨੂੰ ਲੈ ਕੇ ਨਵੇਂ ਸਵਾਲ ਖੜ੍ਹੇ ਕਰ ਦਿੱਤੇ ਹਨ। ਕੰਪਨੀ ਵੱਲੋਂ ਕਰਜ਼ਾ ਲੈਣ ਦਾ ਇਹ ਫ਼ੈਸਲਾ ਇਸ ਗੱਲ ਦਾ ਸੰਕੇਤ ਮੰਨਿਆ ਜਾ ਰਿਹਾ ਹੈ ਕਿ ਰੋਜ਼ਾਨਾ ਖ਼ਰਚਿਆਂ ਅਤੇ ਵਿਕਾਸ ਕਾਰਜਾਂ ਲਈ ਲੋੜੀਂਦੇ ਵਿੱਤੀ ਸਰੋਤ ਇਕੱਠੇ ਕਰਨ ਵਿੱਚ ਮੁਸ਼ਕਲਾਂ ਆ ਰਹੀਆਂ ਹਨ।



ਇਸ ਮਕਸਦ ਲਈ ਪਾਵਰਕੌਮ ਨੇ 'ਨਾਨ-ਕਨਵਰਟੀਬਲ ਡਿਬੈਂਚਰਜ਼' (ਐਨ.ਸੀ.ਡੀ.) ਅਤੇ ਬਾਂਡ ਜਾਰੀ ਕਰਕੇ ਧਨ ਇਕੱਠਾ ਕਰਨ ਦੀ ਯੋਜਨਾ ਬਣਾਈ ਹੈ। ਇਸ ਪ੍ਰਕਿਰਿਆ ਨੂੰ ਅੱਗੇ ਵਧਾਉਣ ਲਈ ਕੰਪਨੀ ਨੇ ਸੇਬੀ ਕੋਲ ਰਜਿਸਟਰਡ ਕੈਟਾਗਰੀ-1 ਮਰਚੈਂਟ ਬੈਂਕਰਾਂ ਤੋਂ ਆਨਲਾਈਨ ਬੋਲੀਆਂ ਮੰਗੀਆਂ ਹਨ, ਤਾਂ ਜੋ ਟਰਾਂਜ਼ੈਕਸ਼ਨ ਐਡਵਾਈਜ਼ਰ-ਕਮ-ਮਰਚੈਂਟ ਬੈਂਕਰ/ਅਰੇਂਜਰ ਦੀ ਚੋਣ ਕੀਤੀ ਜਾ ਸਕੇ, ਜੋ ਇਸ ਪੂਰੀ ਵਿੱਤੀ ਪ੍ਰਕਿਰਿਆ ਨੂੰ ਸੰਭਾਲੇਗਾ।

ਇਸ ਦੇ ਨਾਲ ਹੀ ਪਾਵਰਕੌਮ ਵੱਲੋਂ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਕੋਲ ਆਪਣੀ ਸਾਲਾਨਾ ਮਾਲੀਆ ਲੋੜ ਸਬੰਧੀ ਨਵਾਂ ਪ੍ਰਸਤਾਵ ਵੀ ਪੇਸ਼ ਕੀਤਾ ਗਿਆ ਹੈ। ਮੰਨਿਆ ਜਾ ਰਿਹਾ ਹੈ ਕਿ ਕੰਪਨੀ ਆਪਣੀਆਂ ਵਧਦੀਆਂ ਵਿੱਤੀ ਲੋੜਾਂ, ਬਿਜਲੀ ਖ਼ਰੀਦ, ਸੰਚਾਲਨ ਖ਼ਰਚਿਆਂ ਅਤੇ ਹੋਰ ਬਕਾਇਆ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਲਈ ਵਾਧੂ ਵਿੱਤੀ ਸਰੋਤ ਲੱਭ ਰਹੀ ਹੈ।

ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਇੰਨੀ ਵੱਡੀ ਰਕਮ ਕਰਜ਼ੇ ਦੇ ਰੂਪ ਵਿੱਚ ਇਕੱਠੀ ਕੀਤੀ ਜਾਂਦੀ ਹੈ ਤਾਂ ਭਵਿੱਖ ਵਿੱਚ ਇਸ ਦੀ ਅਦਾਇਗੀ ਅਤੇ ਵਿਆਜ ਦਾ ਬੋਝ ਵੀ ਕੰਪਨੀ ਦੀ ਵਿੱਤੀ ਸਥਿਤੀ 'ਤੇ ਅਸਰ ਪਾ ਸਕਦਾ ਹੈ। ਦੂਜੇ ਪਾਸੇ, ਇਹ ਕਦਮ ਇਸ ਗੱਲ ਦਾ ਵੀ ਸੰਕੇਤ ਹੈ ਕਿ ਬਿਜਲੀ ਖੇਤਰ ਵਿੱਚ ਵਿੱਤੀ ਸੰਤੁਲਨ ਬਣਾਈ ਰੱਖਣ ਲਈ ਨਵੇਂ ਆਰਥਿਕ ਮਾਡਲ ਅਤੇ ਸਰੋਤਾਂ ਦੀ ਲੋੜ ਮਹਿਸੂਸ ਕੀਤੀ ਜਾ ਰਹੀ ਹੈ।

ਪਾਵਰਕੌਮ ਦੇ ਇਸ ਫ਼ੈਸਲੇ ਨੇ ਪੰਜਾਬ ਦੇ ਬਿਜਲੀ ਖੇਤਰ ਦੀ ਆਰਥਿਕ ਸਥਿਤੀ ਨੂੰ ਲੈ ਕੇ ਨਵੀਂ ਚਰਚਾ ਛੇੜ ਦਿੱਤੀ ਹੈ। ਹੁਣ ਸਭ ਦੀ ਨਜ਼ਰ ਇਸ ਗੱਲ 'ਤੇ ਟਿਕੀ ਹੋਈ ਹੈ ਕਿ ਕੰਪਨੀ ਇਹ ਕਰਜ਼ਾ ਕਿਵੇਂ ਇਕੱਠਾ ਕਰਦੀ ਹੈ, ਇਸ ਦੀ ਵਰਤੋਂ ਕਿਹੜੇ ਖੇਤਰਾਂ ਵਿੱਚ ਕੀਤੀ ਜਾਂਦੀ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਇਸ ਦਾ ਬਿਜਲੀ ਪ੍ਰਣਾਲੀ ਅਤੇ ਖ਼ਪਤਕਾਰਾਂ 'ਤੇ ਕੀ ਪ੍ਰਭਾਵ ਪੈਂਦਾ ਹੈ।

## ਪੰਜਾਬ 'ਚ ਡੂੰਘਾ ਹੋ ਰਿਹਾ ਭੂਜਲ ਸੰਕਟ, ਕਈ ਜ਼ਿਲ੍ਹਿਆਂ ਵਿੱਚ ਸਮਰੱਥਾ ਤੋਂ ਤਿੰਨ ਗੁਣਾ ਤੱਕ ਹੋ ਰਹੀ ਧਰਤੀ ਹੇਠਲੇ ਪਾਣੀ ਦੀ ਨਿਕਾਸੀ



**ਨਵੀਂ ਦਿੱਲੀ** - ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦਾ ਸੰਕਟ ਲਗਾਤਾਰ ਗੰਭੀਰ ਰੂਪ ਧਾਰਦਾ ਜਾ ਰਿਹਾ ਹੈ। ਕੇਂਦਰੀ ਜਲ ਸ਼ਕਤੀ ਮੰਤਰੀ ਸੀ. ਆਰ. ਪਾਟਿਲ ਵੱਲੋਂ ਸੰਸਦ ਵਿੱਚ ਸਾਂਝੇ ਕੀਤੇ ਗਏ ਅੰਕੜਿਆਂ ਨੇ ਸੂਬੇ ਦੀ ਚਿੰਤਾਜਨਕ ਸਥਿਤੀ ਨੂੰ ਹੋਰ ਸਪੱਸ਼ਟ ਕਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਕਈ ਜ਼ਿਲ੍ਹਿਆਂ ਵਿੱਚ ਧਰਤੀ ਹੇਠਲੇ ਪਾਣੀ ਦੀ ਨਿਕਾਸੀ ਤੈਅ ਕੀਤੀ ਗਈ ਹੱਦ ਤੋਂ ਕਈ ਗੁਣਾ ਵੱਧ ਹੋ ਰਹੀ ਹੈ, ਜਿਸ ਕਾਰਨ ਭਵਿੱਖ ਵਿੱਚ ਪਾਣੀ ਦਾ ਸੰਕਟ ਹੋਰ ਡੂੰਘਾ ਹੋ ਸਕਦਾ ਹੈ।

ਅੰਕੜਿਆਂ ਅਨੁਸਾਰ ਸੰਗਰੂਰ ਸਭ ਤੋਂ ਵੱਧ ਪ੍ਰਭਾਵਿਤ ਜ਼ਿਲ੍ਹਾ ਹੈ, ਜਿੱਥੇ ਧਰਤੀ ਹੇਠਲੇ ਪਾਣੀ ਦੀ ਨਿਕਾਸੀ 309.99 ਫ਼ੀਸਦੀ ਦਰਜ ਕੀਤੀ ਗਈ ਹੈ। ਇਸ ਤੋਂ ਬਾਅਦ ਮਲੇਰਕੋਟਲਾ ਵਿੱਚ 301.93 ਫ਼ੀਸਦੀ ਅਤੇ ਜਲੰਧਰ ਵਿੱਚ 281.17 ਫ਼ੀਸਦੀ ਪਾਣੀ ਦੀ ਵਰਤੋਂ ਹੋ ਰਹੀ ਹੈ। ਇਸ ਤੋਂ ਇਲਾਵਾ ਕਪੂਰਥਲਾ (242.96 ਫ਼ੀਸਦੀ), ਮੋਗਾ (233.09 ਫ਼ੀਸਦੀ), ਬਰਨਾਲਾ (219.36 ਫ਼ੀਸਦੀ) ਅਤੇ ਪਟਿਆਲਾ (208.53 ਫ਼ੀਸਦੀ) ਵੀ ਉਨ੍ਹਾਂ ਜ਼ਿਲ੍ਹਿਆਂ ਵਿੱਚ ਸ਼ਾਮਲ ਹਨ, ਜਿੱਥੇ ਪਾਣੀ ਦੀ ਨਿਕਾਸੀ ਨਿਰਧਾਰਤ ਸੀਮਾਵਾਂ ਤੋਂ ਕਾਫ਼ੀ ਵੱਧ ਹੈ।

ਰਿਪੋਰਟ ਮੁਤਾਬਕ ਤਰਨ ਤਾਰਨ (202.49 ਫ਼ੀਸਦੀ), ਲੁਧਿਆਣਾ (194.65 ਫ਼ੀਸਦੀ), ਫਤਿਹਗੜ੍ਹ ਸਾਹਿਬ (182.13 ਫ਼ੀਸਦੀ) ਅਤੇ ਅੰਮ੍ਰਿਤਸਰ (160.33 ਫ਼ੀਸਦੀ) ਵਿੱਚ ਵੀ ਭੂਜਲ ਦੀ ਬੇਹੱਦ ਖਪਤ ਦਰਜ ਕੀਤੀ ਗਈ ਹੈ। ਇਹ ਅੰਕੜੇ ਦਰਸਾਉਂਦੇ ਹਨ ਕਿ ਸੂਬੇ ਦੇ ਬਹੁਤੇ ਹਿੱਸਿਆਂ ਵਿੱਚ ਪਾਣੀ ਦੀ ਵਰਤੋਂ ਉਸ ਦੀ ਕੁਦਰਤੀ ਭਰਪਾਈ ਦੀ ਸਮਰੱਥਾ ਨਾਲੋਂ ਕਈ ਗੁਣਾ ਵੱਧ ਹੋ ਰਹੀ ਹੈ।

ਕੇਂਦਰੀ ਮੰਤਰੀ ਨੇ ਇਹ ਵੀ ਦੱਸਿਆ ਕਿ ਪੰਜਾਬ ਆਪਣੇ ਸਾਲਾਨਾ ਵਰਤੋਂ ਯੋਗ ਧਰਤੀ ਹੇਠਲੇ ਪਾਣੀ ਦੇ ਸਰੋਤਾਂ ਦੀ ਸਮਰੱਥਾ ਨਾਲੋਂ 56 ਫ਼ੀਸਦੀ ਤੋਂ ਵੀ ਵੱਧ ਪਾਣੀ ਕੱਢ ਰਿਹਾ ਹੈ। ਇਸ ਕਾਰਨ ਭੂਜਲ ਦਾ ਪੱਧਰ ਲਗਾਤਾਰ ਹੇਠਾਂ ਜਾ ਰਿਹਾ ਹੈ ਅਤੇ ਆਉਣ ਵਾਲੇ ਸਾਲਾਂ ਵਿੱਚ ਪੀਣ ਵਾਲੇ ਪਾਣੀ ਅਤੇ ਖੇਤੀਬਾੜੀ ਦੋਵੇਂ ਲਈ ਵੱਡੀਆਂ ਚੁਣੌਤੀਆਂ ਪੈਦਾ ਹੋ ਸਕਦੀਆਂ ਹਨ।

ਉਨ੍ਹਾਂ ਸੰਸਦ ਨੂੰ ਇਹ ਵੀ ਜਾਣਕਾਰੀ ਦਿੱਤੀ ਕਿ ਪੰਜਾਬ ਦੇ ਕੁੱਲ 153 ਭੂਜਲ ਮੁਲਾਂਕਣ ਬਲਾਕਾਂ ਵਿੱਚੋਂ 111 ਬਲਾਕ 'ਅਤਿ-ਸ਼ੋਸ਼ਿਤ' ਸ਼੍ਰੇਣੀ ਵਿੱਚ ਆ ਚੁੱਕੇ ਹਨ। ਇਸ ਦਾ ਮਤਲਬ ਹੈ ਕਿ ਇਨ੍ਹਾਂ ਖੇਤਰਾਂ ਵਿੱਚ ਧਰਤੀ ਹੇਠਲੇ ਪਾਣੀ ਦੀ ਨਿਕਾਸੀ ਉਸ ਦੀ ਕੁਦਰਤੀ ਭਰਪਾਈ ਨਾਲੋਂ ਕਾਫ਼ੀ ਵੱਧ ਹੋ ਰਹੀ ਹੈ, ਜਿਸ ਨਾਲ ਪਾਣੀ ਦੇ ਸਰੋਤ ਤੇਜ਼ੀ ਨਾਲ ਖਾਲੀ ਹੋ ਰਹੇ ਹਨ।

ਮਾਹਿਰਾਂ ਅਨੁਸਾਰ ਇਸ ਸੰਕਟ ਦਾ ਸਭ ਤੋਂ ਵੱਡਾ ਕਾਰਨ ਸਿੰਚਾਈ ਲਈ ਭੂਜਲ 'ਤੇ ਬਹੁਤ ਜ਼ਿਆਦਾ ਨਿਰਭਰਤਾ ਅਤੇ ਵੱਡੇ ਪੱਧਰ 'ਤੇ ਝੋਨੇ ਦੀ ਖੇਤੀ ਹੈ, ਜੋ ਹੋਰ ਫ਼ਸਲਾਂ ਦੇ ਮੁਕਾਬਲੇ ਕਾਫ਼ੀ ਵੱਧ ਪਾਣੀ ਦੀ ਖਪਤ ਕਰਦੀ ਹੈ। ਫ਼ਸਲੀ ਵਿਭਿੰਨਤਾ ਦੀ ਕਮੀ ਅਤੇ ਭੂਜਲ ਦੇ ਲਗਾਤਾਰ ਦੋਹਣ ਨੇ ਸਥਿਤੀ ਨੂੰ ਹੋਰ ਗੰਭੀਰ ਬਣਾ ਦਿੱਤਾ ਹੈ।

ਸਰਕਾਰੀ ਅੰਕੜਿਆਂ ਮੁਤਾਬਕ ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦਾ ਸਾਲਾਨਾ ਰੀਚਾਰਜ 18.60 ਅਰਬ ਘਣ ਮੀਟਰ (ਬੀ.ਸੀ.ਐੱਮ.) ਹੈ, ਜਦਕਿ ਵਰਤੋਂ ਯੋਗ ਭੂਜਲ ਸਰੋਤ 16.80 ਅਰਬ ਘਣ ਮੀਟਰ ਹਨ। ਇਸ ਦੇ ਬਾਵਜੂਦ ਲਗਾਤਾਰ ਵਧ ਰਹੀ ਨਿਕਾਸੀ ਸੂਬੇ ਲਈ ਇੱਕ ਵੱਡੀ ਵਾਤਾਵਰਣਕ ਅਤੇ ਖੇਤੀਬਾੜੀ ਸੰਬੰਧੀ ਚੁਣੌਤੀ ਬਣਦੀ ਜਾ ਰਹੀ ਹੈ, ਜਿਸ ਨਾਲ ਨਜਿੱਠਣ ਲਈ ਲੰਬੇ ਸਮੇਂ ਦੀਆਂ ਪ੍ਰਭਾਵਸ਼ਾਲੀ ਨੀਤੀਆਂ ਅਤੇ ਪਾਣੀ ਸੰਭਾਲ ਦੇ ਢੁੱਕਵੇਂ ਉਪਰਾਲਿਆਂ ਦੀ ਲੋੜ ਹੈ।

## ਪੰਥਕ ਸਿਆਸਤ ਵਿੱਚ ਨਵੀਂ ਹਲਚਲ, ਇਕਬਾਲ ਸਿੰਘ ਝੂੰਦਾ ਤੇ ਸਾਥੀਆਂ ਨੇ 'ਵਾਰਿਸ ਪੰਜਾਬ' ਨਾਲ ਮਿਲਾਇਆ ਹੱਥ

**ਚੰਡੀਗੜ੍ਹ:** ਪੰਜਾਬ ਦੀ ਪੰਥਕ ਸਿਆਸਤ ਵਿੱਚ ਇੱਕ ਨਵਾਂ ਮੋੜ ਉਸ ਵੇਲੇ ਸਾਹਮਣੇ ਆਇਆ ਜਦੋਂ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਸੀਨੀਅਰ ਆਗੂ ਇਕਬਾਲ ਸਿੰਘ ਝੂੰਦਾ ਅਤੇ ਜਥੇਦਾਰ ਸੰਤਾ ਸਿੰਘ ਉਮੈਦਪੁਰੀ ਨੇ ਆਪਣੇ ਕਈ ਸਾਥੀਆਂ ਸਮੇਤ ਅਕਾਲੀ ਦਲ (ਵਾਰਿਸ ਪੰਜਾਬ) ਨਾਲ ਗੱਠਜੋੜ ਕਰਨ ਦਾ ਐਲਾਨ ਕਰ ਦਿੱਤਾ।

ਇਸ ਐਲਾਨ ਨਾਲ ਪੰਜਾਬ ਦੀ ਪੰਥਕ ਰਾਜਨੀਤੀ ਵਿੱਚ ਨਵੇਂ ਸਮੀਕਰਨ ਬਣਨ ਦੀਆਂ ਚਰਚਾਵਾਂ ਤੇਜ਼ ਹੋ ਗਈਆਂ ਹਨ।

ਗੱਠਜੋੜ ਦੇ ਐਲਾਨ ਮੌਕੇ ਇਕਬਾਲ ਸਿੰਘ ਝੂੰਦਾ ਨੇ ਕਿਹਾ ਕਿ ਪੰਜਾਬ ਅਤੇ ਪੰਥ ਦੇ ਹਿੱਤਾਂ ਨਾਲ ਜੁੜੇ ਮੁੱਦਿਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਉਠਾਉਣ ਲਈ ਪੰਥਕ ਧਿਰਾਂ ਦਾ ਇਕਜੁੱਟ ਹੋਣਾ ਸਮੇਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਲੰਬੇ ਸਮੇਂ ਤੋਂ ਮਜ਼ਬੂਤ ਅਤੇ ਸਾਂਝੀ ਪੰਥਕ ਅਗਵਾਈ ਦੀ ਘਾਟ ਮਹਿਸੂਸ ਕੀਤੀ ਜਾ ਰਹੀ ਸੀ, ਜਿਸ ਕਾਰਨ ਕਈ ਅਹਿਮ ਮਸਲਿਆਂ ਨੂੰ ਲੋੜੀਂਦੀ ਤਵੱਜੋ ਨਹੀਂ ਮਿਲ ਸਕੀ।

ਇਸ ਮੌਕੇ ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਆਉਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਹੇਠ ਲੜੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਪੰਜਾਬ ਦੇ ਭਵਿੱਖ ਅਤੇ ਪੰਥਕ ਏਕਤਾ ਨੂੰ ਮਜ਼ਬੂਤ ਕਰਨ ਲਈ ਸਾਰੀਆਂ ਹਮਖਿਆਲੀ ਧਿਰਾਂ ਨੂੰ ਇੱਕ ਮੰਚ 'ਤੇ ਲਿਆਉਣ ਦੀ ਕੋਸ਼ਿਸ਼ ਜਾਰੀ ਰਹੇਗੀ।




ਇਕਬਾਲ ਸਿੰਘ ਝੂੰਦਾ ਅਤੇ ਜਥੇਦਾਰ ਸੰਤਾ ਸਿੰਘ ਉਮੈਦਪੁਰੀ ਨੇ ਕਿਹਾ ਕਿ ਲੋਕਾਂ ਵੱਲੋਂ ਚੁਣੇ ਗਏ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨੂੰ ਰਾਸ਼ਟਰੀ ਸੁਰੱਖਿਆ ਕਾਨੂੰਨ (ਐਨਐਸਏ) ਹਟਾਏ ਜਾਣ ਦੇ ਬਾਵਜੂਦ ਜੇਲ੍ਹ ਤੋਂ ਰਿਹਾਅ ਨਾ ਕੀਤਾ ਜਾਣਾ ਗੰਭੀਰ ਮਾਮਲਾ ਹੈ। ਉਨ੍ਹਾਂ ਮੰਗ ਕੀਤੀ ਕਿ ਅੰਮ੍ਰਿਤਪਾਲ ਸਿੰਘ ਨੂੰ ਲੋਕ ਸਭਾ ਦੇ ਸੈਸ਼ਨ ਵਿੱਚ ਹਾਜ਼ਰ ਹੋਣ ਅਤੇ ਆਪਣੇ ਹਲਕੇ ਦੇ ਲੋਕਾਂ ਦੀ ਨੁਮਾਇੰਦਗੀ ਕਰਨ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ। ਇਸ ਸਬੰਧੀ ਉਨ੍ਹਾਂ ਲੋਕ ਸਭਾ ਸਪੀਕਰ ਨਾਲ ਮੁਲਾਕਾਤ ਕਰਨ ਦੀ ਵੀ ਗੱਲ ਕਹੀ।

ਸਮਾਗਮ ਦੌਰਾਨ ਅਕਾਲੀ ਦਲ (ਵਾਰਿਸ ਪੰਜਾਬ) ਦੇ ਸੀਨੀਅਰ ਆਗੂ ਤਰਸੇਮ ਸਿੰਘ ਨੇ ਨਵੇਂ ਸ਼ਾਮਲ ਹੋਏ ਆਗੂਆਂ ਦਾ ਸਵਾਗਤ ਕਰਦਿਆਂ ਕਿਹਾ ਕਿ ਪੰਥਕ ਏਕਤਾ ਨੂੰ ਮਜ਼ਬੂਤ ਬਣਾਉਣ ਲਈ ਹਰ ਸੰਭਵ ਯਤਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਅਤੇ ਸਿੱਖ ਕੌਮ ਨਾਲ ਜੁੜੇ ਮੁੱਦਿਆਂ 'ਤੇ ਸਾਂਝੇ ਤੌਰ 'ਤੇ ਸੰਘਰਸ਼ ਕਰਨ ਲਈ ਹੋਰ ਧਿਰਾਂ ਨਾਲ ਵੀ ਸੰਪਰਕ ਕੀਤਾ ਜਾਵੇਗਾ।

ਇਸ ਮੌਕੇ ਮਨਪ੍ਰੀਤ ਸਿੰਘ ਇਆਲੀ, ਸੰਸਦ ਮੈਂਬਰ ਸਰਬਜੀਤ ਸਿੰਘ ਖਾਲਸਾ ਅਤੇ ਹੋਰ ਕਈ ਪੰਥਕ ਆਗੂ ਵੀ ਮੌਜੂਦ ਰਹੇ। ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਇਸ ਗੱਠਜੋੜ ਨਾਲ ਪੰਥਕ ਰਾਜਨੀਤੀ ਵਿੱਚ ਨਵੀਆਂ ਸੰਭਾਵਨਾਵਾਂ ਅਤੇ ਚਰਚਾਵਾਂ ਨੂੰ ਹੋਰ ਬਲ ਮਿਲ ਸਕਦਾ ਹੈ। ਹੁਣ ਨਜ਼ਰ ਇਸ ਗੱਲ 'ਤੇ ਰਹੇਗੀ ਕਿ ਕੀ ਹੋਰ ਪੰਥਕ ਜਥੇਬੰਦੀਆਂ ਵੀ ਇਸ ਏਕੇ ਦੀ ਮੁਹਿੰਮ ਨਾਲ ਜੁੜਦੀਆਂ ਹਨ ਜਾਂ ਨਹੀਂ।

## ਬਲਵੰਤ ਸਿੰਘ ਰਾਜੋਆਣਾ ਦੀ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਅਪੀਲ, ਰਹਿਮ ਦੀ ਅਰਜ਼ੀ 'ਤੇ ਫ਼ੈਸਲਾ ਜਾਂ ਦੇਰੀ ਲਈ ਜਵਾਬਦੇਹੀ ਤੈਅ ਕਰਨ ਦੀ ਕੀਤੀ ਮੰਗ



**ਚੰਡੀਗੜ੍ਹ**-ਫ਼ਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਬਲਵੰਤ ਸਿੰਘ ਰਾਜੋਆਣਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਤਿੰਨ ਸਫ਼ਿਆਂ ਦਾ ਪੱਤਰ ਲਿਖ ਕੇ ਆਪਣੀ ਫ਼ਾਂਸੀ ਦੀ ਸਜ਼ਾ ਨਾਲ ਜੁੜੀ ਰਹਿਮ ਦੀ ਅਪੀਲ ਬਾਰੇ ਸਪੱਸ਼ਟ ਫ਼ੈਸਲਾ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਜਾਂ ਤਾਂ ਉਨ੍ਹਾਂ ਦੇ ਨਾਮ 'ਤੇ ਦਾਇਰ ਕੀਤੀ ਗਈ ਰਹਿਮ ਦੀ ਅਪੀਲ ਵਾਪਸ ਲਈ ਜਾਵੇ ਜਾਂ ਫਿਰ ਇਸ ਮਾਮਲੇ ਵਿੱਚ ਲੰਬੇ ਸਮੇਂ ਤੋਂ ਕੋਈ ਫ਼ੈਸਲਾ ਨਾ ਕਰਨ ਵਾਲੀ ਕੇਂਦਰ ਸਰਕਾਰ ਨਾਲ ਜੁੜੇ ਸਿੱਖ ਆਗੂਆਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਤਲਬ ਕਰਕੇ ਦੇਰੀ ਦਾ ਕਾਰਨ ਪੁੱਛਿਆ ਜਾਵੇ।

ਪਟਿਆਲਾ ਜੇਲ੍ਹ ਵਿੱਚੋਂ 20 ਜੁਲਾਈ ਨੂੰ ਲਿਖੇ ਇਸ ਪੱਤਰ ਵਿੱਚ ਰਾਜੋਆਣਾ ਨੇ ਆਪਣੇ ਲੰਬੇ ਜੇਲ੍ਹ ਜੀਵਨ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਹ ਲਗਭਗ 31 ਸਾਲਾਂ ਤੋਂ ਕੈਦ ਵਿੱਚ ਹਨ ਅਤੇ ਫ਼ਾਂਸੀ ਵਾਲੀ ਚੱਕੀ ਵਿੱਚ ਰਹਿੰਦਿਆਂ ਕਰੀਬ 19 ਸਾਲ ਬੀਤ ਚੁੱਕੇ ਹਨ। ਉਨ੍ਹਾਂ ਦੱਸਿਆ ਕਿ 31 ਜੁਲਾਈ ਤੋਂ ਉਨ੍ਹਾਂ ਦਾ ਫ਼ਾਂਸੀ ਵਾਲੀ ਚੱਕੀ ਵਿੱਚ ਰਹਿਣ ਦਾ 20ਵਾਂ ਸਾਲ ਸ਼ੁਰੂ ਹੋ ਜਾਵੇਗਾ।

ਰਾਜੋਆਣਾ ਨੇ ਆਪਣੇ ਪੱਤਰ ਵਿੱਚ ਸਪੱਸ਼ਟ ਕੀਤਾ ਕਿ ਉਨ੍ਹਾਂ ਨੇ ਕਦੇ ਵੀ ਆਪਣੀ ਫ਼ਾਂਸੀ ਦੀ ਸਜ਼ਾ ਮੁਆਫ਼ ਕਰਨ ਲਈ ਨਾ ਤਾਂ ਰਾਸ਼ਟਰਪਤੀ ਕੋਲ, ਨਾ ਕੇਂਦਰ ਸਰਕਾਰ ਕੋਲ, ਨਾ ਸ੍ਰੀ ਅਕਾਲ ਤਖ਼ਤ ਸਾਹਿਬ ਕੋਲ ਅਤੇ ਨਾ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਕੋਈ ਨਿੱਜੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਜਾਣਕਾਰੀ ਤੋਂ ਬਿਨਾਂ ਸ਼੍ਰੋਮਣੀ ਕਮੇਟੀ ਵੱਲੋਂ ਰਾਸ਼ਟਰਪਤੀ ਕੋਲ ਰਹਿਮ ਦੀ ਅਪੀਲ ਕੀਤੀ ਗਈ ਸੀ, ਜਿਸ ਨੂੰ ਕਈ ਸਾਲ ਬੀਤ ਜਾਣ ਦੇ ਬਾਵਜੂਦ ਅਜੇ ਤੱਕ ਕਿਸੇ ਨਤੀਜੇ ਤੱਕ ਨਹੀਂ ਪਹੁੰਚਾਇਆ ਗਿਆ।


ਉਨ੍ਹਾਂ ਇਹ ਵੀ ਲਿਖਿਆ ਕਿ ਇਸ ਮਾਮਲੇ ਨੂੰ ਲੈ ਕੇ ਸੁਪਰੀਮ ਕੋਰਟ ਵਿੱਚ ਹੁਣ ਤੱਕ 41 ਵਾਰ ਸੁਣਵਾਈ ਦੀਆਂ ਤਰੀਕਾਂ ਲੱਗ ਚੁੱਕੀਆਂ ਹਨ, ਪਰ ਅਜੇ ਤੱਕ ਕੋਈ ਅੰਤਿਮ ਜਾਂ ਠੋਸ ਫ਼ੈਸਲਾ ਸਾਹਮਣੇ ਨਹੀਂ ਆਇਆ। ਉਨ੍ਹਾਂ ਦੇ ਅਨੁਸਾਰ ਲੰਬੇ ਸਮੇਂ ਤੋਂ ਚੱਲ ਰਹੀ ਇਹ ਅਨਿਸ਼ਚਿਤਤਾ ਨਾ ਸਿਰਫ਼ ਕਾਨੂੰਨੀ ਪ੍ਰਕਿਰਿਆ ਨੂੰ ਲੰਮਾ ਕਰ ਰਹੀ ਹੈ, ਸਗੋਂ ਇਸ ਨਾਲ ਉਨ੍ਹਾਂ ਦੀ ਸਥਿਤੀ ਵੀ ਅਧਰ ਵਿੱਚ ਲਟਕੀ ਹੋਈ ਹੈ।

ਰਾਜੋਆਣਾ ਨੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਯਾਦ ਦਿਵਾਇਆ ਕਿ ਉਹ ਪਹਿਲਾਂ ਵੀ ਕਈ ਵਾਰ ਬੇਨਤੀ ਕਰ ਚੁੱਕੇ ਹਨ ਕਿ ਜੇਕਰ ਉਨ੍ਹਾਂ ਦੀ ਇੱਛਾ ਦੇ ਉਲਟ ਰਹਿਮ ਦੀ ਅਪੀਲ ਕੀਤੀ ਗਈ ਹੈ ਤਾਂ ਉਸ ਨੂੰ ਵਾਪਸ ਲਿਆ ਜਾਵੇ। ਉਨ੍ਹਾਂ ਕਿਹਾ ਕਿ ਇਸ ਬਾਰੇ ਅਜੇ ਤੱਕ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਵੀ ਕੋਈ ਸਪੱਸ਼ਟ ਫ਼ੈਸਲਾ ਨਹੀਂ ਕੀਤਾ ਗਿਆ।

ਆਪਣੇ ਪੱਤਰ ਦੇ ਅੰਤ ਵਿੱਚ ਰਾਜੋਆਣਾ ਨੇ ਅਪੀਲ ਕੀਤੀ ਕਿ ਇਸ ਮਾਮਲੇ ਨੂੰ ਹੋਰ ਲੰਬਿਤ ਰੱਖਣ ਦੀ ਬਜਾਏ ਸਪੱਸ਼ਟ ਅਤੇ ਨਿਰਣਾਇਕ ਕਦਮ ਚੁੱਕੇ ਜਾਣ, ਤਾਂ ਜੋ ਲੰਬੇ ਸਮੇਂ ਤੋਂ ਚੱਲ ਰਹੀ ਅਨਿਸ਼ਚਿਤਤਾ ਦਾ ਅੰਤ ਹੋ ਸਕੇ ਅਤੇ ਜ਼ਿੰਮੇਵਾਰ ਧਿਰਾਂ ਤੋਂ ਵੀ ਇਸ ਮਾਮਲੇ ਵਿੱਚ ਜਵਾਬ ਮੰਗਿਆ ਜਾ ਸਕੇ।

# ਵਿਦਿਆਰਥੀ ਅੰਦੋਲਨ ਨੂੰ ਮਿਲੀ ਵੱਡੀ ਜਿੱਤ

## ਕੇਂਦਰ ਨੇ ਸਾਰੀਆਂ ਮੰਗਾਂ ਮੰਨੀਆਂ, ਜੰਤਰ-ਮੰਤਰ ਤੋਂ ਪ੍ਰਦਰਸ਼ਨ ਸਮਾਪਤ





**ਨਵੀਂ ਦਿੱਲੀ –** ਨੀਟ-ਯੂਜੀ ਪ੍ਰੀਖਿਆ ਵਿਵਾਦ ਨੂੰ ਲੈ ਕੇ ਜੰਤਰ-ਮੰਤਰ 'ਤੇ ਲੰਬੇ ਸਮੇਂ ਤੋਂ ਚੱਲ ਰਹੇ ਵਿਦਿਆਰਥੀ ਅੰਦੋਲਨ ਦਾ ਅੰਤ ਹੋ ਗਿਆ ਹੈ। ਕੇਂਦਰ ਸਰਕਾਰ ਨੇ ਕੌਕਰੇਚ ਜਨਤਾ ਪਾਰਟੀ (ਸੀਜੇਪੀ) ਅਤੇ ਵਿਦਿਆਰਥੀ ਨੁਮਾਇੰਦਿਆਂ ਨਾਲ ਹੋਈ ਗੱਲਬਾਤ ਤੋਂ ਬਾਅਦ ਉਨ੍ਹਾਂ ਦੀਆਂ ਤਿੰਨਾਂ ਮੁੱਖ ਮੰਗਾਂ ਨੂੰ ਸਵੀਕਾਰ ਕਰ ਲਿਆ ਹੈ। ਇਸ ਤੋਂ ਬਾਅਦ ਸੀਜੇਪੀ ਦੇ ਆਗੂਆਂ ਨੇ ਸਾਂਝੀ ਪ੍ਰੈਸ ਕਾਨਫਰੰਸ ਦੌਰਾਨ ਅੰਦੋਲਨ ਖਤਮ ਕਰਨ ਦਾ ਐਲਾਨ ਕਰਦਿਆਂ ਦੇਸ਼ ਭਰ ਦੇ ਵਿਦਿਆਰਥੀਆਂ ਅਤੇ ਪ੍ਰਦਰਸ਼ਨਕਾਰੀਆਂ ਨੂੰ ਸ਼ਾਂਤੀਪੂਰਵਕ ਆਪਣੇ ਘਰ ਵਾਪਸ ਜਾਣ ਦੀ ਅਪੀਲ ਕੀਤੀ।

ਕੇਂਦਰੀ ਮੰਤਰੀ ਜੇ.ਪੀ. ਨੱਢਾ ਨੇ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ ਸਰਕਾਰ ਵਿਦਿਆਰਥੀਆਂ ਦੀਆਂ ਸਾਰੀਆਂ ਮੰਗਾਂ ਨੂੰ ਗੰਭੀਰਤਾ ਨਾਲ ਸੁਣਦੀ ਰਹੀ ਹੈ ਅਤੇ ਹੁਣ ਉਨ੍ਹਾਂ ਨੂੰ ਲਾਗੂ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪਹਿਲੀ ਅਤੇ ਸਭ ਤੋਂ ਮਹੱਤਵਪੂਰਨ ਮੰਗ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦੇ ਅਸਤੀਫ਼ੇ ਨਾਲ ਪੂਰੀ ਹੋ ਚੁੱਕੀ ਹੈ। ਇਸ ਦੇ ਨਾਲ ਹੀ ਪ੍ਰਦਰਸ਼ਨ ਵਿੱਚ ਸ਼ਾਮਲ ਵਿਦਿਆਰਥੀਆਂ ਖ਼ਿਲਾਫ਼ ਹੋਰ ਕੋਈ ਸਖ਼ਤ ਕਾਰਵਾਈ ਨਹੀਂ ਕੀਤੀ ਜਾਵੇਗੀ ਅਤੇ ਉਨ੍ਹਾਂ ਵਿਰੁੱਧ ਦਰਜ ਮਾਮਲਿਆਂ ਨੂੰ ਕਾਨੂੰਨੀ ਪ੍ਰਕਿਰਿਆ ਅਧੀਨ ਤਿੰਨ ਤੋਂ ਚਾਰ ਦਿਨਾਂ ਦੇ ਅੰਦਰ ਵਾਪਸ ਲੈਣ ਦੀ ਕਾਰਵਾਈ ਸ਼ੁਰੂ ਕੀਤੀ ਜਾਵੇਗੀ।

ਸਰਕਾਰ ਨੇ ਇਹ ਵੀ ਐਲਾਨ ਕੀਤਾ ਕਿ ਨੀਟ ਪ੍ਰੀਖਿਆ ਵਿਵਾਦ ਕਾਰਨ ਖੁਦਕੁਸ਼ੀ ਕਰਨ ਵਾਲੇ ਵਿਦਿਆਰਥੀਆਂ ਦੇ ਪਰਿਵਾਰਾਂ ਨੂੰ ਨਿਯਮਾਂ ਅਨੁਸਾਰ ਵਿੱਤੀ ਸਹਾਇਤਾ ਅਤੇ ਸਨਮਾਨਜਨਕ ਮੁਆਵਜ਼ਾ ਦਿੱਤਾ ਜਾਵੇਗਾ। ਕੇਂਦਰ ਸਰਕਾਰ ਨੇ ਭਰੋਸਾ ਦਿੱਤਾ ਕਿ ਅਜਿਹੇ ਪਰਿਵਾਰਾਂ ਨਾਲ ਇਨਸਾਫ਼ ਕਰਨ ਲਈ ਹਰ ਸੰਭਵ ਕਦਮ ਚੁੱਕਿਆ ਜਾਵੇਗਾ।

ਇਸ ਸਾਂਝੀ ਪ੍ਰੈਸ ਕਾਨਫਰੰਸ ਵਿੱਚ ਕੇਂਦਰੀ ਮੰਤਰੀ ਜੇ.ਪੀ. ਨੱਢਾ, ਜਿਤੇਂਦਰ ਸਿੰਘ, ਸੀਜੇਪੀ ਦੇ ਆਗੂ ਸੌਰਭ ਦਾਸ ਅਤੇ ਆਸ਼ੂਤੋਸ਼ ਰੰਕਾ ਮੌਜੂਦ ਰਹੇ। ਸੀਜੇਪੀ ਆਗੂਆਂ ਨੇ ਕਿਹਾ ਕਿ ਉਨ੍ਹਾਂ ਦਾ ਸੰਘਰਸ਼ ਕਿਸੇ ਸਿਆਸੀ ਲਾਭ ਲਈ ਨਹੀਂ, ਸਗੋਂ ਵਿਦਿਆਰਥੀਆਂ ਦੇ ਹੱਕਾਂ ਅਤੇ ਭਵਿੱਖ ਦੀ ਸੁਰੱਖਿਆ ਲਈ ਸੀ। ਸਰਕਾਰ ਵੱਲੋਂ ਸਾਰੀਆਂ ਮੰਗਾਂ ਮੰਨ ਲੈਣ ਤੋਂ ਬਾਅਦ ਹੁਣ ਅੰਦੋਲਨ ਜਾਰੀ ਰੱਖਣ ਦਾ ਕੋਈ ਕਾਰਨ ਨਹੀਂ ਬਚਦਾ।

ਸੀਜੇਪੀ ਦੇ ਆਗੂ ਆਸ਼ੂਤੋਸ਼ ਰੰਕਾ ਨੇ ਕਿਹਾ ਕਿ ਉਨ੍ਹਾਂ ਦੀਆਂ ਮੰਗਾਂ ਕੋਈ ਅਸੰਭਵ ਜਾਂ ਗੈਰ-ਵਾਜਬ ਨਹੀਂ ਸਨ, ਸਗੋਂ ਬਹੁਤ ਹੀ ਬੁਨਿਆਦੀ ਅਤੇ ਵਿਦਿਆਰਥੀਆਂ ਦੇ ਹਿੱਤ ਨਾਲ ਜੁੜੀਆਂ ਹੋਈਆਂ ਸਨ। ਉਨ੍ਹਾਂ ਕਿਹਾ ਕਿ ਲੰਬੇ ਸਮੇਂ ਦੇ ਸ਼ਾਂਤੀਪੂਰਵਕ ਸੰਘਰਸ਼ ਅਤੇ ਵਿਦਿਆਰਥੀਆਂ ਦੀ ਏਕਤਾ ਨੇ ਸਰਕਾਰ ਨੂੰ ਆਪਣਾ ਫ਼ੈਸਲਾ ਬਦਲਣ ਲਈ ਮਜਬੂਰ ਕੀਤਾ ਹੈ। ਉਨ੍ਹਾਂ ਸਾਰੇ ਵਿਦਿਆਰਥੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਹੁਣ ਸਾਰੇ ਲੋਕ ਸ਼ਾਂਤੀ ਨਾਲ ਆਪਣੇ ਘਰ ਵਾਪਸ ਜਾਣ ਅਤੇ ਆਪਣੀ ਪੜ੍ਹਾਈ 'ਤੇ ਧਿਆਨ ਦੇਣ।

ਦੂਜੇ ਪਾਸੇ ਸੀਜੇਪੀ ਦੇ ਹੀ ਆਗੂ ਸੌਰਭ ਦਾਸ ਨੇ ਕਿਹਾ ਕਿ ਕੇਂਦਰ ਸਰਕਾਰ ਨਾਲ ਹੋਈ ਗੱਲਬਾਤ ਦੌਰਾਨ ਸਾਰੀਆਂ ਮੰਗਾਂ 'ਤੇ ਸਹਿਮਤੀ ਬਣ ਗਈ ਹੈ। ਇਸ ਦੇ ਆਧਾਰ 'ਤੇ ਸੰਗਠਨ ਨੇ ਤੁਰੰਤ ਪ੍ਰਭਾਵ ਨਾਲ ਆਪਣਾ ਅੰਦੋਲਨ ਵਾਪਸ ਲੈਣ ਦਾ ਫ਼ੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਸੰਘਰਸ਼ ਵਿਦਿਆਰਥੀਆਂ ਦੀ ਏਕਤਾ ਅਤੇ ਲੋਕਤੰਤਰਿਕ ਅਧਿਕਾਰਾਂ ਦੀ ਜਿੱਤ ਵਜੋਂ ਯਾਦ ਰੱਖਿਆ ਜਾਵੇਗਾ।

ਸਰਕਾਰ ਅਤੇ ਵਿਦਿਆਰਥੀ ਨੁਮਾਇੰਦਿਆਂ ਵਿਚਾਲੇ ਹੋਈ ਬੈਠਕ ਵਿੱਚ ਇਹ ਵੀ ਸਪੱਸ਼ਟ ਕੀਤਾ ਗਿਆ ਕਿ ਨੀਟ ਵਿਵਾਦ ਨਾਲ ਪ੍ਰਭਾਵਿਤ ਪਰਿਵਾਰਾਂ ਨੂੰ ਨਿਆਂ ਦਿਵਾਉਣ ਲਈ ਲੋੜੀਂਦੇ ਸਾਰੇ ਪ੍ਰਸ਼ਾਸਨਿਕ ਅਤੇ ਕਾਨੂੰਨੀ ਕਦਮ ਚੁੱਕੇ ਜਾਣਗੇ। ਇਸ ਦੇ ਨਾਲ ਹੀ ਪ੍ਰਦਰਸ਼ਨਕਾਰੀਆਂ ਖ਼ਿਲਾਫ਼ ਦਰਜ ਕੀਤੀਆਂ ਐੱਫ.ਆਈ.ਆਰ. ਨੂੰ ਵੀ ਨਿਯਮਾਂ ਅਨੁਸਾਰ ਵਾਪਸ ਲੈਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾਵੇਗੀ, ਜਿਸ ਨਾਲ ਵਿਦਿਆਰਥੀਆਂ ਨੂੰ ਕਿਸੇ ਵੀ ਤਰ੍ਹਾਂ ਦੀ ਕਾਨੂੰਨੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਇਸ ਤੋਂ ਪਹਿਲਾਂ ਕੇਂਦਰੀ ਸਿੱਖਿਆ ਮੰਤਰੀ ਰਹੇ ਧਰਮੇਂਦਰ ਪ੍ਰਧਾਨ ਨੇ ਆਪਣੇ ਅਸਤੀਫ਼ੇ ਸਬੰਧੀ ਜਾਰੀ ਪੱਤਰ ਵਿੱਚ ਕਿਹਾ ਸੀ ਕਿ ਦੇਸ਼ ਵਿੱਚ ਬਣੀ ਸਥਿਤੀ ਦਾ ਕੋਈ ਵੀ ਦੇਸ਼ ਵਿਰੋਧੀ ਤੱਤ ਫ਼ਾਇਦਾ ਨਾ ਚੁੱਕ ਸਕੇ ਅਤੇ ਕਿਸੇ ਵੀ ਵਿਦਿਆਰਥੀ ਦਾ ਭਵਿੱਖ ਕਾਨੂੰਨੀ ਉਲਝਣਾਂ ਵਿੱਚ ਨਾ ਫਸੇ, ਇਸ ਲਈ ਉਨ੍ਹਾਂ ਨੇ ਆਪਣਾ ਅਹੁਦਾ ਛੱਡਣ ਦਾ ਫ਼ੈਸਲਾ ਕੀਤਾ ਹੈ। ਉਨ੍ਹਾਂ ਨੇ ਇਹ ਵੀ ਦੱਸਿਆ ਸੀ ਕਿ ਨੀਟ-ਯੂਜੀ ਪ੍ਰੀਖਿਆ ਵਿੱਚ ਸਾਹਮਣੇ ਆਈਆਂ ਗੜਬੜੀਆਂ ਤੋਂ ਬਾਅਦ ਸਰਕਾਰ ਨੇ ਪ੍ਰੀਖਿਆ ਰੱਦ ਕਰਕੇ ਜਾਂਚ ਸੀਬੀਆਈ ਨੂੰ ਸੌਂਪ ਦਿੱਤੀ ਸੀ ਅਤੇ ਭਵਿੱਖ ਵਿੱਚ ਸਾਲ 2027 ਤੋਂ ਪ੍ਰੀਖਿਆ ਨੂੰ ਕੰਪਿਊਟਰ-ਅਧਾਰਿਤ ਢੰਗ ਨਾਲ ਕਰਵਾਉਣ ਦਾ ਫ਼ੈਸਲਾ ਵੀ ਲਿਆ ਗਿਆ ਹੈ।

ਧਰਮੇਂਦਰ ਪ੍ਰਧਾਨ ਨੇ ਆਪਣੇ ਬਿਆਨ ਵਿੱਚ ਕਿਹਾ ਸੀ ਕਿ ਸਰਕਾਰ ਦੀ ਸਭ ਤੋਂ ਵੱਡੀ ਤਰਜੀਹ 20 ਲੱਖ ਤੋਂ ਵੱਧ ਵਿਦਿਆਰਥੀਆਂ ਦੀ ਪ੍ਰੀਖਿਆ ਨੂੰ ਨਿਰਪੱਖ ਅਤੇ ਸੁਚਾਰੂ ਢੰਗ ਨਾਲ ਪੂਰਾ ਕਰਵਾਉਣਾ ਰਹੀ ਹੈ। ਉਨ੍ਹਾਂ ਕਿਹਾ ਕਿ ਭਾਰਤ ਦੀ ਨੌਜਵਾਨ ਤਾਕਤ ਹੀ ਦੇਸ਼ ਦੀ ਸਭ ਤੋਂ ਵੱਡੀ ਸ਼ਕਤੀ ਹੈ ਅਤੇ ਵਿਦਿਆਰਥੀਆਂ ਦਾ ਭਵਿੱਖ ਹਰ ਸਰਕਾਰ ਦੀ ਪ੍ਰਾਥਮਿਕਤਾ ਹੋਣਾ ਚਾਹੀਦਾ ਹੈ।

## ਧਰਮੇਂਦਰ ਪ੍ਰਧਾਨ ਦੇ ਅਸਤੀਫ਼ੇ ਮਗਰੋਂ ਕਾਂਗਰਸ ਦਾ ਕੇਂਦਰ 'ਤੇ ਤਿੱਖਾ ਹਮਲਾ; ਮੋਦੀ ਤੋਂ ਨੌਜਵਾਨਾਂ ਕੋਲੋਂ ਮੁਆਫ਼ੀ ਮੰਗਣ ਦੀ ਕੀਤੀ ਮੰਗ



**ਨਵੀਂ ਦਿੱਲੀ –** ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦੇ ਅਸਤੀਫ਼ੇ ਤੋਂ ਬਾਅਦ ਕਾਂਗਰਸ ਪਾਰਟੀ ਨੇ ਇਸ ਨੂੰ ਨੀਟ (NEET) ਪੇਪਰ ਲੀਕ ਮਾਮਲੇ ਖ਼ਿਲਾਫ਼ ਸੰਘਰਸ਼ ਕਰ ਰਹੇ ਲੱਖਾਂ ਵਿਦਿਆਰਥੀਆਂ ਦੀ ਇਤਿਹਾਸਕ ਜਿੱਤ ਕਰਾਰ ਦਿੱਤਾ ਹੈ। ਪਾਰਟੀ ਨੇ ਕਿਹਾ ਕਿ ਇਹ ਫ਼ੈਸਲਾ ਵਿਦਿਆਰਥੀਆਂ ਦੀ ਏਕਤਾ, ਲਗਾਤਾਰ ਸੰਘਰਸ਼ ਅਤੇ ਲੋਕਤੰਤਰਿਕ ਦਬਾਅ ਦਾ ਨਤੀਜਾ ਹੈ। ਹਾਲਾਂਕਿ ਕਾਂਗਰਸ ਨੇ ਸਪੱਸ਼ਟ ਕੀਤਾ ਕਿ ਸਿਰਫ਼ ਇੱਕ ਅਸਤੀਫ਼ੇ ਨਾਲ ਮਾਮਲਾ ਖ਼ਤਮ ਨਹੀਂ ਹੁੰਦਾ ਅਤੇ ਹੁਣ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਦੇਸ਼ ਦੇ ਨੌਜਵਾਨਾਂ ਤੋਂ ਜਨਤਕ ਤੌਰ 'ਤੇ ਮੁਆਫ਼ੀ ਮੰਗਣੀ ਚਾਹੀਦੀ ਹੈ।

ਕਾਂਗਰਸ ਨੇ ਦੋਸ਼ ਲਗਾਇਆ ਕਿ ਨੀਟ ਪੇਪਰ ਲੀਕ ਮਾਮਲੇ ਨੇ ਦੇਸ਼ ਦੀ ਪ੍ਰੀਖਿਆ ਪ੍ਰਣਾਲੀ ਦੀ ਭਰੋਸੇਯੋਗਤਾ 'ਤੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ ਅਤੇ ਇਸ ਕਾਰਨ ਲੱਖਾਂ ਵਿਦਿਆਰਥੀਆਂ ਦੇ ਭਵਿੱਖ ਨਾਲ ਖਿਲਵਾੜ ਹੋਇਆ ਹੈ। ਪਾਰਟੀ ਨੇ ਕਿਹਾ ਕਿ ਜਿਹੜੇ ਵਿਦਿਆਰਥੀ ਆਪਣੇ ਹੱਕਾਂ ਲਈ ਸੜਕਾਂ 'ਤੇ ਉਤਰੇ, ਉਨ੍ਹਾਂ ਨਾਲ ਪੁਲੀਸ ਵੱਲੋਂ ਕੀਤੀ ਗਈ ਸਖ਼ਤੀ ਅਤੇ ਬਲ ਪ੍ਰਯੋਗ ਵੀ ਉਤਨਾ ਹੀ ਗੰਭੀਰ ਮਾਮਲਾ ਹੈ, ਜਿਸ ਦੀ ਜਵਾਬਦੇਹੀ ਸਰਕਾਰ ਨੂੰ ਲੈਣੀ ਚਾਹੀਦੀ ਹੈ।

ਕਾਂਗਰਸ ਦੇ ਰਾਸ਼ਟਰੀ ਪ੍ਰਧਾਨ ਮੱਲਿਕਾਰਜੁਨ ਖੜਗੇ ਨੇ ਕਿਹਾ ਕਿ ਆਖ਼ਰਕਾਰ ਵਿਦਿਆਰਥੀਆਂ ਦੀ ਆਵਾਜ਼ ਨੇ ਇੱਕ ਅਹੰਕਾਰੀ ਸਰਕਾਰ ਨੂੰ ਝੁਕਣ ਲਈ ਮਜਬੂਰ ਕਰ ਦਿੱਤਾ। ਉਨ੍ਹਾਂ ਕਿਹਾ ਕਿ ਧਰਮੇਂਦਰ ਪ੍ਰਧਾਨ ਦਾ ਅਸਤੀਫ਼ਾ ਸਿਰਫ਼ ਇੱਕ ਸਿਆਸੀ ਘਟਨਾ ਨਹੀਂ, ਸਗੋਂ ਸੱਚ ਅਤੇ ਨਿਆਂ ਦੀ ਜਿੱਤ ਹੈ। ਉਨ੍ਹਾਂ ਦੇ ਅਨੁਸਾਰ ਇਹ ਉਨ੍ਹਾਂ ਪਰਿਵਾਰਾਂ ਲਈ ਵੀ ਨਿਆਂ ਵੱਲ ਇੱਕ ਕਦਮ ਹੈ, ਜਿਨ੍ਹਾਂ ਦੇ ਬੱਚੇ ਪ੍ਰੀਖਿਆ ਪ੍ਰਣਾਲੀ ਦੀਆਂ ਖਾਮੀਆਂ ਕਾਰਨ ਮਾਨਸਿਕ ਦਬਾਅ ਦਾ ਸ਼ਿਕਾਰ ਹੋਏ।

ਖੜਗੇ ਨੇ ਇਹ ਵੀ ਮੰਗ ਕੀਤੀ ਕਿ ਅੰਦੋਲਨ ਦੌਰਾਨ ਵਿਦਿਆਰਥੀਆਂ 'ਤੇ ਲਾਠੀਚਾਰਜ ਅਤੇ ਪੈਲੇਟ ਗਨ ਦੀ ਵਰਤੋਂ ਕਰਨ ਵਾਲੇ ਅਧਿਕਾਰੀਆਂ ਖ਼ਿਲਾਫ਼ ਤੁਰੰਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਲੋਕਤੰਤਰ ਵਿੱਚ ਆਪਣੇ ਹੱਕਾਂ ਲਈ ਸ਼ਾਂਤੀਪੂਰਵਕ ਆਵਾਜ਼ ਉਠਾਉਣ ਵਾਲੇ ਨੌਜਵਾਨਾਂ ਨਾਲ ਅਜਿਹਾ ਵਰਤਾਅ ਕਦੇ ਵੀ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ।

ਕਾਂਗਰਸ ਦੇ ਜਨਰਲ ਸਕੱਤਰ (ਸੰਗਠਨ) ਕੇ.ਸੀ. ਵੇਣੂਗੋਪਾਲ ਨੇ ਵੀ ਧਰਮੇਂਦਰ ਪ੍ਰਧਾਨ ਦੇ ਅਸਤੀਫ਼ੇ ਨੂੰ ਭਾਰਤ ਦੇ ਨੌਜਵਾਨਾਂ ਦੀ ਜਿੱਤ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਸ਼ੁਰੂ ਤੋਂ ਹੀ ਵਿਦਿਆਰਥੀਆਂ ਦੇ ਨਾਲ ਡਟ ਕੇ ਖੜ੍ਹੇ ਰਹੇ ਅਤੇ ਪਾਰਟੀ ਨੇ ਲਗਾਤਾਰ ਉਨ੍ਹਾਂ ਦੀਆਂ ਮੰਗਾਂ ਦਾ ਸਮਰਥਨ ਕੀਤਾ। ਵੇਣੂਗੋਪਾਲ ਨੇ ਕਿਹਾ ਕਿ ਜਦੋਂ ਤੱਕ ਵਿਦਿਆਰਥੀਆਂ 'ਤੇ ਹਿੰਸਕ ਕਾਰਵਾਈ ਕਰਨ ਵਾਲਿਆਂ ਵਿਰੁੱਧ ਕਾਰਵਾਈ ਨਹੀਂ ਹੁੰਦੀ ਅਤੇ ਪ੍ਰਧਾਨ ਮੰਤਰੀ ਖੁਦ ਦੇਸ਼ ਦੇ ਨੌਜਵਾਨਾਂ ਤੋਂ ਮੁਆਫ਼ੀ ਨਹੀਂ ਮੰਗਦੇ, ਉਦੋਂ ਤੱਕ ਕਾਂਗਰਸ ਆਪਣਾ ਸੰਘਰਸ਼ ਜਾਰੀ ਰੱਖੇਗੀ।

ਉੱਧਰ ਕਾਂਗਰਸ ਦੇ ਸੀਨੀਅਰ ਆਗੂ ਅਤੇ ਰਾਜ ਸਭਾ ਮੈਂਬਰ ਜੈਰਾਮ ਰਮੇਸ਼ ਨੇ ਦੋਸ਼ ਲਗਾਇਆ ਕਿ ਕੇਂਦਰ ਸਰਕਾਰ ਲੰਬੇ ਸਮੇਂ ਤੱਕ ਸਿੱਖਿਆ ਮੰਤਰੀ ਨੂੰ ਬਚਾਉਣ ਦੀ ਕੋਸ਼ਿਸ਼ ਕਰਦੀ ਰਹੀ, ਪਰ ਵਿਦਿਆਰਥੀਆਂ ਦੇ ਵਧਦੇ ਦਬਾਅ ਨੇ ਸਰਕਾਰ ਨੂੰ ਅਖ਼ੀਰਕਾਰ ਇਹ ਕਦਮ ਚੁੱਕਣ ਲਈ ਮਜਬੂਰ ਕਰ ਦਿੱਤਾ। ਉਨ੍ਹਾਂ ਕਿਹਾ ਕਿ ਧਰਮੇਂਦਰ ਪ੍ਰਧਾਨ ਨੇ ਪੂਰੇ ਮਾਮਲੇ ਨੂੰ ਸਿਰਫ਼ ਇੱਕ ਆਮ ਗੜਬੜ ਦੱਸ ਕੇ ਇਸ ਦੀ ਗੰਭੀਰਤਾ ਨੂੰ ਘਟਾ ਕੇ ਦਿਖਾਉਣ ਦੀ ਕੋਸ਼ਿਸ਼ ਕੀਤੀ, ਜਦਕਿ ਦੇਸ਼ ਭਰ ਦੇ ਵਿਦਿਆਰਥੀ ਨਿਰਪੱਖ ਜਾਂਚ ਅਤੇ ਜਵਾਬਦੇਹੀ ਦੀ ਮੰਗ ਕਰ ਰਹੇ ਸਨ।

ਜੈਰਾਮ ਰਮੇਸ਼ ਨੇ ਇਹ ਵੀ ਦੋਸ਼ ਲਗਾਇਆ ਕਿ ਪ੍ਰੀਖਿਆ ਪ੍ਰਣਾਲੀ ਵਿੱਚ ਸੁਧਾਰ ਲਈ ਸੰਸਦੀ ਕਮੇਟੀ ਵੱਲੋਂ ਦਿੱਤੀਆਂ ਗਈਆਂ ਸਿਫ਼ਾਰਸ਼ਾਂ ਨੂੰ ਵੀ ਨਜ਼ਰਅੰਦਾਜ਼ ਕੀਤਾ ਗਿਆ। ਉਨ੍ਹਾਂ ਨੇ ਸੀਬੀਐੱਸਈ ਦੇ ਆਨ-ਸਕ੍ਰੀਨ ਮਾਰਕਿੰਗ ਸਿਸਟਮ ਨਾਲ ਜੁੜੇ ਠੇਕਿਆਂ ਵਿੱਚ ਹੋਈਆਂ ਕਥਿਤ ਬੇਨਿਯਮੀਆਂ ਦੀ ਵੀ ਨਿਰਪੱਖ ਅਤੇ ਸੁਤੰਤਰ ਜਾਂਚ ਕਰਵਾਉਣ ਦੀ ਮੰਗ ਕੀਤੀ।

ਕਾਂਗਰਸ ਨੇ ਕਿਹਾ ਕਿ ਨੀਟ ਵਿਵਾਦ ਸਿਰਫ਼ ਇੱਕ ਪ੍ਰੀਖਿਆ ਦਾ ਮਾਮਲਾ ਨਹੀਂ, ਸਗੋਂ ਦੇਸ਼ ਦੇ ਲੱਖਾਂ ਨੌਜਵਾਨਾਂ ਦੇ ਭਵਿੱਖ, ਸਿੱਖਿਆ ਪ੍ਰਣਾਲੀ ਦੀ ਪਾਰਦਰਸ਼ਤਾ ਅਤੇ ਸਰਕਾਰ ਦੀ ਜਵਾਬਦੇਹੀ ਨਾਲ ਜੁੜਿਆ ਹੋਇਆ ਮੁੱਦਾ ਹੈ। ਪਾਰਟੀ ਦਾ ਕਹਿਣਾ ਹੈ ਕਿ ਜਦ ਤੱਕ ਸਾਰੇ ਦੋਸ਼ੀਆਂ ਖ਼ਿਲਾਫ਼ ਕਾਰਵਾਈ ਨਹੀਂ ਹੁੰਦੀ, ਪੀੜਤ ਵਿਦਿਆਰਥੀਆਂ ਨੂੰ ਇਨਸਾਫ਼ ਨਹੀਂ ਮਿਲਦਾ ਅਤੇ ਸਰਕਾਰ ਆਪਣੀ ਜ਼ਿੰਮੇਵਾਰੀ ਸਵੀਕਾਰ ਨਹੀਂ ਕਰਦੀ, ਉਦੋਂ ਤੱਕ ਇਹ ਮੁੱਦਾ ਖ਼ਤਮ ਨਹੀਂ ਮੰਨਿਆ ਜਾ ਸਕਦਾ।

## ਜੇਲ੍ਹ ਵਿੱਚ ਬੰਦ MP ਅੰਮ੍ਰਿਤਪਾਲ ਨੇ ਮੌਨਸੂਨ ਸੈਸ਼ਨ ਵਿੱਚ ਸ਼ਾਮਲ ਹੋਣ ਲਈ ਲੋਕ ਸਭਾ ਸਪੀਕਰ ਤੋਂ ਮੰਗੀ ਇਜਾਜ਼ਤ

### ਅੰਮ੍ਰਿਤਪਾਲ ਨੇ ਆਪਣੀ ਚਿੱਠੀ ਵਿੱਚ ਸੰਸਦ 'ਚ ਅਹਿਮ ਮੁੱਦੇ ਉਠਾਉਣ ਦੀ ਜ਼ਰੂਰਤ 'ਤੇ ਦਿੱਤਾ ਜ਼ੋਰ



**ਨਵੀਂ ਦਿੱਲੀ –** 'ਵਾਰਿਸ ਪੰਜਾਬ ਦੇ' ਮੁਖੀ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਇੱਕ ਚਿੱਠੀ ਜਨਤਕ ਕੀਤੀ ਹੈ। ਇਸ ਚਿੱਠੀ ਮੁਤਾਬਕ, ਖਡੂਰ ਸਾਹਿਬ ਤੋਂ ਚੁਣੇ ਗਏ ਸੰਸਦ ਮੈਂਬਰ (ਐੱਮ ਪੀ) ਅੰਮ੍ਰਿਤਪਾਲ ਸਿੰਘ ਨੇ 20 ਜੁਲਾਈ ਤੋਂ 13 ਅਗਸਤ, 2026 ਤੱਕ ਚੱਲ ਰਹੇ ਸੰਸਦ ਦੇ ਮੌਨਸੂਨ ਸੈਸ਼ਨ ਵਿੱਚ ਸ਼ਾਮਲ ਹੋਣ ਲਈ ਲੋਕ ਸਭਾ ਸਪੀਕਰ ਕੋਲੋਂ ਇਜਾਜ਼ਤ ਮੰਗੀ ਹੈ।

ਤਰਸੇਮ ਸਿੰਘ ਨੇ ਕਿਹਾ ਕਿ 2024 ਤੋਂ ਚੁਣੇ ਗਏ ਐੱਮ ਪੀ ਹੋਣ ਦੇ ਬਾਵਜੂਦ, ਉਨ੍ਹਾਂ ਦੇ ਪੁੱਤਰ ਨੂੰ ਸੰਸਦ ਦੇ ਕਿਸੇ ਵੀ ਸੈਸ਼ਨ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਹੈ। ਉਨ੍ਹਾਂ ਦੇ ਪੱਤਰ ਵਿੱਚ ਕਿਹਾ ਗਿਆ ਹੈ ਕਿ ਇਸ ਰੋਕ ਕਾਰਨ ਉਹ ਆਪਣੇ ਹਲਕੇ ਦੇ ਮੁੱਦੇ ਉਠਾਉਣ ਅਤੇ ਆਪਣੇ ਸੰਸਦੀ ਫਰਜ਼ ਨਿਭਾਉਣ ਤੋਂ ਅਸਮਰੱਥ ਰਹੇ ਹਨ।

ਤਰਸੇਮ ਸਿੰਘ ਨੇ ਦੋਸ਼ ਲਾਇਆ ਕਿ ਅੰਮ੍ਰਿਤਪਾਲ ਸਿੰਘ ਨੂੰ ਐੱਮ ਪੀ ਐੱਲ ਏ ਡੀ (ਫ਼ਲਅਧ) ਫੰਡਾਂ ਤੱਕ ਪਹੁੰਚ ਤੋਂ ਵੀ ਵਾਂਝਾ ਰੱਖਿਆ ਗਿਆ ਹੈ, ਜਿਸ ਨਾਲ ਖਡੂਰ ਸਾਹਿਬ ਵਿੱਚ ਵਿਕਾਸ ਕਾਰਜ ਪ੍ਰਭਾਵਿਤ ਹੋ ਰਹੇ ਹਨ।

ਤਰਸੇਮ ਸਿੰਘ ਨੇ ਦੱਸਿਆ ਕਿ ਐੱਨ ਐੱਸ ਏ ਹਟਾਏ ਜਾਣ ਤੋਂ ਬਾਅਦ ਵੀ, ਅੰਮ੍ਰਿਤਪਾਲ ਸਿੰਘ ਨੂੰ ਅਸਾਮ ਦੀ ਡਿਬਰੂਗੜ੍ਹ ਕੇਂਦਰੀ ਜੇਲ੍ਹ ਵਿੱਚ ਹੀ ਕੈਦ ਰੱਖਿਆ ਗਿਆ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਇਹ ਨਜ਼ਰਬੰਦੀ ਇਸ ਮਕਸਦ ਨਾਲ ਕੀਤੀ ਗਈ ਹੈ ਤਾਂ ਜੋ ਉਹ ਇੱਕ ਸੰਸਦ ਮੈਂਬਰ ਵਜੋਂ ਆਪਣੇ ਸੰਵਿਧਾਨਕ ਫਰਜ਼ ਨਾ ਨਿਭਾ ਸਕਣ।

ਅੰਮ੍ਰਿਤਪਾਲ ਸਿੰਘ ਨੇ ਆਪਣੀ ਅਰਜ਼ੀ ਵਿੱਚ ਸੰਸਦ 'ਚ ਅਹਿਮ ਮੁੱਦੇ ਉਠਾਉਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਹੈ।

ਉਨ੍ਹਾਂ ਪੰਜਾਬ ਵਿੱਚ ਵਧ ਰਹੇ ਨਸ਼ੇ ਦੇ ਕੋਹੜ, ਮੌਨਸੂਨ ਦੌਰਾਨ ਆਉਣ ਵਾਲੇ ਹੜ੍ਹਾਂ ਅਤੇ ਵਿਗੜ ਰਹੀ ਕਾਨੂੰਨ ਵਿਵਸਥਾ ਨੂੰ ਅਜਿਹੇ ਮਾਮਲੇ ਦੱਸਿਆ ਹੈ ਜਿਨ੍ਹਾਂ ਵੱਲ ਤੁਰੰਤ ਕੌਮੀ ਪੱਧਰ ਉੱਤੇ ਧਿਆਨ ਦੇਣ ਦੀ ਲੋੜ ਹੈ। ਉਨ੍ਹਾਂ ਦਾ ਤਰਕ ਹੈ ਕਿ ਲਗਪਗ 20 ਲੱਖ ਵੋਟਰਾਂ (ਵੋਟਰਾਂ/ਹਲਕਾ ਨਿਵਾਸੀਆਂ) ਦੀਆਂ ਆਵਾਜ਼ਾਂ ਨੂੰ ਸੁਣੇ ਜਾਣ ਨੂੰ ਯਕੀਨੀ ਬਣਾਉਣ ਲਈ ਮੌਨਸੂਨ ਸੈਸ਼ਨ ਵਿੱਚ ਉਨ੍ਹਾਂ ਦੀ ਭਾਗੀਦਾਰੀ ਬਹੁਤ ਜ਼ਰੂਰੀ ਹੈ।

ਅੰਮ੍ਰਿਤਪਾਲ ਨੇ ਆਪਣੀ ਅਰਜ਼ੀ ਵਿੱਚ ਲਿਖਿਆ, "ਪੰਜਾਬ ਵਿੱਚ, ਖਾਸ ਕਰਕੇ ਮੇਰੇ ਹਲਕੇ ਵਿੱਚ, ਵਿਗੜ ਰਹੀ ਕਾਨੂੰਨ ਵਿਵਸਥਾ ਦੀ ਸਥਿਤੀ ਚਿੰਤਾ ਦਾ ਗੰਭੀਰ ਵਿਸ਼ਾ ਹੈ। ਫਿਰੌਤੀ, ਡਾਕੇ ਅਤੇ ਅਗਵਾ ਦੀਆਂ ਘਟਨਾਵਾਂ ਦਿਨੋ-ਦਿਨ ਵਧ ਰਹੀਆਂ ਹਨ, ਜਿਸ ਨਾਲ ਲੋਕਾਂ ਵਿੱਚ ਡਰ ਅਤੇ ਅਸੁਰੱਖਿਆ ਦਾ ਮਾਹੌਲ ਪੈਦਾ ਹੋ ਰਿਹਾ ਹੈ। ਇਹ ਮੁੱਦੇ ਸੰਸਦ ਵਿੱਚ ਤੁਰੰਤ ਬਹਿਸ ਦੀ ਮੰਗ ਕਰਦੇ ਹਨ ਅਤੇ ਆਪਣੇ ਹਲਕੇ ਦੇ ਚੁਣੇ ਹੋਏ ਨੁਮਾਇੰਦੇ ਵਜੋਂ, ਮੈਂ ਇਨ੍ਹਾਂ ਨੂੰ ਸਦਨ ਦੇ ਸਾਹਮਣੇ ਰੱਖਣਾ ਆਪਣਾ ਫਰਜ਼ ਸਮਝਦਾ ਹਾਂ।"

ਲੋਕ ਸਭਾ ਸਪੀਕਰ ਨੂੰ ਲਿਖੇ ਪੱਤਰ ਵਿੱਚ ਅੰਮ੍ਰਿਤਪਾਲ ਨੇ ਅਪੀਲ ਕੀਤੀ ਕਿ ਪਹਿਲਾਂ ਵੀ ਉਨ੍ਹਾਂ ਨੇ ਸੰਸਦ ਦੀ ਕਾਰਵਾਈ ਵਿੱਚ ਹਿੱਸਾ ਲੈਣ ਲਈ ਇਜਾਜ਼ਤ ਮੰਗਦਿਆਂ ਕਈ ਵਾਰ ਬੇਨਤੀਆਂ ਕੀਤੀਆਂ ਹਨ। ਪੱਤਰ ਵਿੱਚ ਲਿਖਿਆ ਹੈ, "ਹਾਲਾਂਕਿ, ਬਦਕਿਸਮਤੀ ਨਾਲ ਮੈਨੂੰ ਅਜਿਹਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ। ਮੈਂ ਇੱਕ ਵਾਰ ਫਿਰ ਨਿਮਰਤਾ ਸਹਿਤ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਮੈਨੂੰ ਸੰਸਦ ਦੇ ਆਉਣ ਵਾਲੇ ਮੌਨਸੂਨ ਸੈਸ਼ਨ (20 ਜੁਲਾਈ ਤੋਂ 13 ਅਗਸਤ) ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਦਿੱਤੀ ਜਾਵੇ। ਇਸ ਲਈ ਜੋ ਵੀ ਸ਼ਰਤਾਂ ਉਚਿਤ ਸਮਝੀਆਂ ਜਾਣ, ਉਹ ਲਾਗੂ ਕੀਤੀਆਂ ਜਾ ਸਕਦੀਆਂ ਹਨ, ਤਾਂ ਜੋ ਮੈਂ ਸੰਸਦ ਮੈਂਬਰ ਵਜੋਂ ਆਪਣੇ ਸੰਵਿਧਾਨਕ ਫਰਜ਼ਾਂ ਦਾ ਪ੍ਰਭਾਵਸ਼ਾਲੀ ਢੰਗ ਨਾਲ ਪਾਲਣ ਕਰ ਸਕਾਂ।"






## ਡੇਅਰੀ ਕਿਸਾਨਾਂ ਨੂੰ ਵੱਡੀ ਰਾਹਤ; ਪੰਜਾਬ ਸਰਕਾਰ ਨੇ ਦੁੱਧ ਦੇ ਖ਼ਰੀਦ ਰੇਟ ਵਿੱਚ 40 ਰੁਪਏ ਪ੍ਰਤੀ ਕਿਲੋ ਫ਼ੈਟ ਦਾ ਕੀਤਾ ਵਾਧਾ

### 'ਆਪ' ਸਰਕਾਰ ਵੱਲੋਂ ਜਾਇਜ਼ ਮੰਗਾਂ ਦਾ ਤੁਰੰਤ ਕੀਤਾ ਜਾਂਦਾ ਹੈ ਹੱਲ: ਭਗਵੰਤ ਮਾਨ



**ਚੰਡੀਗੜ੍ਹ–**ਪੰਜਾਬ ਵਿੱਚ ਡੇਅਰੀ ਕਿਸਾਨਾਂ ਨੂੰ ਮਹਿੰਗਾਈ ਵਧਣ ਕਰਕੇ ਪਿਛਲੇ ਲੰਮੇ ਸਮੇਂ ਤੋਂ ਪੇਸ਼ ਆ ਰਹੀ ਸਮੱਸਿਆ ਨੂੰ ਵੇਖਦਿਆਂ ਪੰਜਾਬ ਸਰਕਾਰ ਨੇ ਦੁੱਧ ਦੇ ਖ਼ਰੀਦ ਰੇਟ ਵਿੱਚ 40 ਰੁਪਏ ਪ੍ਰਤੀ ਕਿਲੋ ਫ਼ੈਟ ਦਾ ਵਾਧਾ ਕਰ ਦਿੱਤਾ ਹੈ। ਇਹ ਫ਼ੈਸਲਾ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਲਿਆ ਹੈ।

ਸੂਬਾ ਸਰਕਾਰ ਵੱਲੋਂ ਇਹ ਸੋਧੇ ਹੋਏ ਰੇਟ 21 ਜੁਲਾਈ 2026 ਤੋਂ ਲਾਗੂ ਕਰ ਦਿੱਤੇ ਹਨ, ਜਿਸ ਨਾਲ ਪੰਜਾਬ ਭਰ ਦੇ ਲੱਖਾਂ ਡੇਅਰੀ ਫ਼ਾਰਮਰਾਂ ਨੂੰ ਵੱਡੀ ਆਰਥਿਕ ਰਾਹਤ ਮਿਲੇਗੀ। ਭਗਵੰਤ ਮਾਨ ਨੇ ਕਿਹਾ ਕਿ 'ਆਪ' ਸਰਕਾਰ ਖੇਤੀਬਾੜੀ ਨਾਲ ਜੁੜੇ ਹਰ ਵਰਗ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਉਲਟ, ਜੋ ਕਿਸਾਨਾਂ ਨੂੰ ਮੀਟਿੰਗਾਂ ਅਤੇ ਹੱਲ ਲਈ ਮਹੀਨਿਆਂ ਬੱਧੀ ਉਡੀਕ ਕਰਵਾਉਂਦੀਆਂ ਸਨ, ਮੌਜੂਦਾ ਸਰਕਾਰ ਵੱਲੋਂ ਕਿਸਾਨਾਂ ਨਾਲ ਸਿੱਧਾ ਰਾਬਤਾ ਕਾਇਮ ਰੱਖਿਆ ਜਾਂਦਾ ਹੈ।

ਜ਼ਿਕਰਯੋਗ ਹੈ ਕਿ ਪੰਜਾਬ ਦੇ ਪ੍ਰੋਗਰੈਸਿਵ ਡੇਅਰੀ ਫ਼ਾਰਮਰਜ਼ ਐਸੋਸੀਏਸ਼ਨ (ਪੀ ਡੀ ਐੱਫ਼ ਏ) ਦੇ ਪ੍ਰਧਾਨ ਦਲਜੀਤ ਸਿੰਘ ਗਿੱਲ ਸਰਦਾਰਪੁਰਾ ਦੀ ਅਗਵਾਈ ਹੇਠ ਸਮੁੱਚੀ ਐਸੋਸੀਏਸ਼ਨ ਵੱਲੋਂ ਦੁੱਧ ਦੇ ਖ਼ਰੀਦ ਰੇਟ ਵਿੱਚ ਵਾਧੇ ਦੀ ਮੰਗ ਕੀਤੀ ਜਾ ਰਹੀ ਸੀ।

ਇਸ ਸਬੰਧੀ ਐਸੋਸੀਏਸ਼ਨ ਨੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੁਲਾਕਾਤ ਕੀਤੀ ਸੀ, ਜਿਸ ਤੋਂ ਬਾਅਦ ਭਗਵੰਤ ਮਾਨ ਨੇ ਐਸੋਸੀਏਸ਼ਨ ਦੀਆਂ ਮੰਗਾਂ ਨਾਲ ਸਹਿਮਤ ਹੁੰਦਿਆਂ ਦੁੱਧ ਦੀ ਖ਼ਰੀਦ ਕੀਮਤ ਵਿੱਚ 40 ਰੁਪਏ ਪ੍ਰਤੀ ਕਿਲੋ ਫ਼ੈਟ ਵਧਾਉਣ ਦਾ ਫ਼ੈਸਲਾ ਕੀਤਾ। ਇਸ ਫ਼ੈਸਲੇ ਮਗਰੋਂ ਪ੍ਰੋਗਰੈਸਿਵ ਡੇਅਰੀ ਫ਼ਾਰਮਰਜ਼ ਐਸੋਸੀਏਸ਼ਨ (ਪੀ ਡੀ ਐੱਫ਼ ਏ) ਦੇ ਪ੍ਰਧਾਨ ਦਲਜੀਤ ਸਿੰਘ ਗਿੱਲ ਨੇ ਮੁੱਖ ਮੰਤਰੀ ਦਾ ਧੰਨਵਾਦ ਕੀਤਾ ਹੈ।



# ਦੁਨੀਆਦਾਰੀ



# ਸਮੁੰਦਰੀ ਕਾਮਿਆਂ ਤੇ ਜੰਗ ਦੀ ਮਾਰ

ਭਾਰਤ ਵੱਲੋਂ ਭਾਰਤੀ ਸਮੁੰਦਰੀ ਕਾਮਿਆਂ ਦੀ ਹਰ ਪਲ ਦੀ ਜਾਣਕਾਰੀ ਰੱਖਣ ਲਈ ਇੱਕ ਅਪਰੇਸ਼ਨਲ ਡੈਸ਼ਬੋਰਡ ਸ਼ੁਰੂ ਕਰਨ ਦੇ ਮਸਾਂ ਕੁਝ ਦਿਨਾਂ ਬਾਅਦ ਹੀ, ਯੂਕਰੇਨ ਦੀ ਓਡੀਸ਼ਾ ਬੰਦਰਗਾਹ ਤੋਂ ਰਵਾਨਾ ਹੋਏ ਇੱਕ ਵਪਾਰਕ ਜਹਾਜ਼ ’ਤੇ ਰੂਸ ਦੀਆਂ ਕਰੂਜ਼ ਮਿਜ਼ਾਈਲਾਂ ਦੇ ਹਮਲੇ ਵਿੱਚ ਚਾਰ ਭਾਰਤੀ ਮਾਰੇ ਗਏ। ਗਿਨੀ-ਬਿਸਾਊ ਦਾ ਝੰਡਾ ਲਗਾ ਕੇ ਯੂਕਰੇਨੀ ਮੱਕੀ ਲੈ ਕੇ ਜਾ ਰਹੇ ‘ਐੱਮ ਵੀ ਗੋਲਡਨ ਲੀਓ’ ਜਹਾਜ਼ ਦੇ ਅਮਲੇ ਵਿੱਚ ਭਾਰਤੀ ਅਤੇ ਸੀਰਿਆਈ ਨਾਗਰਿਕ ਸ਼ਾਮਲ ਸਨ। ਜਿਵੇਂ-ਜਿਵੇਂ ਪੂਰਬੀ ਯੂਰਪ ਵਿੱਚ ਜੰਗ ਹੋਰ ਭਖਦੀ ਜਾ ਰਹੀ ਹੈ, ਇਸ ਦੁਖਾਂਤ ਨੇ ਉਨ੍ਹਾਂ ਆਮ ਮਲਾਹਾਂ ਤੇ ਸਮੁੰਦਰੀ ਕਾਮਿਆਂ ਦੇ ਸਿਰ ’ਤੇ ਮੰਡਰਾਉਂਦੇ ਵੱਡੇ ਖ਼ਤਰੇ ਨੂੰ ਸਾਹਮਣੇ ਲਿਆਂਦਾ ਹੈ ਜੋ ਜੰਗੀ ਹਾਲਾਤ ਦੇ ਬਾਵਜੂਦ ਅੰਤਰਰਾਸ਼ਟਰੀ ਵਪਾਰ ਦੀ ਲੀਹ ਨੂੰ ਬਰਕਰਾਰ ਰੱਖ ਰਹੇ ਹਨ। ਜੰਗ ਲੜ ਰਹੀਆਂ ਧਿਰਾਂ ਦੇ ਫ਼ੌਜੀ ਨਿਸ਼ਾਨੇ ਚਾਹੇ ਕੋਈ ਵੀ ਹੋਣ ਪਰ ਆਮ ਨਾਗਰਿਕਾਂ ਵਾਲੇ ਵਪਾਰਕ ਜਹਾਜ਼ਾਂ ’ਤੇ ਹਮਲੇ ਕਰਨਾ ਸਮੁੰਦਰੀ ਆਵਾਜਾਈ ਦੀ ਉਸ ਆਜ਼ਾਦੀ ਲਈ ਵੱਡਾ ਖ਼ਤਰਾ ਹੈ ਜਿਸ ’ਤੇ ਪੂਰੀ



ਦੁਨੀਆ ਦੀ ਆਰਥਿਕਤਾ ਟਿਕੀ ਹੋਈ ਹੈ।

ਭਾਵੇਂ ਵਿਦੇਸ਼ ਮੰਤਰਾਲੇ ਨੇ ਆਪਣੇ ਬਿਆਨ ਵਿੱਚ ਰੂਸ ਦਾ ਨਾਂ ਨਹੀਂ ਲਿਆ ਪਰ ਭਾਰਤ ਨੇ ਰੂਸੀ ‘ਚਾਰਜ ਡੀ’ਅਫੇਅਰਜ਼’ (ਕਾਰਜ-ਵਾਹਕ ਰਾਜਦੂਤ) ਨੂੰ ਤਲਬ ਕਰਕੇ ਇਨ੍ਹਾਂ ਮੌਤਾਂ ’ਤੇ ਤਿੱਖਾ ਵਿਰੋਧ ਦਰਜ ਕਰਵਾਇਆ ਹੈ। ਪਿਛਲੇ ਚਾਰ ਸਾਲਾਂ ਦੌਰਾਨ ਭਾਰਤ ਨੇ ਰੂਸ ਨਾਲ ਆਪਣੇ ਰਣਨੀਤਕ ਸਬੰਧਾਂ ਨੂੰ ਕਾਇਮ ਰੱਖਦਿਆਂ ਅਤੇ ਨਾਲ ਹੀ ਗੱਲਬਾਤ ਰਾਹੀਂ ਮਸਲੇ ਦੇ ਸ਼ਾਂਤੀਪੂਰਨ ਹੱਲ ਦੀ ਵਕਾਲਤ ਕਰਦਿਆਂ ਇੱਕ ਨਾਜ਼ੁਕ ਕੂਟਨੀਤਕ ਸੰਤੁਲਨ ਬਣਾ ਕੇ ਰੱਖਿਆ ਹੈ। ਹਾਲਾਂਕਿ ਭਾਰਤੀ ਨਾਗਰਿਕਾਂ ਦੀਆਂ ਮੌਤਾਂ ਨੇ ਨਵੀਂ ਦਿੱਲੀ ਦੀ ਇਸ ਮੰਗ ਨੂੰ ਹੋਰ ਤਾਕਤ ਦਿੱਤੀ ਹੈ ਕਿ ਜੰਗ ਦੇ ਸਮੇਂ ਵਪਾਰਕ ਜਹਾਜ਼ਾਂ ’ਤੇ ਹਮਲੇ ਬਿਲਕੁਲ ਬੰਦ ਹੋਣੇ ਚਾਹੀਦੇ ਹਨ। ਇਸ ਤੋਂ ਪਹਿਲਾਂ ਪੱਛਮੀ ਏਸ਼ੀਆ ਵਿੱਚ ਵੀ ਜਹਾਜ਼ਾਂ ’ਤੇ ਹੋਏ ਅਮਰੀਕੀ ਅਤੇ ਇਰਾਨੀ ਹਮਲਿਆਂ ਵਿੱਚ ਕਈ ਭਾਰਤੀ ਆਪਣੀਆਂ ਜਾਨਾਂ ਗੁਆ ਚੁੱਕੇ ਹਨ।

ਖੁਰਾਕੀ ਵਸਤਾਂ, ਬਾਲਣ ਅਤੇ ਹੋਰ ਜ਼ਰੂਰੀ ਸਾਮਾਨ ਲੈ ਕੇ ਜਾਣ ਵਾਲੇ ਵਪਾਰਕ ਜਹਾਜ਼ ਵਿਸ਼ਵ ਪੱਧਰੀ ਸਪਲਾਈ ਚੇਨ ਲਈ ਰੀੜ੍ਹ ਦੀ ਹੱਡੀ ਹਨ। ਆਮ ਵਪਾਰਕ ਜਹਾਜ਼ਾਂ ’ਤੇ ਵਾਰ-ਵਾਰ ਹੁੰਦੇ ਹਮਲੇ ਨਾ ਸਿਰਫ਼ ਜਹਾਜ਼ੀ ਅਮਲੇ ਦੀ ਜਾਨ ਜੋਖ਼ਮ ਵਿੱਚ ਪਾਉਂਦੇ ਹਨ ਸਗੋਂ ਇਸ ਨਾਲ ਖੁਰਾਕੀ ਸੁਰੱਖਿਆ ਨੂੰ ਵੀ ਢਾਹ ਲੱਗਦੀ ਹੈ ਅਤੇ ਸਮੁੰਦਰੀ ਭਾੜਾ ਵੀ ਮਹਿੰਗਾ ਹੁੰਦਾ ਹੈ। ਭਾਰਤ, ਜੋ ਦੁਨੀਆ ਭਰ ਵਿੱਚ ਜਹਾਜ਼ੀ ਅਮਲਾ ਭੇਜਣ ਵਾਲੇ ਵੱਡੇ ਮੁਲਕਾਂ ਵਿੱਚੋਂ ਇੱਕ ਹੈ, ਨੂੰ ਆਪਣੇ ਸਮੁੰਦਰੀ ਕਾਮਿਆਂ ਦੀ ਸੁਰੱਖਿਆ ਲਈ ਹੋਰ ਪੁਖ਼ਤਾ ਕਦਮ ਚੁੱਕਣ ਦੀ ਲੋੜ ਹੈ। ਇਸ ਤੋਂ ਇਲਾਵਾ ਝਾਂਸੇ ਵਿੱਚ ਆ ਕੇ ਜਾਂ ਧੱਕੇ ਨਾਲ ਰੂਸੀ ਫ਼ੌਜ ਵਿੱਚ ਭਰਤੀ ਕਰਵਾਏ ਗਏ ਭਾਰਤੀਆਂ ਦੀ ਵਾਪਸੀ ਲਈ ਵੀ ਵੱਡੇ ਹੀਲੇ ਕੀਤੇ ਜਾਣੇ ਚਾਹੀਦੇ ਹਨ। ਦਿੱਲੀ ਅਤੇ ਮਾਸਕੋ ਵਿਚਾਲੇ ਨਜ਼ਦੀਕੀ ਸਬੰਧਾਂ ਦਾ ਲਾਹਾ ਲੈਂਦਿਆਂ ਅਜਿਹੇ ਜਾਨੀ ਨੁਕਸਾਨ ਨੂੰ ਠੱਲ੍ਹ ਪਾਉਣ ਲਈ ਸਾਰਥਿਕ ਯਤਨ ਕਰਨੇ ਬਣਦੇ ਹਨ।

# ਫਰਾਂਸ ਵਿੱਚ 15 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ ’ਤੇ ਪਾਬੰਦੀ



ਫਰਾਂਸ ਦੇ ਸੰਸਦ ਮੈਂਬਰਾਂ ਨੇ 15 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਸੋਸ਼ਲ ਮੀਡੀਆ ਦੀ ਵਰਤੋਂ ਕਰਨ ’ਤੇ ਰੋਕ ਲਗਾਉਣ ਵਾਲਾ ਇੱਕ ਬਿੱਲ ਪਾਸ ਕਰ ਦਿੱਤਾ ਹੈ। ਬੱਚਿਆਂ ’ਤੇ ਡਿਜੀਟਲ ਸਮੱਗਰੀ ਦੇ ਨੁਕਸਾਨਦੇਹ ਪ੍ਰਭਾਵਾਂ ਬਾਰੇ ਵਿਸ਼ਵ ਭਰ ਵਿੱਚ ਵਧ ਰਹੀਆਂ ਚਿੰਤਾਵਾਂ ਦਰਮਿਆਨ ਫਰਾਂਸ ਅਜਿਹੇ ਪਲੇਟਫਾਰਮਾਂ ’ਤੇ ਪੂਰਨ ਪਾਬੰਦੀ ਲਗਾਉਣ ਵਾਲਾ ਯੂਰੋਪੀਅਨ ਯੂਨੀਅਨ ਦਾ ਪਹਿਲਾ ਦੇਸ਼ ਬਣ ਗਿਆ ਹੈ। ਸੰਸਦ ਦੇ ਦੋਵਾਂ ਸਦਨਾਂ ਨੇ ਮੰਗਲਵਾਰ ਨੂੰ ਇਸ ਕਦਮ ਦੇ ਹੱਕ ਵਿੱਚ ਵੋਟ ਪਾਈ, ਜੋ ਕਿ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਦੇ ਦੂਜੇ ਕਾਰਜਕਾਲ ਦਾ ਇੱਕ ਮੁੱਖ ਪਹਿਲਕਦਮੀ ਵਾਲਾ ਪ੍ਰੋਗਰਾਮ ਹੈ।

ਸਕੂਲਾਂ ਵਿੱਚ ਮੋਬਾਈਲ ਫੋਨਾਂ ’ਤੇ ਰੋਕ

ਬੱਚਿਆਂ ਦੀ ਮਾਨਸਿਕ ਸਿਹਤ ਅਤੇ ਪੜ੍ਹਾਈ ’ਤੇ ਧਿਆਨ ਕੇਂਦਰਿਤ ਕਰਨ ਲਈ ਲਿਆਂਦੇ ਗਏ ਇਸ ਨਵੇਂ ਕਾਨੂੰਨ ਤਹਿਤ ਹਾਈ ਸਕੂਲਾਂ ਵਿੱਚ ਮੋਬਾਈਲ ਫੋਨਾਂ ਦੀ ਵਰਤੋਂ ’ਤੇ ਵੀ ਪੂਰਨ ਪਾਬੰਦੀ ਲਗਾ ਦਿੱਤੀ ਗਈ ਹੈ। ਇਸ ਕਦਮ ਨਾਲ ਸਕੂਲਾਂ ਵਿੱਚ ਬੱਚਿਆਂ ਦਾ ਧਿਆਨ ਨਹੀਂ ਭਟਕੇਗਾ ਅਤੇ ਸੋਸ਼ਲ ਮੀਡੀਆ ਦੇ ਮਾੜੇ ਪ੍ਰਭਾਵਾਂ ਤੋਂ ਨਵੀਂ ਪੀੜ੍ਹੀ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਮਿਲੇਗੀ।

ਹੋਰ ਕਿਹੜੇ ਦੇਸ਼ਾਂ ਵਿੱਚ ਬੱਚਿਆਂ ਲਈ ਸੋਸ਼ਲ ਮੀਡੀਆ ’ਤੇ ਹੈ ਪਾਬੰਦੀ

ਆਸਟਰੇਲੀਆ: ਆਸਟਰੇਲੀਆ ਦੁਨੀਆ ਦਾ ਪਹਿਲਾ ਅਜਿਹਾ ਦੇਸ਼ ਬਣਿਆ ਸੀ ਜਿਸ ਨੇ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ (ਜਿਵੇਂ ਇੰਸਟਾਗ੍ਰਾਮ, ਫੇਸਬੁੱਕ, ਟਿਕਟੌਕ, ਯੂਟਿਊਬ ਆਦਿ) ਦੀ ਵਰਤੋਂ 'ਤੇ ਪੂਰਨ ਪਾਬੰਦੀ ਲਗਾ ਦਿੱਤੀ ਸੀ।

ਇੰਡੋਨੇਸ਼ੀਆ ਅਤੇ ਮਲੇਸ਼ੀਆ: ਇਨ੍ਹਾਂ ਏਸ਼ਿਆਈ ਦੇਸ਼ਾਂ ਵਿੱਚ ਵੀ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਅਕਾਊਂਟ ਬਣਾਉਣ ਜਾਂ ਵਰਤੋਂ ਕਰਨ 'ਤੇ ਕਾਨੂੰਨੀ ਰੋਕ ਲਗਾਈ ਗਈ ਹੈ।

ਚੀਨ: ਚੀਨ ਵਿੱਚ ਬੱਚਿਆਂ ਲਈ ਇੰਟਰਨੈੱਟ ਅਤੇ ਸੋਸ਼ਲ ਮੀਡੀਆ ਵਰਤਣ ਦੇ ਸਮੇਂ ’ਤੇ ਸਖ਼ਤ ਸੀਮਾ (ਕੁਝ ਘੰਟਿਆਂ ਦੀ ਛੋਟ) ਅਤੇ ਰਾਤ ਦੇ ਸਮੇਂ ਵਰਤੋਂ ’ਤੇ ਪਾਬੰਦੀ ਲਾਗੂ ਹੈ।

ਬ੍ਰਾਜ਼ੀਲ: ਇੱਥੇ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਪੂਰਨ ਪਾਬੰਦੀ ਤਾਂ ਨਹੀਂ ਪਰ ਉਨ੍ਹਾਂ ਦੇ ਅਕਾਊਂਟ ਮਾਪਿਆਂ ਦੇ ਅਕਾਊਂਟ ਨਾਲ ਜੋੜਨਾ ਅਤੇ ਉਮਰ ਦੀ ਪੁਸ਼ਟੀ ਕਰਨਾ ਲਾਜ਼ਮੀ ਕੀਤਾ ਗਿਆ ਹੈ।

ਕਾਨੂੰਨ ਬਣਾ ਰਹੇ ਜਾਂ ਪ੍ਰਸਤਾਵਿਤ ਦੇਸ਼

ਯੂਨਾਈਟਿਡ ਕਿੰਗਡਮ ਅਤੇ ਕੈਨੇਡਾ: ਇਨ੍ਹਾਂ ਦੇਸ਼ਾਂ ਵਿੱਚ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ 'ਤੇ ਰੋਕ ਲਗਾਉਣ ਲਈ ਬਿੱਲ ਅਤੇ ਨਿਯਮ ਤਿਆਰ ਕੀਤੇ ਜਾ ਰਹੇ ਹਨ।

ਯੂਰੋਪੀਅਨ ਦੇਸ਼ (ਗਰੀਸ, ਆਸਟਰੀਆ, ਡੈਨਮਾਰਕ): ਇਨ੍ਹਾਂ ਦੇਸ਼ਾਂ ਵਿੱਚ ਵੀ 14 ਤੋਂ 15 ਸਾਲ ਤੱਕ ਦੇ ਬੱਚਿਆਂ ਲਈ ਸੋਸ਼ਲ ਮੀਡੀਆ ’ਤੇ ਪਾਬੰਦੀ ਲਗਾਉਣ ਦੀਆਂ ਯੋਜਨਾਵਾਂ ’ਤੇ ਕੰਮ ਚੱਲ ਰਿਹਾ ਹੈ।

# ਫੀਫਾ: ਰੋਮਾਂਚ ਨਾਲ ਭਰਿਆ, ਵਿਵਾਦਾਂ ਨਾਲ ਘਿਰਿਆ

ਇਹ ਫੁੱਟਬਾਲ ਦੇ ਇਤਿਹਾਸ ਦਾ ਸਭ ਤੋਂ ਵੱਡਾ ਅਤੇ ਸ਼ਾਇਦ ਪਿਛਲੇ ਕੁਝ ਦਹਾਕਿਆਂ ਦਾ ਸਭ ਤੋਂ ਵੱਧ ਵਿਵਾਦਾਂ ਵਿੱਚ ਰਹਿਣ ਵਾਲਾ ਵਿਸ਼ਵ ਕੱਪ ਸੀ। ਤਿੰਨ ਮੇਜ਼ਬਾਨ ਮੁਲਕਾਂ ਅਮਰੀਕਾ, ਕੈਨੇਡਾ ਅਤੇ ਮੈਕਸੀਕੋ ਵਿੱਚ ਖੇਡੇ ਗਏ ਇਸ ਟੂਰਨਾਮੈਂਟ ਵਿੱਚ 48 ਟੀਮਾਂ ਸ਼ਾਮਲ ਸਨ ਅਤੇ ਕੁੱਲ 104 ਮੈਚ ਹੋਏ। ਇਸ ਨੇ ਜਿੱਥੇ ਇੱਕ ਪਾਸੇ ਦੁਨੀਆ ਭਰ ਵਿੱਚ ਫੁੱਟਬਾਲ ਦੀ ਮਕਬੂਲੀਅਤ ਨੂੰ ਦਿਖਾਇਆ ਉੱਥੇ ਹੀ ਖੇਡ ਦੇ ਭਵਿੱਖ ’ਤੇ ਕਈ ਸਵਾਲ ਵੀ ਖੜ੍ਹੇ ਕੀਤੇ। ਸਪੇਨ ਨੇ ਇੱਕ ਫਿੱਕੇ ਰਹੇ ਫਾਈਨਲ ਮੁਕਾਬਲੇ ਵਿੱਚ ਮੌਜੂਦਾ ਚੈਂਪੀਅਨ ਅਰਜਨਟੀਨਾ ਨੂੰ 1-0 ਨਾਲ ਹਰਾ ਕੇ 16 ਸਾਲਾਂ ਵਿੱਚ ਦੂਜੀ ਵਾਰ ਖ਼ਿਤਾਬ ਆਪਣੇ ਨਾਮ ਕੀਤਾ। ਦੂਜੇ ਪਾਸੇ ਤੀਜੇ ਸਥਾਨ ਲਈ ਹੋਇਆ ਮੁਕਾਬਲਾ ਬਿਲਕੁਲ ਉਲਟ ਰਿਹਾ। ਟੂਰਨਾਮੈਂਟ ਦੀਆਂ ਦੋ ਸਭ ਤੋਂ ਧੱਕੜ ਟੀਮਾਂ ਇੰਗਲੈਂਡ ਅਤੇ ਫ਼ਰਾਂਸ ਵਿਚਕਾਰ ਹੋਇਆ ਇਹ ਮੈਚ ਸਾਹ ਰੋਕ ਦੇਣ ਵਾਲਾ ਅਤੇ ਯਾਦਗਾਰੀ ਰਿਹਾ, ਜਿਸ ਵਿੱਚ ਇੰਗਲੈਂਡ ਨੇ 6-4 ਨਾਲ ਬਾਜ਼ੀ ਮਾਰੀ। ਇਸ ਵਿਸ਼ਵ ਕੱਪ ਨੇ ਕੇਪ ਵਰਡੇ, ਕਾਂਗੋ (ਡੀਆਰਸੀ) ਅਤੇ ਕੁਰਾਸਾਓ ਵਰਗੇ ਛੋਟੇ ਦੇਸ਼ਾਂ ਦੀਆਂ ਦਿਲ ਖਿੱਚਵੀਆਂ ਅਤੇ ਪ੍ਰੇਰਨਾਦਾਇਕ ਕਹਾਣੀਆਂ ਵੀ



ਸਾਹਮਣੇ ਲਿਆਂਦੀਆਂ, ਜਿਨ੍ਹਾਂ ਨੇ ਵੱਡੀਆਂ ਟੀਮਾਂ ਨੂੰ ਤਕੜੀ ਟੱਕਰ ਦਿੱਤੀ। ਜਿੱਥੇ ਕਿਲੀਅਨ ਐਮਬਾਪੇ ਅਤੇ ਲਿਓਨਲ ਮੈਸੀ ਵਰਗੇ ਮਹਾਨ ਖਿਡਾਰੀਆਂ ਨੇ ਇੱਕ ਵਾਰ ਫਿਰ ਦੁਨੀਆ ਦੇ ਇਸ ਸਭ ਤੋਂ ਵੱਡੇ ਮੰਚ ’ਤੇ ਆਪਣੀ ਚਮਕ ਬਿਖੇਰੀ, ਉੱਥੇ ਹੀ ਕ੍ਰਿਸਟੀਆਨੋ ਰੋਨਾਲਡੋ ਲਈ ਇਹ ਸਫ਼ਰ ਇੱਕ ਵਾਰ ਫਿਰ ਨਿਰਾਸ਼ਾਜਨਕ ਅਤੇ ਹੰਝੂਆਂ ਭਰਿਆ ਰਿਹਾ।

ਇਸ ਟੂਰਨਾਮੈਂਟ ਵਿੱਚ ਵਿਵਾਦਾਂ ਅਤੇ ਮਤਭੇਦਾਂ ਦੀ ਵੀ ਕੋਈ ਕਮੀ ਨਹੀਂ ਰਹੀ। ਫੀਫਾ ਵੱਲੋਂ ਤਕਨਾਲੋਜੀ ’ਤੇ ਵਧਦੀ ਨਿਰਭਰਤਾ ਖ਼ਾਸ ਕਰਕੇ ਬਹੁਤੀ ਭਰੋਸੇਮੰਦ ਨਾ ਰਹਿਣ ਵਾਲੀ ਵੀਡੀਓ ਅਸਿਸਟੈਂਟ ਰੈਫ਼ਰੀ (ਵੀ ਏ ਆਰ) ਪ੍ਰਣਾਲੀ ਨੇ ਕਈ ਖਿਡਾਰੀਆਂ, ਕੋਚਾਂ ਅਤੇ ਦਰਸ਼ਕਾਂ ਵਿੱਚ ਭਾਰੀ ਰੋਸ ਪੈਦਾ ਕੀਤਾ। ਮੈਚ ਦੌਰਾਨ ਜ਼ਬਰਦਸਤੀ ਦਿੱਤੇ ਜਾਣ ਵਾਲੇ ਹਾਈਡ੍ਰੇਸ਼ਨ ਬਰੇਕ (ਪਾਣੀ ਪੀਣ ਦੇ ਵਕਫ਼ੇ) ’ਤੇ ਵੀ ਖ਼ੂਬ ਹੰਗਾਮਾ ਹੋਇਆ; ਇਹ ਬਰੇਕਾਂ ਅਮਰੀਕੀ ਖੇਡਾਂ ਵਿੱਚ ਦੇਖੇ ਜਾਣ ਵਾਲੇ ਟੈਕਟੀਕਲ ਟਾਈਮਆਊਟਸ ਵਰਗੀਆਂ ਲੱਗਦੀਆਂ ਸਨ, ਜਿਨ੍ਹਾਂ ਨੇ ਖੇਡ ਦੀ ਰਫ਼ਤਾਰ ਨੂੰ ਤਾਂ ਭੰਗ ਕੀਤਾ ਹੀ ਨਾਲ ਹੀ ਵਪਾਰਕ ਇਸ਼ਤਿਹਾਰਾਂ ਲਈ ਵਾਧੂ ਮੌਕੇ ਵੀ ਪੈਦਾ ਕਰ ਦਿੱਤੇ।

ਇਸ ਦੌਰਾਨ ਇਹ ਲਾਜ਼ਮੀ ਹੀ ਸੀ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੀ ਆਪਣੀ ਮੌਜੂਦਗੀ ਦਾ ਅਹਿਸਾਸ ਕਰਵਾਉਂਦੇ। ਉਨ੍ਹਾਂ ਨੇ ਫੀਫਾ ਮੁਖੀ ਜਿਆਨੀ ਇੰਫੈਂਟੀਨੋ ਨੂੰ ਫ਼ੋਲਾਰਿਨ ਬਾਲੋਗਨ ਨੂੰ ਮਿਲੇ ਰੈੱਡ ਕਾਰਡ ਦੀ ਨਜ਼ਰਸਾਨੀ ਕਰਨ ਲਈ ਕਿਹਾ। ਨਤੀਜੇ ਵਜੋਂ ਇੱਕ ਮੈਚ ਦੀ ਪਾਬੰਦੀ ਨੂੰ ਮੁਲਤਵੀ ਕਰ ਦਿੱਤਾ ਗਿਆ ਅਤੇ ਬਾਲੋਗਨ ਅੰਤਿਮ-16 ਦੇ ਮੁਕਾਬਲੇ ਵਿੱਚ ਖੇਡਿਆ ਪਰ ਇਸ ਗ਼ੈਰ-ਵਾਜਬ ਦਖ਼ਲਅੰਦਾਜ਼ੀ ਦੇ ਬਾਵਜੂਦ ਅਮਰੀਕਾ ਨੂੰ ਟੂਰਨਾਮੈਂਟ ਵਿੱਚੋਂ ਬਾਹਰ ਹੋਣ ਤੋਂ ਬਚਾਇਆ ਨਾ ਜਾ ਸਕਿਆ। ਇਹੀ ਕਾਰਨ ਸੀ ਕਿ ਜਦੋਂ ਟਰੰਪ ਅਤੇ ਇੰਫੈਂਟੀਨੋ ਇਨਾਮ ਵੰਡ ਸਮਾਰੋਹ ਲਈ ਮੈਦਾਨ ਵਿੱਚ ਉੱਤਰੇ ਤਾਂ ਦਰਸ਼ਕਾਂ ਨੇ ਨਾਅਰੇਬਾਜ਼ੀ ਕਰਕੇ ਦੋਵਾਂ ਖ਼ਿਲਾਫ਼ ਆਪਣੀ ਭਾਰੀ ਨਾਰਾਜ਼ਗੀ ਜ਼ਾਹਿਰ ਕੀਤੀ। ਅਗਾਂਹ ਵੱਲ ਵਧਦਿਆਂ ਫੀਫਾ ਨੂੰ ਇਹ ਯਕੀਨੀ ਬਣਾਉਣਾ ਪਵੇਗਾ ਕਿ ਨਵੀਆਂ ਕਾਢਾਂ ਖੇਡ ਦੇ ਮਿਆਰ ਨੂੰ ਉੱਚਾ ਚੁੱਕਣ ਨਾ ਕਿ ਇਸ ਦੀ ਰੂਹ ਨੂੰ ਹੀ ਖ਼ਤਮ ਕਰ ਦੇਣ। ਅਸਲ ਚੁਣੌਤੀ ਉਸ ਬੁਨਿਆਦੀ ਮਜ਼ੇ ਅਤੇ ਖਿੱਚ ਨੂੰ ਬਚਾ ਕੇ ਰੱਖਣ ਦੀ ਹੈ ਜੋ ਫੁੱਟਬਾਲ ਨੂੰ ਦੁਨੀਆ ਦੀ ਸਭ ਤੋਂ ਹਰਮਨ-ਪਿਆਰੀ ਖੇਡ ਬਣਾਉਂਦੀ ਹੈ।

# ਸਿੰਧ ਜਲ ਸੰਧੀ ਮੁੜ ਲਾਗੂ ਕਰਵਾਉਣ ਲਈ ਪਾਕਿਸਤਾਨ ਦੀ ਕੂਟਨੀਤਕ ਮੁਹਿੰਮ ਤੇਜ਼, ਕੈਨੇਡਾ ਤੋਂ ਮੰਗਿਆ ਸਹਿਯੋਗ



**ਇਸਲਾਮਾਬਾਦ:** ਭਾਰਤ ਅਤੇ ਪਾਕਿਸਤਾਨ ਦਰਮਿਆਨ ਸਿੰਧ ਜਲ ਸੰਧੀ ਨੂੰ ਲੈ ਕੇ ਚੱਲ ਰਹੇ ਵਿਵਾਦ ਦੇ ਦਰਮਿਆਨ ਪਾਕਿਸਤਾਨ ਨੇ ਇਸ ਸਮਝੌਤੇ ਦੀ ਬਹਾਲੀ ਲਈ ਅੰਤਰਰਾਸ਼ਟਰੀ ਪੱਧਰ ‘ਤੇ ਸਮਰਥਨ ਇਕੱਠਾ ਕਰਨ ਦੀ ਕੋਸ਼ਿਸ਼ ਤੇਜ਼ ਕਰ ਦਿੱਤੀ ਹੈ। ਪਾਕਿਸਤਾਨ ਦੇ ਉਪ ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ ਇਸਹਾਕ ਡਾਰ ਨੇ ਕੈਨੇਡਾ ਤੋਂ ਅਪੀਲ ਕੀਤੀ ਹੈ ਕਿ ਉਹ ਸਿੰਧ ਜਲ ਸੰਧੀ ਨੂੰ ਮੁੜ ਲਾਗੂ ਕਰਵਾਉਣ ਲਈ ਆਪਣਾ ਸਹਿਯੋਗ ਦੇਵੇ।

ਇਸਲਾਮਾਬਾਦ ਵਿੱਚ ਦੋ ਦਿਨਾਂ ਦੇ ਦੌਰੇ ‘ਤੇ ਪਹੁੰਚੀ ਕੈਨੇਡਾ ਦੀ ਵਿਦੇਸ਼ ਮੰਤਰੀ ਅਨੀਤਾ ਆਨੰਦ ਨਾਲ ਸਾਂਝੀ ਪ੍ਰੈੱਸ ਕਾਨਫ਼ਰੰਸ ਦੌਰਾਨ ਇਸਹਾਕ ਡਾਰ ਨੇ ਕਿਹਾ ਕਿ ਸਿੰਧ ਜਲ ਸੰਧੀ ਦੱਖਣੀ ਏਸ਼ੀਆ ਵਿੱਚ ਖੇਤਰੀ ਸਥਿਰਤਾ ਅਤੇ ਜਲ ਸਰੋਤਾਂ ਦੇ ਨਿਆਂਪੂਰਨ ਪ੍ਰਬੰਧਨ ਲਈ ਬਹੁਤ ਮਹੱਤਵਪੂਰਨ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਚਾਹੁੰਦਾ ਹੈ ਕਿ ਕੈਨੇਡਾ ਸਮੇਤ ਹੋਰ ਮਿੱਤਰ ਦੇਸ਼ ਇਸ ਮਾਮਲੇ ਵਿੱਚ ਰਚਨਾਤਮਕ ਭੂਮਿਕਾ ਨਿਭਾਉਣ।

ਡਾਰ ਨੇ ਕਿਹਾ ਕਿ ਪਾਕਿਸਤਾਨ ਦੀ ਇੱਛਾ ਹੈ ਕਿ ਭਾਰਤ ਵੱਲੋਂ ਸਿੰਧ ਜਲ ਸੰਧੀ ਨੂੰ ਮੁੜ ਬਹਾਲ ਕੀਤਾ ਜਾਵੇ ਅਤੇ ਪਾਣੀ ਨਾਲ ਜੁੜੇ ਮੁੱਦਿਆਂ ਨੂੰ ਅੰਤਰਰਾਸ਼ਟਰੀ ਕਾਨੂੰਨ ਅਤੇ ਦੋਵਾਂ ਦੇਸ਼ਾਂ ਵਿਚਾਲੇ ਹੋਏ ਸਮਝੌਤੇ ਦੀਆਂ ਸ਼ਰਤਾਂ ਅਨੁਸਾਰ ਹੱਲ ਕੀਤਾ ਜਾਵੇ। ਉਨ੍ਹਾਂ ਦਾ ਕਹਿਣਾ ਸੀ ਕਿ ਪਾਣੀ ਵਰਗੇ ਅਹਿਮ ਸਰੋਤ ਨੂੰ ਵਿਵਾਦ ਦਾ ਸਾਧਨ ਬਣਾਉਣ ਦੀ ਬਜਾਏ ਸੰਧੀ ਦੇ ਪ੍ਰਬੰਧਾਂ ਦੀ ਪਾਲਣਾ ਕੀਤੀ ਜਾਣੀ ਚਾਹੀਦੀ ਹੈ।

ਸਿੰਧ ਜਲ ਸੰਧੀ ਸਾਲ 1960 ਵਿੱਚ ਭਾਰਤ ਅਤੇ ਪਾਕਿਸਤਾਨ ਵਿਚਾਲੇ ਵਿਸ਼ਵ ਬੈਂਕ ਦੀ ਵਿਚੋਲਗੀ ਨਾਲ ਹੋਇਆ ਇੱਕ ਮਹੱਤਵਪੂਰਨ ਸਮਝੌਤਾ ਹੈ। ਇਸ ਤਹਿਤ ਸਿੰਧ ਦਰਿਆ ਬੇਸਿਨ ਦੀਆਂ ਛੇ ਨਦੀਆਂ ਦੇ ਪਾਣੀ ਦੀ ਵੰਡ ਲਈ ਸਪੱਸ਼ਟ ਪ੍ਰਬੰਧ ਕੀਤੇ ਗਏ ਸਨ। ਸਮਝੌਤੇ ਅਨੁਸਾਰ ਪੂਰਬੀ ਨਦੀਆਂ ਦਾ ਪਾਣੀ ਮੁੱਖ ਤੌਰ ‘ਤੇ ਭਾਰਤ ਲਈ ਨਿਰਧਾਰਤ ਕੀਤਾ ਗਿਆ, ਜਦਕਿ ਪੱਛਮੀ ਨਦੀਆਂ ਦੇ ਪਾਣੀ ਦੀ ਵਰਤੋਂ ਦਾ ਵੱਡਾ ਹਿੱਸਾ ਪਾਕਿਸਤਾਨ ਨੂੰ ਦਿੱਤਾ ਗਿਆ।

ਪਾਕਿਸਤਾਨੀ ਵਿਦੇਸ਼ ਮੰਤਰੀ ਨੇ ਦਾਅਵਾ ਕੀਤਾ ਕਿ ਭਾਰਤ ਵੱਲੋਂ ਅਪਰੈਲ 2025 ਵਿੱਚ ਸੰਧੀ ਨੂੰ ਮੁਅੱਤਲ ਕਰਨ ਦੇ ਐਲਾਨ ਨਾਲ ਖੇਤਰ ਦੀ ਪਹਿਲਾਂ ਤੋਂ ਹੀ ਸੰਵੇਦਨਸ਼ੀਲ ਸੁਰੱਖਿਆ ਸਥਿਤੀ ਹੋਰ ਗੁੰਝਲਦਾਰ ਹੋ ਗਈ ਹੈ। ਉਨ੍ਹਾਂ ਕਿਹਾ ਕਿ ਇਹ ਕਦਮ ਦੋਵਾਂ ਦੇਸ਼ਾਂ ਵਿਚਾਲੇ ਤਣਾਅ ਨੂੰ ਹੋਰ ਵਧਾਉਣ ਵਾਲਾ ਸਾਬਤ ਹੋ ਸਕਦਾ ਹੈ ਅਤੇ ਇਸ ਲਈ ਅੰਤਰਰਾਸ਼ਟਰੀ ਭਾਈਚਾਰੇ ਨੂੰ ਇਸ ਮਾਮਲੇ ਵਿੱਚ ਸਕਾਰਾਤਮਕ ਭੂਮਿਕਾ ਨਿਭਾਉਣੀ ਚਾਹੀਦੀ ਹੈ।

ਦੂਜੇ ਪਾਸੇ, ਭਾਰਤ ਨੇ ਅਪਰੈਲ 2025 ਵਿੱਚ ਪਹਿਲਗਾਮ ਵਿੱਚ ਹੋਏ ਅਤਿਵਾਦੀ ਹਮਲੇ ਤੋਂ ਬਾਅਦ ਸਿੰਧ ਜਲ ਸੰਧੀ ਨੂੰ ਮੁਅੱਤਲ ਕਰਨ ਦਾ ਫ਼ੈਸਲਾ ਕੀਤਾ ਸੀ। ਭਾਰਤ ਦਾ ਕਹਿਣਾ ਸੀ ਕਿ ਜਦੋਂ ਤੱਕ ਪਾਕਿਸਤਾਨ ਸਰਹੱਦ ਪਾਰੋਂ ਹੋਣ ਵਾਲੀਆਂ ਅਤਿਵਾਦੀ ਗਤੀਵਿਧੀਆਂ ਖ਼ਿਲਾਫ਼ ਪ੍ਰਭਾਵਸ਼ਾਲੀ ਅਤੇ ਠੋਸ ਕਾਰਵਾਈ ਨਹੀਂ ਕਰਦਾ, ਉਦੋਂ ਤੱਕ ਸੰਧੀ ਨੂੰ ਮੁੜ ਲਾਗੂ ਕਰਨ ਬਾਰੇ ਵਿਚਾਰ ਨਹੀਂ ਕੀਤਾ ਜਾਵੇਗਾ।

ਇਸਹਾਕ ਡਾਰ ਨੇ ਪ੍ਰੈੱਸ ਕਾਨਫ਼ਰੰਸ ਦੌਰਾਨ ਕਿਹਾ ਕਿ ਪਾਕਿਸਤਾਨ ਕੈਨੇਡਾ ਸਮੇਤ ਆਪਣੇ ਸਾਰੇ ਮਿੱਤਰ ਦੇਸ਼ਾਂ ਤੋਂ ਇਹ ਉਮੀਦ ਰੱਖਦਾ ਹੈ ਕਿ ਉਹ ਸਿੰਧ ਜਲ ਸੰਧੀ ਦੀ ਬਹਾਲੀ, ਪਾਣੀ ਨਾਲ ਜੁੜੇ ਵਿਵਾਦਾਂ ਦੇ ਸ਼ਾਂਤਮਈ ਹੱਲ ਅਤੇ ਅੰਤਰਰਾਸ਼ਟਰੀ ਕਾਨੂੰਨਾਂ ਦੀ ਪਾਲਣਾ ਲਈ ਆਪਣਾ ਸਮਰਥਨ ਪ੍ਰਗਟ ਕਰਨਗੇ। ਉਨ੍ਹਾਂ ਜ਼ੋਰ ਦਿੱਤਾ ਕਿ ਜਲ ਸਰੋਤਾਂ ਨਾਲ ਸੰਬੰਧਤ ਮਸਲਿਆਂ ਨੂੰ ਸੰਵਾਦ ਅਤੇ ਕੂਟਨੀਤੀ ਰਾਹੀਂ ਸੁਲਝਾਇਆ ਜਾਣਾ ਚਾਹੀਦਾ ਹੈ।

# ਇਮੀਗ੍ਰੇਸ਼ਨ ਦੇ ਨਵੇਂ ਅੰਕੜਿਆਂ ਨੇ ਜਗਾਈ ਉਮੀਦ

## ਪੀ ਆਰ ਦੀ ਆਸ ਵਿੱਚ ਬੈਠੇ ਕੱਚਿਆਂ ਨੂੰ ਫੌਰੀ ਰਾਹਤ ਨਹੀਂ

## 15 ਲੱਖ ਤੋਂ ਵੱਧ ਅਰਜ਼ੀਆਂ ਅਜੇ ਵੀ ਪ੍ਰਕਿਰਿਆ ਅਧੀਨ



**ਓਟਵਾ:** ਕੈਨੇਡਾ ਵਿੱਚ ਪੀ ਆਰ ਦੀ ਉਡੀਕ ਕਰ ਰਹੇ ਲੱਖਾਂ ਲੋਕਾਂ ਲਈ ਇਮੀਗ੍ਰੇਸ਼ਨ, ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ (ਆਈ ਆਰ ਸੀ ਸੀ) ਵੱਲੋਂ ਜਾਰੀ ਕੀਤੇ ਤਾਜ਼ਾ ਅੰਕੜੇ ਕਾਫ਼ੀ ਮਹੱਤਵਪੂਰਨ ਮੰਨੇ ਜਾ ਰਹੇ ਹਨ। ਨਵੇਂ ਅੰਕੜਿਆਂ ਤੋਂ ਸਪੱਸ਼ਟ ਹੁੰਦਾ ਹੈ ਕਿ ਵਿਭਾਗ ਇੱਕ ਪਾਸੇ ਰਿਕਾਰਡ ਗਿਣਤੀ ਵਿੱਚ ਅਰਜ਼ੀਆਂ ਦਾ ਨਿਪਟਾਰਾ ਕਰ ਰਿਹਾ ਹੈ, ਜਦਕਿ ਦੂਜੇ ਪਾਸੇ ਹਜ਼ਾਰਾਂ ਫਾਈਲਾਂ ਸਾਲਾਨਾ ਇਮੀਗ੍ਰੇਸ਼ਨ ਟੀਚਿਆਂ ਕਾਰਨ ਅਜੇ ਵੀ ਉਡੀਕ ਸੂਚੀ ਵਿੱਚ ਹਨ।

ਆਈ ਆਰ ਸੀ ਸੀ ਅਨੁਸਾਰ 31 ਮਈ 2026 ਤੱਕ ਵਿਭਾਗ ਕੋਲ 15,17,770 ਇਮੀਗ੍ਰੇਸ਼ਨ, ਸਥਾਈ ਨਿਵਾਸ, ਅਸਥਾਈ ਵੀਜ਼ਾ ਅਤੇ ਨਾਗਰਿਕਤਾ ਨਾਲ ਸੰਬੰਧਿਤ ਅਰਜ਼ੀਆਂ ਜਮਾਂ ਸਨ। ਇਸ ਦੇ ਬਾਵਜੂਦ 1 ਜਨਵਰੀ ਤੋਂ 31 ਮਈ 2026 ਤੱਕ ਕੇਵਲ ਪੰਜ ਮਹੀਨਿਆਂ ਵਿੱਚ ਹੀ 16,48,965 ਅਰਜ਼ੀਆਂ ਦਾ ਨਿਪਟਾਰਾ ਕੀਤਾ ਗਿਆ, ਜੋ ਦਰਸਾਉਂਦਾ ਹੈ ਕਿ ਵਿਭਾਗ ਪਹਿਲਾਂ ਨਾਲੋਂ ਕਾਫ਼ੀ ਵੱਡੇ ਪੱਧਰ 'ਤੇ ਕੰਮ ਕਰ ਰਿਹਾ ਹੈ।

ਆਰਥਿਕ ਇਮੀਗ੍ਰੇਸ਼ਨ (ਇਕਨਾਮਿਕ ਕਲਾਸ) ਬਾਰੇ ਪਹਿਲੀ ਵਾਰ ਵੱਡਾ ਖੁਲਾਸਾ:

ਪੀ ਆਰ ਦੀ ਆਸ ਲਾਈ ਬੈਠੇ ਲੱਖਾਂ ਕੱਚੇ ਉਮੀਦਵਾਰਾਂ ਦੀਆਂ ਆਰਥਿਕ ਵਰਗ ਦੀਆਂ 2,38,335 ਅਰਜ਼ੀਆਂ ਵਿੱਚੋਂ 75 ਫੀਸਦੀ ਫਾਈਲਾਂ ਤੇਜ਼ੀ ਨਾਲ ਪ੍ਰੋਸੈਸ ਹੋ ਰਹੀਆਂ ਹਨ।

25 ਫੀਸਦੀ ਫਾਈਲਾਂ ਅੰਤਿਮ ਮਨਜ਼ੂਰੀ ਤੋਂ ਪਹਿਲਾਂ ਸਿਰਫ਼ ਸਰਕਾਰ ਦੇ ਸਾਲਾਨਾ ਪੀ ਆਰ ਟੀਚਿਆਂ ਵਿੱਚ ਜਗ੍ਹਾ ਉਪਲਬਧ ਹੋਣ ਦੀ ਉਡੀਕ ਕਰ ਰਹੀਆਂ ਹਨ। ਇਸਦਾ ਅਰਥ ਇਹ ਹੈ ਕਿ ਕਈ ਫਾਈਲਾਂ ਵਿੱਚ ਦੇਰੀ ਦਾ ਕਾਰਨ ਦਸਤਾਵੇਜ਼ਾਂ ਦੀ ਘਾਟ ਜਾਂ ਅਫ਼ਸਰਾਂ ਦੀ ਸੁਸਤੀ ਨਹੀਂ, ਸਗੋਂ ਸਰਕਾਰ ਵੱਲੋਂ ਨਿਰਧਾਰਤ ਸਾਲਾਨਾ ਦਾਖਲਾ ਸੀਮਾਵਾਂ ਵੀ ਹਨ।

ਅੰਕੜਿਆਂ ਆਈ ਆਰ ਸੀ ਸੀ ਨੇ 2026 ਦੇ ਪਹਿਲੇ ਪੰਜ ਮਹੀਨਿਆਂ ਵਿੱਚ ਲਗਭਗ 1,11,000 ਆਰਥਿਕ ਇਮੀਗ੍ਰੇਸ਼ਨ ਅਰਜ਼ੀਆਂ ਦਾ ਨਿਪਟਾਰਾ ਕੀਤਾ ਹੈ। ਇਹ ਅੰਕੜਾ ਇਸ ਗੱਲ ਦਾ ਸੰਕੇਤ ਦਿੰਦਾ ਹੈ ਕਿ ਸਰਕਾਰ ਆਪਣੀਆਂ ਆਰਥਿਕ ਇਮੀਗ੍ਰੇਸ਼ਨ ਸ਼੍ਰੇਣੀਆਂ ਨੂੰ ਲਗਾਤਾਰ ਤਰਜੀਹ ਦੇ ਰਹੀ ਹੈ।


ਇਸ ਅਪਡੇਟ ਵਿੱਚ ਸਭ ਤੋਂ ਵੱਡਾ ਸੰਦੇਸ਼ ਇਹ ਹੈ ਕਿ ਆਈ ਆਰ ਸੀ ਸੀ ਫਾਈਲਾਂ 'ਤੇ ਕੰਮ ਕਰ ਰਿਹਾ ਹੈ। ਜੇ ਪਹਿਲੇ ਪੰਜ ਮਹੀਨਿਆਂ ਵਿੱਚ ਹੀ 1.11 ਲੱਖ ਆਰਥਿਕ ਅਰਜ਼ੀਆਂ ਦਾ ਨਿਪਟਾਰਾ ਹੋ ਚੁੱਕਾ ਹੈ, ਤਾਂ ਸਾਲ ਦੇ ਬਾਕੀ ਮਹੀਨਿਆਂ ਵਿੱਚ ਵੀ ਇਹ ਰਫ਼ਤਾਰ ਜਾਰੀ ਰਹਿਣ ਜਾਂ ਹੋਰ ਵਧਣ ਦੀ ਸੰਭਾਵਨਾ ਬਣਦੀ ਹੈ।

ਦੂਜੀ ਮਹੱਤਵਪੂਰਨ ਗੱਲ ਇਹ ਹੈ ਕਿ ਆਈ ਆਰ ਸੀ ਸੀ ਨੇ ਖੁਦ ਮੰਨਿਆ ਹੈ ਕਿ ਕੁਝ ਫਾਈਲਾਂ ਸਿਰਫ਼ ਇਸ ਲਈ ਰੁਕੀਆਂ ਹੋਈਆਂ ਹਨ ਕਿਉਂਕਿ ਉਨ੍ਹਾਂ ਨੂੰ ਸਾਲਾਨਾ ਪੀ ਆਰ ਟਾਰਗੇਟ ਅਧੀਨ ਦਾਖਲੇ ਦੀ ਜਗ੍ਹਾ ਮਿਲਣੀ ਬਾਕੀ ਹੈ। ਇਸਦਾ ਮਤਲਬ ਹੈ ਕਿ ਕਈ ਬਿਨੈਕਾਰਾਂ ਦੀਆਂ ਫਾਈਲਾਂ ਤਕਨੀਕੀ ਤੌਰ 'ਤੇ ਤਿਆਰ ਹੋ ਸਕਦੀਆਂ ਹਨ, ਪਰ ਅੰਤਿਮ ਮਨਜ਼ੂਰੀ ਸਰਕਾਰੀ ਟੀਚਿਆਂ ਦੇ ਅਨੁਸਾਰ ਦਿੱਤੀ ਜਾਵੇਗੀ।

ਇਮੀਗ੍ਰੇਸ਼ਨ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਕੈਨੇਡਾ ਨੇ 2026 ਦੇ ਸਥਾਈ ਨਿਵਾਸ ਟੀਚੇ ਪੂਰੇ ਕਰਨੇ ਹਨ ਭਾਵ ਸਾਲ ਦੇ ਅੰਤ ਤੱਕ 3,80000 ਨਵੇਂ ਲੋਕਾਂ ਨੂੰ ਪੀ ਆਰ ਦੇਣੀ ਹੈ ਤਾਂ ਸਾਲ ਦੇ ਦੂਜੇ ਅੱਧ ਵਿੱਚ ਆਰਥਿਕ ਵਰਗ ਦੀਆਂ ਫਾਈਲਾਂ ਦੇ ਨਿਪਟਾਰੇ ਦੀ ਗਿਣਤੀ ਤੇ ਰਫਤਾਰ ਵਧ ਸਕਦੀ ਹੈ।

ਹਾਲਾਂਕਿ ਇਹ ਹਰ ਬਿਨੈਕਾਰ ਲਈ ਇੱਕੋ ਜਿਹਾ ਨਹੀਂ ਹੋਵੇਗਾ, ਕਿਉਂਕਿ ਹਰ ਫਾਈਲ ਦੀ ਮੈਡੀਕਲ ਜਾਂਚ, ਸੁਰੱਖਿਆ ਜਾਂਚ, ਪਿਛੋਕੜ ਜਾਂਚ ਅਤੇ ਦਸਤਾਵੇਜ਼ਾਂ ਦੀ ਪੂਰਨਤਾ ਵੱਖ-ਵੱਖ ਹੁੰਦੀ ਹੈ।

ਇਸ ਲਈ ਪੀ ਆਰ ਦੀ ਉਮੀਦ ਲਾਈ ਬੈਠੇ ਉਮੀਦਵਾਰਾਂ ਲਈ ਇਹ ਅਪਡੇਟ ਉਮੀਦ ਜਗਾਉਣ ਵਾਲੀ ਤਾਂ ਹੈ, ਪਰ ਇਸਨੂੰ ਤੁਰੰਤ ਜਾਂ ਸਭ ਲਈ ਤੇਜ਼ ਪੀ ਆਰ ਮਨਜ਼ੂਰੀ ਦੀ ਗਾਰੰਟੀ ਨਹੀਂ ਮੰਨਿਆ ਜਾ ਸਕਦਾ।






# ਸਿਹਤ-ਸੰਭਾਲ



# ਪੌੜੀਆਂ ਚੜ੍ਹਦਿਆਂ ਸਾਹ ਫੁੱਲਣਾ ਆਮ ਹੈ ਜਾਂ ਬਿਮਾਰੀ ਦਾ ਸੰਕੇਤ? ਜਾਣੋ ਸੱਚ

ਪੌੜੀਆਂ ਚੜ੍ਹਦੇ ਵੇਲੇ ਜਾਂ ਮੱਧ ਗਈ ਨਾਲ ਤੁਰਦੇ ਵੇਲੇ ਸਾਹ ਫੁੱਲਣਾ ਕਈ ਲੋਕਾਂ ਲਈ ਆਮ ਗੱਲ ਹੈ। ਉਮਰ ਵਧਣ, ਭਾਰ ਵਧਣ, ਸੈਰ ਦੀ ਕਮੀ ਜਾਂ ਸਰੀਰਕ ਫਿਟਨੈਸ ਦੀ ਕਮੀ ਦੇ ਕਾਰਨ ਕੁਝ ਹੱਦ ਤੱਕ ਸਾਹ ਫੁੱਲਣਾ ਆਮ ਮੰਨਿਆ ਜਾਂਦਾ ਹੈ।

ਹਾਲਾਂਕਿ ਜੇ ਅਚਾਨਕ ਉਹ ਕੰਮ ਕਰਦਿਆਂ ਤੁਹਾਡਾ ਸਾਹ ਫੁੱਲਣ ਲੱਗੇ ਜੋ ਪਹਿਲਾਂ ਅਸਾਨੀ ਨਾਲ ਹੋ ਜਾਂਦੇ ਸੀ ਜਾਂ ਥੋੜ੍ਹੀ ਮਿਹਨਤ ਕਰਨ 'ਤੇ ਵੀ ਸਾਹ ਫੁੱਲਣ ਲੱਗੇ ਜਾਂ ਜੇਕਰ ਇਹ ਸਮੱਸਿਆ ਹੌਲੀ-ਹੌਲੀ ਵਧਦੀ ਜਾਵੇ ਤਾਂ ਇਸ ਨੂੰ ਕੇਵਲ ਥਕਾਵਟ ਜਾਂ ਉਮਰ ਦਾ ਨਤੀਜਾ ਮੰਨ ਕੇ ਨਜ਼ਰਅੰਦਾਜ਼ ਕਰਨਾ ਖਤਰਨਾਕ ਹੋ ਸਕਦਾ ਹੈ।

ਮੈਡੀਕਲ ਮਾਹਿਰਾਂ ਮੁਤਾਬਕ, ਸਰੀਰਕ ਮਿਹਨਤ ਦੌਰਾਨ ਸਾਹ ਫੁੱਲਣਾ ਦਿਲ ਦੇ ਰੋਗ, ਫੇਫੜਿਆਂ ਦੀ ਬਿਮਾਰੀ, ਅਨੀਮੀਆ, ਥਾਇਰਾਇਡ ਵਿਕਾਰ ਜਾਂ ਹੋਰ ਸਿਹਤ ਸਮੱਸਿਆਵਾਂ ਦਾ ਸ਼ੁਰੂਆਤੀ ਲੱਛਣ ਹੋ ਸਕਦਾ ਹੈ।

ਖਾਸ ਕਰਕੇ ਮਹਿਲਾਵਾਂ, ਬਜ਼ੁਰਗਾਂ ਅਤੇ ਸ਼ੂਗਰ ਮਰੀਜ਼ਾਂ ਵਿੱਚ ਮਿਹਨਤ ਦੌਰਾਨ ਸਾਹ ਫੁੱਲਣਾ, ਛਾਤੀ ਵਿੱਚ ਦਰਦ ਤੋਂ ਪਹਿਲਾਂ ਦਿਲ ਦੇ ਰੋਗ ਦਾ ਸ਼ੁਰੂਆਤੀ ਸੰਕੇਤ ਹੋ ਸਕਦਾ ਹੈ।

ਇਸ ਤੋਂ ਇਲਾਵਾ ਸ਼ੂਗਰ, ਹਾਈ ਬਲੱਡ ਪ੍ਰੈਸ਼ਰ, ਵਧਿਆ ਹੋਇਆ ਕੋਲੈਸਟ੍ਰੋਲ, ਮੋਟਾਪਾ ਜਾਂ ਸਿਗਰਟ ਪੀਣ ਵਾਲੇ ਲੋਕਾਂ ਨੂੰ ਇਸ ਲੱਛਣ ਨੂੰ ਗੰਭੀਰਤਾ ਨਾਲ ਲੈਣ ਦੀ ਲੋੜ ਹੈ।

ਜੇ ਕਿਸੇ ਵਿਅਕਤੀ ਨੂੰ ਸਾਹ ਲੈਣ 'ਚ ਤਕਲੀਫ ਦੇ ਨਾਲ-ਨਾਲ ਛਾਤੀ ਵਿੱਚ ਜਕੜਨ, ਚੱਕਰ ਆਉਣਾ, ਦਿਲ ਦੀ ਅਨਿਯਮਿਤ ਧੜਕਣ, ਪਸੀਨੇ ਆਉਣਾ ਜਾਂ ਪੈਰਾਂ ਵਿੱਚ ਸੋਜ ਜਿਹੇ ਲੱਛਣ ਮਹਿਸੂਸ ਹੋਣ ਤਾਂ ਤੁਰੰਤ ਮੈਡੀਕਲ ਸਹਾਇਤਾ ਲੈਣਾ ਜ਼ਰੂਰੀ ਹੈ।



ਸਾਹ ਫੁੱਲਣ ਦਾ ਕਾਰਨ ਕਿਵੇਂ ਪਤਾ ਲਗਾਇਆ ਜਾਂਦਾ ਹੈ ?

ਪੌੜੀਆਂ ਚੜ੍ਹਣ ਵੇਲੇ ਜਾਂ ਤੁਰਦੇ ਵੇਲੇ ਸਾਹ ਫੁੱਲਣ ਦਾ ਸਟੀਕ ਕਾਰਨ ਸਿਰਫ਼ ਲੱਛਣਾਂ ਦੇ ਅਧਾਰ 'ਤੇ ਨਿਰਧਾਰਿਤ ਨਹੀਂ ਕੀਤਾ ਜਾ ਸਕਦਾ।

ਦਿਲ ਦੇ ਰੋਗ, ਫੇਫੜਿਆਂ ਦੀ ਬਿਮਾਰੀ, ਅਨੀਮੀਆ, ਥਾਇਰਾਇਡ ਵਿਕਾਰ, ਮੋਟਾਪਾ, ਗੁਰਦਿਆਂ ਦੀ ਬਿਮਾਰੀ ਜਾਂ ਕਦੇ-ਕਦੇ ਮਾਨਸਿਕ ਤਣਾਅ ਵੀ ਇਸ ਵਿਚ ਭੂਮਿਕਾ ਨਿਭਾ ਸਕਦੇ ਹਨ। ਇਸ ਲਈ, ਸਹੀ ਨਿਦਾਨ ਲਈ ਰੋਗੀ ਦੀ ਵਿਸਥਾਰਪੂਰਵਕ ਮੈਡੀਕਲ ਜਾਣਕਾਰੀ ਅਤੇ ਜ਼ਰੂਰੀ ਟੈਸਟ ਅਹਿਮ ਹਨ।

ਆਮ ਤੌਰ 'ਤੇ ਸ਼ੁਰੂਆਤੀ ਸਥਿਤੀ ਵਿਚ ਬਲੱਡ ਪ੍ਰੈਸ਼ਰ ਦੀ ਜਾਂਚ, ਈਸੀਜੀ, ਛਾਤੀ ਦਾ ਐਕਸ-ਰੇਅ ਅਤੇ ਵੱਖ-ਵੱਖ ਖ਼ੂਨ ਟੈਸਟ ਕੀਤੇ ਜਾਂਦੇ ਹਨ। ਖ਼ੂਨ ਵਿੱਚ ਹੀਮੋਗਲੋਬਿਨ ਦਾ ਪੱਧਰ, ਬਲੱਡ ਸ਼ੂਗਰ, ਥਾਇਰਾਇਡ ਦੀ ਕਾਰਜ ਪ੍ਰਣਾਲੀ, ਗੁਰਦੇ ਅਤੇ ਲੀਵਰ ਦੀ ਕਾਰਜ ਪ੍ਰਣਾਲੀ ਦੀ ਵੀ ਸਮੀਖਿਆ ਕੀਤੀ ਜਾ ਸਕਦੀ ਹੈ।

ਜੇ ਦਿਲ ਸਬੰਧੀ ਸਮੱਸਿਆ ਦਾ ਖਦਸ਼ਾ ਹੋਵੇ ਤਾਂ ਈਕੋ-ਕਾਰਡੀਓਗ੍ਰਾਫੀ, ਟ੍ਰੈਡਮਿਲ ਸਟ੍ਰੈਸ ਟੈਸਟ ਜਾਂ ਸੀਟੀ ਕੋਰੋਨਰੀ ਐਂਜੀਓਗ੍ਰਾਫੀ ਜਿਹੇ ਟੈਸਟ ਕਰਾਉਣ ਦੀ ਸਲਾਹ ਦਿੱਤੀ ਜਾ ਸਕਦੀ ਹੈ। ਕੁਝ ਮਾਮਲਿਆਂ ਵਿੱਚ ਫੇਫੜਿਆਂ ਦੀ ਸਮਰੱਥਾ ਦੀ ਜਾਂਚ ਦੀ ਵੀ ਲੋੜ ਹੋ ਸਕਦੀ ਹੈ।

ਮਾਹਰਾਂ ਮੁਤਾਬਕ ਅਚਾਨਕ ਸਾਹ ਫੁੱਲਣਾ, ਤੇਜ਼ੀ ਨਾਲ ਇਸ ਦਾ ਵਧਣਾ ਜਾਂ ਆਰਾਮ ਕਰਨ ਤੋਂ ਬਾਅਦ ਵੀ ਇਸ ਦਾ ਠੀਕ ਨਾ ਹੋਣਾ ਇੱਕ ਗੰਭੀਰ ਚਿਤਾਵਨੀ ਦਾ ਸੰਕੇਤ ਹੋ ਸਕਦਾ ਹੈ। ਅਜਿਹੇ ਮਾਮਲਿਆਂ 'ਚ ਜਲਦ ਤੋਂ ਜਲਦ ਡਾਇਗਨੋਸਿਸ ਅਤੇ ਇਲਾਜ ਮਿਲਣ ਨਾਲ ਦਿਲ ਦੇ ਰੋਗ, ਦਿਲ ਫੇਲ੍ਹ ਹੋਣਾ ਜਾਂ ਹੋਰ ਗੰਭੀਰ ਸਮੱਸਿਆਵਾਂ ਨੂੰ ਰੋਕਣ ਵਿੱਚ ਮਦਦ ਮਿਲ ਸਕਦੀ ਹੈ।

ਡਾਇਗਨੋਸਿਸ ਦੀ ਅਹਿਮੀਅਤ

ਜੇ ਤੁਹਾਨੂੰ ਸਾਹ ਲੈਣ ਵਿੱਚ ਤਕਲੀਫ ਹੋਣ ਲੱਗੀ ਹੈ ਤਾਂ ਇਸ ਨੂੰ ਨਜ਼ਰਅੰਦਾਜ਼ ਨਾ ਕਰੋ। ਪਰ ਆਪਣੇ ਆਪ ਵੀ ਇਸ ਦਾ ਨਿਦਾਨ ਨਾ ਕਰੋ। ਇਸ ਲਈ ਜਾਂਚ ਕਰਵਾਉਣਾ ਬਹੁਤ ਜ਼ਰੂਰੀ ਹੈ। ਕਸਰਤ ਦੌਰਾਨ, ਉਦਾਹਰਨ ਵਜੋਂ ਪੌੜੀਆਂ ਚੜ੍ਹਣ ਵੇਲੇ, ਸਾਹ ਫੁੱਲਣ ਦੇ ਕਾਰਨਾਂ ਦਾ ਪਤਾ ਲਗਾਉਣ ਵਿੱਚ ਸਹੀ ਡਾਇਗਨੋਸਿਸ ਪਹਿਲਾ ਕਦਮ ਹੈ। ਜੇ ਸਮੱਸਿਆ ਨਵੀਂ ਹੈ, ਹੌਲੀ-ਹੌਲੀ ਵਧ ਰਹੀ ਹੈ ਜਾਂ ਕੀਤੀ ਜਾ ਰਹੀ ਸਰੀਰਕ ਮਿਹਨਤ ਨਾਲੋਂ ਵੱਧ ਗੰਭੀਰ ਹੈ ਤਾਂ ਇਸ ਦਾ ਡਾਇਗਨੋਸਿਸ ਵਿਸ਼ੇਸ਼ ਤੌਰ 'ਤੇ ਜ਼ਰੂਰੀ ਹੈ।

ਅਸੀਂ ਮੁੰਬਈ ਸਥਿਤ ਨਿਊਬਰਗ ਅਜੇ ਸ਼ਾਹ ਲੈਬ ਦੇ ਮੈਨੇਜਿੰਗ ਡਾਇਰੈਕਟਰ ਡਾ.ਅਜੇ ਸ਼ਾਹ ਤੋਂ ਟੈਸਟ ਦੀ ਜ਼ਰੂਰਤਾਂ ਬਾਰੇ ਪੁੱਛਿਆ।

ਉਨ੍ਹਾਂ ਨੇ ਕਿਹਾ, "ਬਿਮਾਰੀ ਦਾ ਨਿਦਾਨ ਕਰਦੇ ਵੇਲੇ ਅਸੀਂ ਸਭ ਤੋਂ ਪਹਿਲਾਂ ਰੋਗੀ ਦਾ ਵਿਸਥਾਰ ਮੈਡੀਕਲ ਇਤਿਹਾਸ ਦੇਖਦੇ ਹਾਂ। ਇਸ ਵਿੱਚ ਸਾਹ ਲੈਣ ਵਿੱਚ ਤਕਲੀਫ ਦਾ ਰੂਪ, ਸਮਾਂ ਅਤੇ ਗੰਭੀਰਤਾ ਬਾਰੇ ਜਾਣਕਾਰੀ ਸ਼ਾਮਿਲ ਹੁੰਦੀ ਹੈ। ਨਾਲ ਹੀ, ਛਾਤੀ ਵਿੱਚ ਦਰਦ, ਧੜਕਣ, ਖਾਂਸੀ, ਘਬਰਾਹਟ, ਕਮਜ਼ੋਰੀ ਅਤੇ ਪੈਰਾਂ ਵਿੱਚ ਸੋਜ ਜਿਹੇ ਸਬੰਧਤ ਲੱਛਣਾਂ ਬਾਰੇ ਵੀ ਪੁੱਛਗਿੱਛ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ, ਰੋਗੀ ਦੀ ਜੀਵਨ ਸ਼ੈਲੀ ਸਬੰਧੀ ਆਦਤਾਂ ਅਤੇ ਹੋਰ ਬਿਮਾਰੀਆਂ ਨੂੰ ਵੀ ਧਿਆਨ ਵਿੱਚ ਰੱਖਿਆ ਜਾਂਦਾ ਹੈ।"

ਉਹ ਕਹਿੰਦੇ ਹਨ, "ਸਰੀਰਕ ਟੈਸਟ ਤੋਂ ਸਮੱਸਿਆ ਦੇ ਕਾਰਨਾਂ ਬਾਰੇ ਮਹੱਤਵਪੂਰਨ ਸੁਰਾਗ ਵੀ ਮਿਲ ਸਕਦੇ ਹਨ। ਨਿਦਾਨਕਰਤਾ ਵਜੋਂ ਸਾਡਾ ਕੰਮ ਡਾਕਟਰਾਂ ਨੂੰ ਸਮੱਸਿਆ ਦਾ ਸਟੀਕ ਕਾਰਨ ਪਤਾ ਲਗਾਉਣ ਵਿੱਚ ਮਦਦ ਕਰਨਾ ਅਤੇ ਉਨ੍ਹਾਂ ਨੂੰ ਨਿਦਾਨ ਤੱਕ ਪਹੁੰਚਣ ਵਿੱਚ ਮਦਦ ਕਰਨ ਲਈ ਸਹੀ ਟੈਸਟ ਦੀ ਸਿਫਾਰਸ਼ ਕਰਨਾ ਹੈ ਨਾ ਕਿ ਸਿਰਫ਼ ਲੱਛਣਾਂ ਦਾ ਇਲਾਜ ਕਰਨਾ।"

ਸ਼ੁਰੂਆਤੀ ਦੌਰ ਵਿੱਚ ਕੀਤੇ ਜਾਣ ਵਾਲੇ ਟੈਸਟ ਬਾਰੇ ਪੁੱਛੇ ਜਾਣ 'ਤੇ ਡਾ. ਅਜੇ ਸ਼ਾਹ ਨੇ ਕਿਹਾ, "ਟੈਸਟ ਦੀ ਚੋਣ ਰੋਗੀ ਦੇ ਲੱਛਣਾਂ ਦੇ ਅਧਾਰ 'ਤੇ ਕੀਤੀ ਜਾਂਦੀ ਹੈ ਹਾਲਾਂਕਿ ਕੁਝ ਟੈਸਟ ਲਗਭਗ ਹਰ ਵਾਰ ਜ਼ਰੂਰੀ ਹੁੰਦੇ ਹਨ।"

ਉਹ ਕਹਿੰਦੇ ਹਨ, "ਖ਼ੂਨ ਦੇ ਟੈਸਟਾਂ ਵਿੱਚ ਸੀਬੀਸੀ (ਕੰਪਲੀਟ ਬਲੱਡ ਕਾਊਂਟ) ਮਹੱਤਵਪੂਰਨ ਹੈ ਕਿਉਂਕਿ ਇਹ ਉਨ੍ਹਾਂ ਸਮੱਸਿਆਵਾਂ ਬਾਰੇ ਜਾਣਕਾਰੀ ਦਿੰਦਾ ਹੈ ਜੋ ਸਾਹ ਲੈਣ ਵਿੱਚ ਤਕਲੀਫ ਦਾ ਕਾਰਨ ਬਣ ਸਕਦੇ ਹਨ ਜਿਵੇਂ ਅਨੀਮੀਆ ਜਾਂ ਲਾਗ। ਇਸ ਤੋਂ ਇਲਾਵਾ ਬਲੱਡ ਸ਼ੂਗਰ ਦੇ ਪੱਧਰ ਦੀ ਜਾਂਚ, ਲੀਵਰ ਫ਼ੰਕਸ਼ਨ ਟੈਸਟ, ਕਿਡਨੀ ਫ਼ੰਕਸ਼ਨ ਟੈਸਟ, ਥਾਇਰਾਇਡ ਪ੍ਰੋਫਾਈਲ ਅਤੇ ਸਰੀਰ ਵਿੱਚ ਸੋਜ ਦੀ ਜਾਂਚ ਵੀ ਕੀਤੀ ਜਾ ਸਕਦੀ ਹੈ। ਜੇ ਰੋਗੀ ਨੂੰ ਦਿਲ ਦੇ ਰੋਗ ਦਾ ਖ਼ਦਸ਼ਾ ਹੋਵੇ ਤਾਂ ਕਾਰਡੀਅਕ ਬਾਇਓਮਾਰਕਰ ਟੈਸਟ ਕਰਾਉਣ ਦੀ ਸਲਾਹ ਦਿੱਤੀ ਜਾ ਸਕਦੀ ਹੈ।"

ਡਾ. ਸ਼ਾਹ ਦੱਸਦੇ ਹਨ, "ਛਾਤੀ ਦਾ ਐਕਸ-ਰੇਅ ਫੇਫੜਿਆਂ ਜਾਂ ਦਿਲ ਵਿੱਚ ਕਿਸੇ ਵੀ ਤਰ੍ਹਾਂ ਦੀ ਖਰਾਬੀ ਦਾ ਪਤਾ ਲਗਾਉਣ ਵਿੱਚ ਉਪਯੋਗੀ ਹੁੰਦਾ ਹੈ। ਈਸੀਜੀ ਟੈਸਟ ਨਾਲ ਦਿਲ ਦੀ ਲੈਅ ਸਹੀ ਹੈ ਜਾਂ ਨਹੀਂ ਅਤੇ ਦਿਲ 'ਤੇ ਕੋਈ ਵਾਧੂ ਦਬਾਅ ਹੈ ਜਾਂ ਨਹੀਂ, ਇਹ ਜਾਨਣ ਵਿੱਚ ਵੀ ਮਦਦ ਮਿਲਦੀ ਹੈ।"

ਜਲਦੀ ਇਲਾਜ ਕਿਉਂ ਜ਼ਰੂਰੀ ਹੈ ?

ਤੁਰਨ ਵੇਲੇ ਸਾਹ ਫੁੱਲਣ ਜਾਂ ਅਚਾਨਕ ਥਕਾਵਟ ਮਹਿਸੂਸ ਹੋਣ 'ਤੇ ਜਲਦੀ ਤੋਂ ਜਲਦੀ ਜਾਂਚ ਅਤੇ ਡਾਇਗਨੋਸਿਸ ਕਰਵਾਉਣਾ ਬਹੁਤ ਜ਼ਰੂਰੀ ਹੈ। ਸਾਹ ਫੁੱਲਣਾ ਕਿਸੇ ਸਮੱਸਿਆ ਦਾ ਲੱਛਣ ਹੋ ਸਕਦਾ ਹੈ। ਇਸ ਲਈ ਨਿਦਾਨ ਵਿੱਚ ਦੇਰੀ ਹੋਣ 'ਤੇ ਅੰਦਰੂਨੀ ਸਮੱਸਿਆ ਦਾ ਪਤਾ ਨਹੀਂ ਲੱਗ ਸਕੇਗਾ ਅਤੇ ਗੰਭੀਰਤਾ ਵਧ ਸਕਦੀ ਹੈ।

ਦਿਲ ਫੇਲ੍ਹ ਹੋਣਾ, ਕੋਰੋਨਰੀ ਦਿਲ ਦੇ ਰੋਗ, ਪੁਰਾਣੀ ਫੇਫੜਿਆਂ ਦੀ ਬਿਮਾਰੀ, ਫੇਫੜਿਆਂ ਦੀਆਂ ਖ਼ੂਨ ਨਾੜੀਆਂ ਵਿੱਚ ਖ਼ੂਨ ਦਾ ਥੱਕਾ, ਅਨੀਮੀਆ ਅਤੇ ਵੱਖ ਵੱਖ ਮੈਟਾਬੋਲਿਕ ਬਿਮਾਰੀਆਂ ਦੀ ਸਥਿਤੀ ਵਿੱਚ ਜਲਦੀ ਪਛਾਣ ਕਰਨ ਦੇ ਨਾਲ ਇਲਾਜ ਦੇ ਨਤੀਜਿਆਂ ਵਿੱਚ ਸੁਧਾਰ ਦੇਖਿਆ ਗਿਆ ਹੈ।

ਜਾਂਚ ਦੀ ਮਦਦ ਨਾਲ ਡਾਕਟਰ ਸਮਾਂ ਰਹਿੰਦਿਆਂ ਮਰੀਜ਼ ਦੀ ਸਮੱਸਿਆ ਦਾ ਪਤਾ ਲਗਾ ਸਕਦੇ ਹਨ ਅਤੇ ਤੁਰੰਤ ਇਲਾਜ ਸ਼ੁਰੂ ਕਰ ਸਕਦੇ ਹਨ। ਇਸ ਨਾਲ ਭਵਿੱਖ ਵਿੱਚ ਹੋਣ ਵਾਲੀਆਂ ਜਟਿਲਤਾਵਾਂ, ਵਾਰ-ਵਾਰ ਹਸਪਤਾਲ ਵਿੱਚ ਭਰਤੀ ਹੋਣ ਦੀ ਲੋੜ ਅਤੇ ਗੰਭੀਰ ਸਿਹਤ ਸਮੱਸਿਆਵਾਂ ਤੋਂ ਬਚਿਆ ਜਾ ਸਕਦਾ ਹੈ। ਨਤੀਜੇ ਵਜੋਂ, ਮਰੀਜ਼ ਦੇ ਜੀਵਨ ਦੀ ਗੁਣਵੱਤਾ ਬਿਹਤਰ ਹੁੰਦੀ ਹੈ।

ਇਸ ਤੋਂ ਇਲਾਵਾ, ਕਈ ਮਰੀਜ਼ ਸਾਹ ਫੁੱਲਣ ਦੇ ਕਾਰਨ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਨ ਅਤੇ ਇਸ ਦਾ ਦੋਸ਼ ਆਪਣੀ ਉਮਰ ਜਾਂ ਆਪਣੀ ਕਮਜ਼ੋਰ ਸਰੀਰਕ ਸਮਰੱਥਾ ਸਿਰ ਮੜ੍ਹਦੇ ਹਨ। ਇਸ ਨਾਲ ਨਿਦਾਨ ਵਿੱਚ ਦੇਰੀ ਹੁੰਦੀ ਹੈ। ਸ਼ੁਰੂਆਤੀ ਜਾਂਚ ਅਤੇ ਸਹੀ ਨਿਦਾਨ ਨਾਲ ਇਸ ਦੇਰੀ ਨੂੰ ਰੋਕਿਆ ਜਾ ਸਕਦਾ ਹੈ ਅਤੇ ਸਮੇਂ ਸਿਰ ਜ਼ਰੂਰੀ ਇਲਾਜ ਉਪਲਬਧ ਕਰਾਇਆ ਜਾ ਸਕਦਾ ਹੈ।

ਦਿਲ ਦੇ ਰੋਗ ਦੀ ਸੰਭਾਵਨਾ

ਜੇ ਤੁਹਾਨੂੰ ਥੋੜ੍ਹੀ ਜਿਹੀ ਵੀ ਮਿਹਨਤ ਕਰਨ ਜਾਂ ਰੋਜ਼ਾਨਾ ਦੇ ਕੰਮ ਕਰਨ ਵੇਲੇ ਵੀ ਸਾਹ ਫੁੱਲਣ ਲੱਗੇ ਅਤੇ ਇਹ ਸਮੱਸਿਆ ਹੌਲੀ-ਹੌਲੀ ਵਧਦੀ ਜਾਵੇ, ਅਰਾਮ ਕਰਨ ਬਾਅਦ ਵੀ ਅਰਾਮ ਨਾ ਮਿਲੇ ਜਾਂ ਇਸ ਦੇ ਨਾਲ ਨਾਲ ਛਾਤੀ ਵਿੱਚ ਜਕੜਨ, ਦਰਦ, ਚੱਕਰ ਆਉਣਾ ਜਾਂ ਪਸੀਨਾ ਆਉਣ ਜਿਹੇ ਲੱਛਣ ਦਿਖਾਈ ਦੇਣ ਤਾਂ ਇਹ ਦਿਲ ਦੇ ਰੋਗ ਦੇ ਲੱਛਣ ਹੋ ਸਕਦੇ ਹਨ। ਅਜਿਹੀ ਸਥਿਤੀ ਵਿੱਚ ਤੁਹਾਨੂੰ ਬਿਨ੍ਹਾਂ ਸਮਾਂ ਬਰਬਾਦ ਕੀਤਿਆਂ ਦਿਲ ਦੇ ਰੋਗਾਂ ਦੇ ਮਾਹਿਰ ਤੋਂ ਸਲਾਹ ਲੈਣੀ ਚਾਹੀਦੀ ਹੈ।

ਇਸ ਸਬੰਧੀ ਅਸੀਂ ਪੁਣੇ ਦੇ ਬਾਨੇਰ ਸਥਿਤ ਮਣੀਪਾਲ ਹਸਪਤਾਲ ਵਿੱਚ ਕੰਸਲਟੈਂਟ ਅਤੇ ਕਾਰਡੀਓਲਾਜੀ ਵਿਭਾਗ ਦੇ ਪ੍ਰਮੁੱਖ ਡਾ. ਅਭੀਜੀਤ ਜੋਸ਼ੀ ਤੋਂ ਕੁਝ ਸਵਾਲ ਪੁੱਛੇ।

ਸਵਾਲ- ਦਿਲ ਦੇ ਰੋਗਾਂ ਵਿੱਚ ਸਾਹ ਫੁੱਲਣਾ ਅਤੇ ਸਾਹ ਲੈਣ ਵਿੱਚ ਤਕਲੀਫ ਜਿਹੇ ਲੱਛਣ ਕਿੰਨੇ ਆਮ ਹਨ ?

ਡਾ. ਅਭੀਜੀਤ ਜੋਸ਼ੀ- ਕਈ ਰੋਗੀਆਂ ਖਾਸ ਕਰਕੇ ਮਹਿਲਾਵਾਂ, ਬਜ਼ੁਰਗਾਂ ਅਤੇ ਸ਼ੂਗਰ ਰੋਗੀਆਂ ਵਿੱਚ ਸਰੀਰਕ ਮਿਹਨਤ ਦੌਰਾਨ ਸਾਹ ਫੁੱਲਣਾ ਦਿਲ ਦੇ ਰੋਗਾਂ ਦਾ ਸ਼ੁਰੂਆਤੀ ਲੱਛਣ ਹੋ ਸਕਦਾ ਹੈ, ਇੱਥੋਂ ਤੱਕ ਕਿ ਛਾਤੀ ਵਿੱਚ ਦਰਦ ਤੋਂ ਪਹਿਲਾਂ ਵੀ। ਇਸ ਲਈ ਇਸ ਲੱਛਣ ਨੂੰ ਨਜ਼ਰਅੰਦਾਜ਼ ਕਰਨਾ ਉਚਿਤ ਨਹੀਂ ਹੈ।

ਸਵਾਲ-ਕੀ ਛਾਤੀ ਵਿੱਚ ਦਰਦ ਨਾ ਹੋਣ 'ਤੇ ਵੀ ਦਿਲ ਦੇ ਰੋਗਾਂ ਦੀ ਸੰਭਾਵਨਾ ਹੋ ਸਕਦੀ ਹੈ ?

ਡਾ. ਅਭੀਜੀਤ ਜੋਸ਼ੀ- ਦਿਲ ਨਾਲ ਜੁੜੀਆਂ ਸਾਰੀਆਂ ਬਿਮਾਰੀਆਂ ਵਿੱਚ ਛਾਤੀ ਵਿੱਚ ਦਰਦ ਨਹੀਂ ਹੁੰਦਾ। ਕੁਝ ਰੋਗੀਆਂ ਵਿੱਚ ਸਾਹ ਲੈਣ ਵਿੱਚ ਤਕਲੀਫ, ਜਲਦੀ ਥਕਾਵਟ, ਦਿਲ ਦੀ ਗਤੀ ਵਧਣਾ, ਚੱਕਰ ਆਉਣਾ ਜਾਂ ਕਮਜ਼ੋਰੀ ਮੁੱਖ ਲੱਛਣ ਹੋ ਸਕਦੇ ਹਨ। ਸ਼ੂਗਰ ਤੋਂ ਪੀੜਤ ਲੋਕਾਂ ਨੂੰ ਵਿਸ਼ੇਸ਼ ਰੂਪ ਵਿੱਚ 'ਸਾਈਲੈਂਟ' ਦਿਲ ਦੇ ਰੋਗ ਦਾ ਖਤਰਾ ਜ਼ਿਆਦਾ ਹੁੰਦਾ ਹੈ।

ਸਵਾਲ- ਦਿਲ ਦੀ ਖ਼ੂਨ ਪੰਪ ਕਰਨ ਦੀ ਸਮਰਥਾ ਵਿੱਚ ਕਮੀ ਦੇ ਕੀ ਪ੍ਰਭਾਵ ਹੁੰਦੇ ਹਨ?

ਡਾ. ਅਭੀਜੀਤ ਜੋਸ਼ੀ- ਜੇਕਰ ਦਿਲ ਦੀ ਖ਼ੂਨ ਪੰਪ ਕਰਨ ਦੀ ਸਮਰੱਥਾ ਘੱਟ ਹੋ ਜਾਂਦੀ ਹੈ ਤਾਂ ਸਰੀਰ ਦੇ ਵੱਖ-ਵੱਖ ਅੰਗਾਂ ਨੂੰ ਲੋੜੀਂਦਾ ਖ਼ੂਨ ਅਤੇ ਆਕਸੀਜਨ ਨਹੀਂ ਮਿਲ ਪਾਉਂਦੇ। ਇਸ ਨਾਲ ਥਕਾਵਟ, ਸਾਹ ਫੁੱਲਣਾ, ਪੈਰਾਂ ਵਿੱਚ ਸੋਜ ਅਤੇ ਫੇਫੜਿਆਂ ਵਿੱਚ ਪਾਣੀ ਜਮ੍ਹਾ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ। ਇਸ ਨਾਲ ਰੋਜ਼ਾਨਾ ਗਤੀਵਿਧੀਆਂ ਦੌਰਾਨ ਵੀ ਸਾਹ ਲੈਣ ਵਿੱਚ ਕਠਿਨਾਈ ਹੋ ਸਕਦੀ ਹੈ।

ਸਾਹ ਫੁੱਲਣ ਦੀ ਗੱਲ ਕਰੀਏ ਤਾਂ ਉਮਰ ਵਧਣ ਦੇ ਨਾਲ ਸਰੀਰ ਦੀ ਕਾਰਜ ਸਮਰੱਥਾ ਸੁਭਾਵਿਕ ਰੂਪ ਵਿੱਚ ਕੁਝ ਹੱਦ ਤੱਕ ਘੱਟ ਹੋ ਜਾਂਦੀ ਹੈ। ਮਾਸ ਪੇਸ਼ੀਆਂ ਦੀ ਤਾਕਤ ਘੱਟ ਹੋ ਜਾਂਦੀ ਹੈ ਅਤੇ ਦਿਲ ਅਤੇ ਫੇਫੜਿਆਂ ਦੀ ਕਾਰਜ ਸਮਰੱਥਾ ਵੀ ਘੱਟ ਸਕਦੀ ਹੈ। ਇਸ ਲਈ, ਪਹਿਲਾਂ ਦੀ ਤੁਲਨਾ ਵਿੱਚ ਥੋੜ੍ਹਾ ਵੱਧ ਸਾਹ ਫੁੱਲਣਾ ਸੁਭਾਵਿਕ ਹੈ। ਹਾਲਾਂਕਿ ਇਹ ਮੰਨ ਲੈਣਾ ਉਚਿਤ ਨਹੀਂ ਹੈ ਕਿ ਅਚਾਨਕ ਸਾਹ ਫੁੱਲਣਾ ਜਾਂ ਆਮ ਤੋਂ ਜ਼ਿਆਦਾ ਹੋਣਾ ਸਿਰਫ਼ ਉਮਰ ਦੇ ਕਾਰਨ ਹੈ। ਸ਼ੂਗਰ ਅਤੇ ਹਾਈ ਬਲੱਡ ਪ੍ਰੈਸ਼ਰ ਦੇ ਰੋਗੀਆਂ ਨੂੰ ਇਸ ਵੱਲ ਖਾਸ ਧਿਆਨ ਦੇਣ ਦੀ ਲੋੜ ਹੈ।

ਪਰੇਲ ਦੇ ਗਲੇਨੇਗਲਸ ਹਸਪਤਾਲ ਵਿੱਚ ਦਿਲ ਦੇ ਰੋਗਾਂ ਦੇ ਮਾਹਿਰ ਅਤੇ ਡਾਇਰੈਕਟਰ ਡਾ.ਰਾਹੁਲ ਗੁਪਤਾ ਨੇ ਕਿਹਾ, "ਸ਼ੂਗਰ, ਹਾਈ ਬਲੱਡ ਪ੍ਰੈਸ਼ਰ ਅਤੇ ਹਾਈ ਕੋਲੈਸਟ੍ਰੋਲ ਦਿਲ ਦੇ ਰੋਗਾਂ ਦੇ ਪ੍ਰਮੁੱਖ ਜ਼ੋਖਮ ਕਾਰਕ ਹਨ। ਇਸ ਲਈ ਅਜਿਹੇ ਵਿਅਕਤੀਆਂ ਵਿੱਚ ਸਾਹ ਫੁੱਲਣਾ, ਦਿਲ ਦੇ ਰੋਗ ਦਾ ਲੱਛਣ ਹੋਣ ਦੀ ਜ਼ਿਆਦਾ ਸੰਭਾਵਨਾ ਹੈ।"

ਉਨ੍ਹਾਂ ਦੱਸਿਆ, "ਜੇ ਇਨ੍ਹਾਂ ਕਾਰਕਾਂ ਵਿੱਚੋਂ ਕਿਸੇ ਤੋਂ ਵੀ ਪ੍ਰਭਾਵਿਤ ਵਿਅਕਤੀ ਨੂੰ ਕਸਰਤ ਕਰਨ ਦੀ ਸਮਰਥਾ ਵਿੱਚ ਕਮੀ ਮਹਿਸੂਸ ਹੋਵੇ ਜਾਂ ਪਹਿਲਾਂ ਅਸਾਨੀ ਨਾਲ ਕੀਤੇ ਜਾਣ ਵਾਲੀ ਸਰੀਰਕ ਮਿਹਨਤ ਦੌਰਾਨ ਸਾਹ ਫੁੱਲਣ ਲੱਗੇ ਤਾਂ ਉਨ੍ਹਾਂ ਨੂੰ ਡਾਕਟਰ ਤੋਂ ਸਲਾਹ ਲੈਣੀ ਚਾਹੀਦੀ ਹੈ। ਜਲਦੀ ਨਿਦਾਨ ਅਤੇ ਇਲਾਜ ਨਾਲ ਦਿਲ ਦਾ ਦੌਰਾ ਜਾਂ ਦਿਲ ਫੇਲ੍ਹ ਹੋਣ ਜਿਹੀਆਂ ਗੰਭੀਰ ਜਟਿਲਤਾਵਾਂ ਨੂੰ ਰੋਕਿਆ ਜਾ ਸਕਦਾ ਹੈ।"

ਅਸੀਂ ਡਾ.ਰਾਹੁਲ ਗੁਪਤਾ ਤੋਂ ਪੁੱਛਿਆ ਕਿ ਕੀ ਅਜਿਹੇ ਕੋਈ ਅਸਾਨ ਸੰਕੇਤ ਹਨ ਜਿਨ੍ਹਾਂ ਤੋਂ ਪਤਾ ਲੱਗ ਸਕੇ ਕਿ ਕਿਸੇ ਵਿਅਕਤੀ ਦੀ ਦਿਲ ਸਬੰਧੀ ਫਿਟਨੈਸ ਵਿੱਚ ਸੁਧਾਰ ਹੋ ਰਿਹਾ ਹੈ।

ਉਨ੍ਹਾਂ ਨੇ ਕਿਹਾ, "ਦਿਲ ਦੀ ਸਿਹਤ ਦਾ ਇੱਕ ਵਿਹਾਰਕ ਸੰਕੇਤ ਇਹ ਹੈ ਕਿ ਕੀ ਕੋਈ ਵਿਅਕਤੀ ਵਾਧੂ ਥਕਾਵਟ ਜਾਂ ਸਾਹ ਚੜ੍ਹਣ ਦਾ ਅਨੁਭਵ ਕੀਤੇ ਬਿਨ੍ਹਾਂ ਆਪਣੀਆਂ ਰੋਜ਼ਾਨਾ ਗਤੀਵਿਧੀਆਂ ਕਰ ਸਕਦਾ ਹੈ। ਉਦਾਹਰਨ ਵਜੋਂ, ਜੇ ਕੋਈ ਵਿਅਕਤੀ ਬਿਨ੍ਹਾਂ ਕਿਸੇ ਲੱਛਣ ਇੱਕ ਜਾਂ ਦੋ ਪੌੜੀਆਂ ਚੜ੍ਹ ਸਕਦਾ ਹੈ ਜਾਂ ਲਗਭਗ ਤੀਹ ਮਿੰਟ ਤੱਕ ਤੇਜ਼ ਗਤੀ ਨਾਲ ਚੱਲ ਸਕਦਾ ਹੈ ਤਾਂ ਉਸ ਨੂੰ ਚੰਗੀ ਸਰੀਰਕ ਹਾਲਤ ਵਿੱਚ ਮੰਨਿਆ ਜਾਂਦਾ ਹੈ। ਹਾਲਾਂਕਿ ਸਮਾਰਟ ਵਾਚ ਜਾਂ ਸਵੈ-ਮੁਲਾਂਕਣ ਜਿਹੇ ਉਪਕਰਨ ਮੈਡੀਕਲ ਜਾਂਚ ਦਾ ਵਿਕਲਪ ਨਹੀਂ ਹੋ ਸਕਦੇ। ਜੇ ਸਾਹ ਫੁੱਲਣਾ ਜਾਰੀ ਰਹਿੰਦਾ ਹੈ ਜਾਂ ਵਿਗੜ ਜਾਂਦਾ ਹੈ ਤਾਂ ਡਾਕਟਰ ਨਾਲ ਸਲਾਹ ਕਰਨਾ ਜ਼ਰੂਰੀ ਹੈ।"

ਜੇ ਤੁਹਾਨੂੰ ਸਾਹ ਲੈਣ ਵਿੱਚ ਤਕਲੀਫ, ਛਾਤੀ ਵਿੱਚ ਦਰਦ ਜਾਂ ਦਬਾਅ, ਬੇਹੋਸ਼ੀ, ਗੰਭੀਰ ਚੱਕਰ ਆਉਣਾ, ਧੜਕਣ ਤੇਜ਼ ਹੋਣਾ, ਬੁੱਲ੍ਹ ਨੀਲੇ ਪੈਣਾ, ਪੈਰਾਂ ਵਿੱਚ ਸੋਜ, ਖ਼ੂਨ ਦੀ ਉਲਟੀ ਆਉਣਾ ਜਾਂ ਅਰਾਮ ਕਰਨ ਵੇਲੇ ਵੀ ਸਾਹ ਲੈਣ ਵਿੱਚ ਮੁਸ਼ਕਿਲ ਜਿਹੇ ਲੱਛਣ ਮਹਿਸੂਸ ਹੋਣ ਤਾਂ ਤੁਰੰਤ ਮੈਡੀਕਲ ਸਹਾਇਤਾ ਲਵੋ।

ਇਹ ਲੱਛਣ ਦਿਲ ਜਾਂ ਫੇਫੜਿਆਂ ਨਾਲ ਜੁੜੀ ਕਿਸੇ ਗੰਭੀਰ ਐਮਰਜੈਂਸੀ ਸਥਿਤੀ ਦੇ ਸੰਕੇਤ ਹੋ ਸਕਦੇ ਹਨ। ਇਸ ਲਈ, ਸਮੇਂ ਸਿਰ ਇਲਾਜ ਜੀਵਨ ਬਚਾ ਸਕਦਾ ਹੈ ਅਤੇ ਲੰਬੇ ਸਮੇਂ ਦੇ ਸਿਹਤ ਨਤੀਜਿਆਂ ਨੂੰ ਬਿਹਤਰ ਬਣਾ ਸਕਦਾ ਹੈ।

ਜੇ ਤੁਸੀਂ ਆਪਣੀ ਜੀਵਨ ਸ਼ੈਲੀ ਵਿੱਚ ਕੋਈ ਮਹੱਤਵਪੂਰਨ ਬਦਲਾਅ ਕਰਨਾ ਚਾਹੁੰਦੇ ਹੋ, ਆਪਣੇ ਭੋਜਨ ਵਿੱਚ ਬਦਲਾਅ ਕਰਨਾ ਚਾਹੁੰਦੇ ਹੋ, ਦਵਾਈ ਲੈਣਾ ਚਾਹੁੰਦੇ ਹੋ ਜਾਂ ਸਰੀਰਕ ਕਸਰਤ ਸ਼ੁਰੂ ਕਰਨਾ ਚਾਹੁੰਦੇ ਹੋ ਤਾਂ ਡਾਕਟਰ ਅਤੇ ਇੱਕ ਯੋਗ ਟ੍ਰੇਨਰ ਦੀ ਮਦਦ ਲੈਣਾ ਮਹੱਤਵਪੂਰਨ ਹੈ।

ਬਿਹਤਰ ਇਹੀ ਹੋਵੇਗਾ ਕਿ ਤੁਸੀਂ ਆਪਣੇ ਸਰੀਰ ਅਤੇ ਲੱਛਣਾਂ ਦੀ ਡਾਕਟਰ ਤੋਂ ਉਚਿਤ ਜਾਂਚ ਕਰਵਾਓ ਅਤੇ ਉਨ੍ਹਾਂ ਦੀ ਸਲਾਹ 'ਤੇ ਹੀ ਜੀਵਨ ਸ਼ੈਲੀ ਵਿੱਚ ਬਦਲਾਅ ਕਰੋ। ਡਾਕਟਰ ਤੋਂ ਸਲਾਹ ਲਏ ਬਿਨ੍ਹਾਂ ਖੁਦ ਇਲਾਜ ਕਰਨਾ ਖਤਰਨਾਕ ਹੋ ਸਕਦਾ ਹੈ।

# ਕੀ ਤੁਹਾਡੀਆਂ ਕਿਡਨੀਆਂ ਹਨ ਸੁਰੱਖਿਅਤ? ਜਾਣੋ ਕ੍ਰੋਨਿਕ ਕਿਡਨੀ ਰੋਗ ਦੇ ਲੱਛਣ ਅਤੇ ਖ਼ਤਰੇ

ਭਾਰਤ ਵਿੱਚ ਜਿੱਥੇ ਸ਼ੂਗਰ, ਹਾਈ ਬਲੱਡ ਪ੍ਰੈਸ਼ਰ ਅਤੇ ਮੋਟਾਪੇ ਦੀ ਦਰ ਤੇਜ਼ੀ ਨਾਲ ਵੱਧ ਰਹੀ ਹਨ, ਉੱਥੇ ਹੀ ਇੱਕ ਹੋਰ ਸਿਹਤ ਸਮੱਸਿਆ ਜੋ ਤੇਜ਼ੀ ਨਾਲ ਵੱਧ ਰਹੀ ਹੈ, ਉਹ ਹੈ ਕ੍ਰੋਨਿਕ ਕਿਡਨੀ ਡਿਜ਼ੀਜ਼ (ਸੀਕੇਡੀ)।

ਭਾਰਤ ਵਿੱਚ ਮੌਜੂਦਾ ਸਮੇਂ 'ਚ 13 ਕਰੋੜ ਤੋਂ ਵੱਧ ਲੋਕ ਕ੍ਰੋਨਿਕ ਕਿਡਨੀ ਡਿਜ਼ੀਜ਼ (ਸੀਕੇਡੀ) ਨਾਲ ਪੀੜਤ ਹਨ। ਕ੍ਰੋਨਿਕ ਕਿਡਨੀ ਡਿਜ਼ੀਜ਼ ਵਿਸ਼ਵ ਪੱਧਰ 'ਤੇ ਮੌਤ ਦਾ ਨੌਵਾਂ ਪ੍ਰਮੁੱਖ ਕਾਰਨ ਹੈ।

ਭਾਰਤ ਵਿੱਚ ਕ੍ਰੋਨਿਕ ਕਿਡਨੀ ਡਿਜ਼ੀਜ਼ ਦਾ ਬੋਝ ਦੁਨੀਆ ਵਿੱਚ ਦੂਜੇ ਨੰਬਰ 'ਤੇ ਹੈ। ਸ਼ੂਗਰ ਅਤੇ ਦਿਲ ਦੀਆਂ ਬਿਮਾਰੀਆਂ ਵਾਂਗ, ਕ੍ਰੋਨਿਕ ਕਿਡਨੀ ਡਿਜ਼ੀਜ਼ ਵੀ ਹੁਣ ਭਾਰਤ ਸਾਹਮਣੇ ਆਉਣ ਵਾਲੀ ਅਗਲੀ ਪ੍ਰਮੁੱਖ ਸਿਹਤ ਚੁਣੌਤੀ ਵਜੋਂ ਉੱਭਰ ਰਹੀ ਹੈ।

ਇਸ ਬਿਮਾਰੀ ਦੇ ਸ਼ੁਰੂਆਤੀ ਪੜਾਅ ਵਿੱਚ ਅਕਸਰ ਕੋਈ ਸਪੱਸ਼ਟ ਲੱਛਣ ਦਿਖਾਈ ਨਹੀਂ ਦਿੰਦੇ। ਇਸ ਕਰਕੇ ਕਈ ਮਰੀਜ਼ਾਂ ਨੂੰ ਇਸ ਬਿਮਾਰੀ ਦਾ ਪਤਾ ਉਦੋਂ ਲੱਗਦਾ ਹੈ ਜਦੋਂ ਉਨ੍ਹਾਂ ਦੇ ਗੁਰਦੇ ਦੀ ਕਾਰਗੁਜ਼ਾਰੀ ਕਾਫ਼ੀ ਘੱਟ ਹੋ ਚੁੱਕੀ ਹੁੰਦੀ ਹੈ। ਮਾਹਰਾਂ ਮੁਤਾਬਕ, ਇਹੀ ਕਾਰਨ ਹੈ ਕਿ ਕ੍ਰੋਨਿਕ ਕਿਡਨੀ ਡਿਜ਼ੀਜ਼ ਨੂੰ ਅਕਸਰ "ਖਾਮੋਸ਼ ਬਿਮਾਰੀ" ਜਾਂ "ਖਾਮੋਸ਼ ਕਾਤਲ" ਕਿਹਾ ਜਾਂਦਾ ਹੈ।

ਗੁਰਦਿਆਂ ਦਾ ਕੰਮ ਖ਼ੂਨ ਵਿੱਚੋਂ ਹਾਨੀਕਾਰਕ ਪਦਾਰਥਾਂ ਨੂੰ ਬਾਹਰ ਕੱਢਣਾ, ਸਰੀਰ ਵਿੱਚ ਪਾਣੀ ਅਤੇ ਲੂਣ ਦਾ ਸੰਤੁਲਨ ਬਣਾਈ ਰੱਖਣਾ ਅਤੇ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ ਵਿੱਚ ਮਦਦ ਕਰਨਾ ਹੈ। ਪਰ ਜਦੋਂ ਗੁਰਦਿਆਂ ਦੀ ਕਾਰਗੁਜ਼ਾਰੀ ਹੌਲੀ-ਹੌਲੀ ਘੱਟ ਹੋਣ ਲੱਗਦੀ ਹੈ ਤਾਂ ਇਸ ਦੇ ਅਸਰ ਸਰੀਰ 'ਚ ਮਹਿਸੂਸ ਹੋਣ ਲੱਗਦੇ ਹਨ।

ਇਸ ਕਾਰਨ ਥਕਾਵਟ, ਸੋਜ਼ਿਸ਼, ਭੁੱਖ ਨਾ ਲੱਗਣਾ ਜਾਂ ਪਿਸ਼ਾਬ 'ਚ ਬਦਲਾਅ ਵਰਗੇ ਲੱਛਣ ਦੇਰ ਨਾਲ ਦਿਖਾਈ ਦੇ ਸਕਦੇ ਹਨ।

ਅਕਸਰ ਜਦੋਂ ਤੱਕ ਮਰੀਜ਼ ਡਾਕਟਰ ਕੋਲ ਪਹੁੰਚਦੇ ਹਨ, ਉਦੋਂ ਤੱਕ ਗੁਰਦੇ ਬੁਰੀ ਤਰ੍ਹਾਂ ਨੁਕਸਾਨ ਝੱਲ ਚੁੱਕੇ ਹੁੰਦੇ ਹਨ ਅਤੇ ਕੁਝ ਮਾਮਲਿਆਂ ਵਿੱਚ ਡਾਇਲਿਸਿਸ ਜਾਂ ਕਿਡਨੀ ਟਰਾਂਸਪਲਾਂਟ ਹੀ ਇਕ ਮਾਤਰ ਇਲਾਜ ਬੱਚਦਾ ਹੈ।

ਇੱਥੇ ਅਸੀਂ ਗੁਰਦੇ ਦੀ ਬਿਮਾਰੀ ਦੀਆਂ ਵਧਦੇ ਮਾਮਲੇ, ਦੇਰ ਨਾਲ ਬਿਮਾਰੀ ਦਾ ਪਤਾ ਲੱਗਣਾ, ਇਲਾਜ ਦੌਰਾਨ ਆਉਣ ਵਾਲੀਆਂ ਚੁਣੌਤੀਆਂ ਅਤੇ ਇਸ ਖ਼ਤਰੇ ਨੂੰ ਘਟਾਉਣ ਲਈ ਕੀ ਕੀਤਾ ਜਾ ਸਕਦਾ ਹੈ, ਇਸ ਦੇ ਪਿੱਛੇ ਦੇ ਕਾਰਨਾਂ ਦੀ ਸਮੀਖਿਆ ਕਰਾਂਗੇ।

ਇਸ ਬਿਮਾਰੀ ਦਾ ਪਤਾ ਦੇਰ ਨਾਲ ਕਿਉਂ ਲੱਗਦਾ ਹੈ ?

ਕ੍ਰੋਨਿਕ ਕਿਡਨੀ ਡਿਜ਼ੀਜ਼ ਨਾਲ ਜੁੜੀ ਸਭ ਤੋਂ ਵੱਡੀ ਚੁਣੌਤੀ ਇਹ ਹੈ ਕਿ ਇਹ ਬਿਮਾਰੀ ਅਕਸਰ ਸ਼ੁਰੂਆਤੀ ਪੜਾਵਾਂ ਵਿੱਚ ਕੋਈ ਸਪੱਸ਼ਟ ਲੱਛਣ ਨਹੀਂ ਦਿਖਾਉਂਦੀ ਹੈ।

ਜੇ ਨਿਯਮਿਤ ਜਾਂਚ ਨਾ ਕਰਵਾਈ ਜਾਵੇ ਤਾਂ ਇਹ ਬਿਮਾਰੀ ਅਕਸਰ ਬਿਨਾਂ ਪਤਾ ਲੱਗੇ ਹੀ ਅੱਗੇ ਵਧਦੀ ਰਹਿੰਦੀ ਹੈ। ਸ਼ੂਗਰ ਅਤੇ ਉੱਚ ਰਕਤਚਾਪ (ਹਾਈ ਬਲੱਡ ਪ੍ਰੈਸ਼ਰ) ਨਾਲ ਪੀੜਤ ਲੋਕਾਂ ਨੂੰ ਇਸ ਦਾ ਖ਼ਤਰਾ ਖ਼ਾਸ ਤੌਰ 'ਤੇ ਵੱਧ ਹੁੰਦਾ ਹੈ।


ਇਹ ਦੋਵੇਂ ਬਿਮਾਰੀਆਂ ਸਮੇਂ ਦੇ ਨਾਲ ਗੁਰਦਿਆਂ ਦੀਆਂ ਬਾਰੀਕ ਖ਼ੂਨ ਦੀਆਂ ਨਾੜੀਆਂ ਨੂੰ ਨੁਕਸਾਨ ਪਹੁੰਚਾ ਸਕਦੀਆਂ ਹਨ। ਹਾਲਾਂਕਿ ਮਰੀਜ਼ ਅਕਸਰ ਆਪਣੇ ਖ਼ੂਨ ਵਿੱਚ ਸ਼ੂਗਰ ਦੇ ਪੱਧਰ ਜਾਂ ਰਕਤਚਾਪ (ਬਲੱਡ ਪ੍ਰੈਸ਼ਰ) ਨੂੰ ਕੰਟਰੋਲ ਕਰਨ 'ਤੇ ਹੀ ਧਿਆਨ ਦਿੰਦੇ ਹਨ, ਪਰ ਗੁਰਦਿਆਂ ਦੀ ਨਿਯਮਿਤ ਜਾਂਚ ਕਰਵਾਉਣ ਵਿੱਚ ਦੇਰੀ ਹੋ ਜਾਂਦੀ ਹੈ।

ਪੇਂਡੂ ਖੇਤਰਾਂ ਅਤੇ ਘੱਟ ਆਮਦਨ ਵਾਲੇ ਵਰਗਾਂ ਵਿੱਚ ਜਾਂਚ ਦੀਆਂ ਸਹੂਲਤਾਂ, ਜਾਗਰੂਕਤਾ ਅਤੇ ਮਾਹਰ ਡਾਕਟਰਾਂ ਦੀ ਉਪਲਬਧਤਾ ਨਾਲ ਜੁੜੀਆਂ ਸਮੱਸਿਆਵਾਂ ਵੀ ਹਨ। ਇਸ ਕਾਰਨ ਪੇਂਡੂ ਖੇਤਰਾਂ ਵਿੱਚ ਰਹਿਣ ਵਾਲੇ ਲੋਕ ਵੱਧ ਜੋਖ਼ਮ ਦਾ ਸਾਹਮਣਾ ਕਰਦੇ ਹਨ।

ਮਾਹਰਾਂ ਦਾ ਕਹਿਣਾ ਹੈ ਕਿ ਖ਼ੂਨ ਅਤੇ ਪਿਸ਼ਾਬ ਨਾਲ ਜੁੜੇ ਸਧਾਰਨ ਟੈਸਟ ਵੀ ਗੁਰਦਿਆਂ ਦੀ ਕਾਰਗੁਜ਼ਾਰੀ ਬਾਰੇ ਮਹੱਤਵਪੂਰਨ ਜਾਣਕਾਰੀ ਦੇ ਸਕਦੇ ਹਨ। ਹਾਲਾਂਕਿ ਅਜਿਹੇ ਟੈਸਟ ਅਕਸਰ ਲੱਛਣ ਨਜ਼ਰ ਆਉਣ ਤੋਂ ਬਾਅਦ ਹੀ ਕੀਤੇ ਜਾਂਦੇ ਹਨ।

ਇਸ ਲਈ ਜਦੋਂ ਤੱਕ ਬਿਮਾਰੀ ਦਾ ਪਤਾ ਲੱਗ ਪਾਉਂਦਾ ਹੈ, ਕੁਝ ਮਰੀਜ਼ ਗੁਰਦੇ ਫੇਲ੍ਹ ਹੋਣ ਦੀ ਸਥਿਤੀ 'ਚ ਪਹੁੰਚ ਚੁੱਕੇ ਹੁੰਦੇ ਹਨ।

ਇਸੇ ਲਈ ਜਨਤਕ ਸਿਹਤ ਮਾਹਰਾਂ ਦਾ ਮੰਨਣਾ ਹੈ ਕਿ ਸ਼ੂਗਰ, ਹਾਈ ਬਲੱਡ ਪ੍ਰੈਸ਼ਰ ਅਤੇ ਹੋਰ ਜੋਖ਼ਮ ਵਾਲੇ ਕਾਰਕਾਂ ਵਾਲੇ ਲੋਕਾਂ ਦੀ ਨਿਯਮਿਤ ਜਾਂਚ 'ਤੇ ਵੱਧ ਜ਼ੋਰ ਦੇਣ ਦੀ ਲੋੜ ਹੈ।



ਕ੍ਰੋਨਿਕ ਕਿਡਨੀ ਡਿਜ਼ੀਜ਼ ਦੇ ਲੱਛਣ ਕੀ ਹਨ ? ਇਸ ਦਾ ਸਭ ਤੋਂ ਵੱਧ ਖ਼ਤਰਾ ਕਿਸ ਨੂੰ ਹੁੰਦਾ ਹੈ ?

ਕ੍ਰੋਨਿਕ ਕਿਡਨੀ ਡਿਜ਼ੀਜ਼ ਦਾ ਪਤਾ ਅਕਸਰ ਦੇਰ ਨਾਲ ਲੱਗਦਾ ਹੈ, ਅਜਿਹੀ ਸਥਿਤੀ ਵਿੱਚ ਇਹ ਬਿਮਾਰੀ ਜਾਨਲੇਵਾ ਸਾਬਤ ਹੋ ਸਕਦੀ ਹੈ।

ਨਤੀਜੇ ਵਜੋਂ, ਕਈ ਮਰੀਜ਼ਾਂ ਨੂੰ ਡਾਇਲਿਸਿਸ ਜਾਂ ਕਿਡਨੀ ਟਰਾਂਸਪਲਾਂਟ ਦੀ ਲੋੜ ਪੈ ਜਾਂਦੀ ਹੈ। ਜੇਕਰ ਬਿਮਾਰੀ ਦਾ ਸ਼ੁਰੂਆਤੀ ਪੜਾਅ ਵਿੱਚ ਹੀ ਪਤਾ ਲੱਗ ਜਾਵੇ ਅਤੇ ਸਮੇਂ ਸਿਰ ਸਹੀ ਇਲਾਜ ਮਿਲ ਜਾਵੇ ਤਾਂ ਅਜਿਹੇ ਕਈ ਮਾਮਲਿਆਂ ਵਿੱਚ ਡਾਇਲਿਸਿਸ ਜਾਂ ਕਿਡਨੀ ਟਰਾਂਸਪਲਾਂਟ ਦੀ ਲੋੜ ਤੋਂ ਬਚਿਆ ਜਾ ਸਕਦਾ ਹੈ।

ਇਸ ਬਾਰੇ ਹੋਰ ਜਾਣਨ ਲਈ ਅਸੀਂ ਮੁੰਬਈ ਦੇ ਕੋਕਿਲਾਬੇਨ ਧੀਰੂਭਾਈ ਅੰਬਾਨੀ ਹਸਪਤਾਲ ਦੇ ਨੈਫਰੋਲੋਜੀ (ਗੁਰਦਾ ਰੋਗ) ਵਿਭਾਗ ਦੇ ਸਲਾਹਕਾਰ ਡਾ. ਨਿਰੰਜਨ ਕੁਲਕਰਨੀ ਨਾਲ ਗੱਲਬਾਤ ਕੀਤੀ।

ਡਾ. ਕੁਲਕਰਨੀ ਨੇ ਕਿਹਾ, "ਜਦੋਂ ਤੱਕ ਪਹਿਲੇ ਲੱਛਣ ਨਜ਼ਰ ਆਉਂਦੇ ਹਨ, ਉਦੋਂ ਤੱਕ ਗੁਰਦੇ ਆਪਣੀ ਛਾਣਨ (ਫਿਲਟਰ ਕਰਨ) ਦੀ ਸਮਰੱਥਾ ਦਾ ਵੱਡਾ ਹਿੱਸਾ ਗੁਆ ਚੁੱਕੇ ਹੁੰਦੇ ਹਨ। ਸ਼ੁਰੂਆਤੀ ਨੁਕਸਾਨ ਦੇ ਅਕਸਰ ਕੋਈ ਲੱਛਣ ਨਜ਼ਰ ਨਹੀਂ ਆਉਂਦੇ। ਇੱਕ ਅਧਿਐਨ ਵਿੱਚ ਜਾਂਚ ਕੀਤੇ ਗਏ ਲਗਭਗ 17 ਫ਼ੀਸਦੀ ਲੋਕਾਂ ਵਿੱਚ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਨੂੰ ਕੋਈ ਲੱਛਣ ਨਹੀਂ ਸਨ, ਖ਼ੂਨ ਜਾਂ ਪਿਸ਼ਾਬ ਦੀ ਜਾਂਚ ਰਾਹੀਂ ਕ੍ਰੋਨਿਕ ਕਿਡਨੀ ਡਿਜ਼ੀਜ਼ ਦਾ ਪਤਾ ਲੱਗਿਆ। ਜਦੋਂ ਸਰੀਰ ਵਿੱਚ ਸੋਜ, ਸਾਹ ਚੜ੍ਹਨਾ ਜਾਂ ਲਗਾਤਾਰ ਥਕਾਵਟ ਵਰਗੇ ਲੱਛਣ ਦਿਖਾਈ ਦੇਣ ਲੱਗਦੇ ਹਨ, ਉਦੋਂ ਤੱਕ ਗੁਰਦਿਆਂ ਦੀ ਕਾਰਗੁਜ਼ਾਰੀ ਕਾਫ਼ੀ ਹੱਦ ਤੱਕ ਘੱਟ ਹੋ ਚੁੱਕੀ ਹੁੰਦੀ ਹੈ।"

ਆਰਾਮ ਕਰਨ ਤੋਂ ਬਾਅਦ ਵੀ ਥਕਾਵਟ ਦੂਰ ਨਾ ਹੋਣਾ, ਗਿੱਟਿਆਂ, ਪੈਰਾਂ ਜਾਂ ਚਿਹਰੇ 'ਤੇ ਲਗਾਤਾਰ ਸੋਜ ਰਹਿਣਾ, ਝੱਗ ਵਾਲਾ ਜਾਂ ਬੁਲਬੁਲੇਦਾਰ ਪਿਸ਼ਾਬ ਆਉਣਾ, ਖ਼ਾਸ ਕਰਕੇ ਰਾਤ ਸਮੇਂ ਵਾਰ-ਵਾਰ ਪਿਸ਼ਾਬ ਆਉਣਾ, ਭੁੱਖ ਨਾ ਲੱਗਣਾ, ਬੇਚੈਨੀ ਹੋਣਾ, ਮਾਸਪੇਸ਼ੀਆਂ ਵਿੱਚ ਖਿੱਚ ਪੈਣਾ ਅਤੇ ਧਿਆਨ ਕੇਂਦਰਿਤ ਕਰਨ ਵਿੱਚ ਮੁਸ਼ਕਿਲ ਆਉਣਾ, ਇਹ ਸਾਰੇ ਗੁਰਦਿਆਂ ਦੀ ਕਾਰਗੁਜ਼ਾਰੀ ਘੱਟਣ ਦੇ ਸੰਭਾਵੀ ਲੱਛਣ ਹਨ।

ਇਨ੍ਹਾਂ ਵਿੱਚੋਂ ਕਈ ਲੱਛਣ ਅਸਪੱਸ਼ਟ ਹੁੰਦੇ ਹਨ ਅਤੇ ਇਨ੍ਹਾਂ ਨੂੰ ਤਣਾਅ, ਵੱਧਦੀ ਉਮਰ ਜਾਂ ਕਿਸੇ ਹੋਰ ਬਿਮਾਰੀ ਦੇ ਲੱਛਣ ਸਮਝ ਲਿਆ ਜਾ ਸਕਦਾ ਹੈ ਜਿਸ ਕਾਰਨ ਬਿਮਾਰੀ ਦੀ ਪਛਾਣ ਵਿੱਚ ਦੇਰੀ ਹੋ ਸਕਦੀ ਹੈ।

ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਇਸ ਬਿਮਾਰੀ ਦਾ ਸਭ ਤੋਂ ਵੱਧ ਖ਼ਤਰਾ ਕਿਸ ਨੂੰ ਹੁੰਦਾ ਹੈ ਤਾਂ ਡਾ. ਨਿਰੰਜਨ ਕੁਲਕਰਨੀ ਕਹਿੰਦੇ ਹਨ, "ਸ਼ੂਗਰ ਅਤੇ ਹਾਈ ਬਲੱਡ ਪ੍ਰੈਸ਼ਰ ਨਾਲ ਪੀੜਤ ਲੋਕਾਂ ਨੂੰ ਕ੍ਰੋਨਿਕ ਕਿਡਨੀ ਡਿਜ਼ੀਜ਼ ਦਾ ਸਭ ਤੋਂ ਵੱਧ ਖ਼ਤਰਾ ਹੁੰਦਾ ਹੈ। ਭਾਰਤ ਵਿੱਚ ਗੁਰਦੇ ਫੇਲ੍ਹ ਹੋਣ ਦੇ ਜ਼ਿਆਦਾਤਰ ਮਾਮਲੇ ਇਨ੍ਹਾਂ ਦੋ ਕਾਰਨਾਂ ਕਰਕੇ ਹੁੰਦੇ ਹਨ।"

"ਇਸ ਤੋਂ ਇਲਾਵਾ 50 ਸਾਲ ਤੋਂ ਵੱਧ ਉਮਰ ਦੇ ਲੋਕ, ਮੋਟਾਪੇ ਤੋਂ ਪੀੜਤ ਲੋਕ, ਸਿਗਰਟਨੋਸ਼ੀ ਕਰਨ ਵਾਲੇ, ਜਿਨ੍ਹਾਂ ਦੇ ਪਰਿਵਾਰ ਵਿੱਚ ਗੁਰਦੇ ਦੀ ਬਿਮਾਰੀ ਦਾ ਇਤਿਹਾਸ ਰਿਹਾ ਹੋਵੇ, ਲੰਬੇ ਸਮੇਂ ਤੋਂ ਦਰਦ-ਨਿਵਾਰਕ ਦਵਾਈਆਂ 'ਤੇ ਨਿਰਭਰ ਰਹਿਣ ਵਾਲੇ ਲੋਕ ਅਤੇ ਆਟੋਇਮਊਨ ਬਿਮਾਰੀਆਂ, ਵਾਰ-ਵਾਰ ਹੋਣ ਵਾਲੇ ਗੁਰਦੇ ਦੇ ਇਨਫੈਕਸ਼ਨ ਜਾਂ ਗੁਰਦੇ ਦੀ ਪੱਥਰੀ ਨਾਲ ਪੀੜਤ ਲੋਕਾਂ ਨੂੰ ਵੀ ਕ੍ਰੋਨਿਕ ਕਿਡਨੀ ਡਿਜ਼ੀਜ਼ ਹੋਣ ਦਾ ਵੱਧ ਖ਼ਤਰਾ ਹੁੰਦਾ ਹੈ।"

ਜਾਂਚ ਕਦੋਂ ਕਰਵਾਉਣੀ ਚਾਹੀਦੀ ਹੈ ਅਤੇ ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ ?

ਜ਼ਿਆਦਾਤਰ ਡਾਕਟਰ ਸਲਾਹ ਦਿੰਦੇ ਹਨ ਕਿ ਸ਼ੂਗਰ ਜਾਂ ਹਾਈ ਬਲੱਡ ਪ੍ਰੈਸ਼ਰ ਨਾਲ ਪੀੜਤ ਸਾਰੇ ਲੋਕਾਂ ਨੂੰ ਬਿਮਾਰੀ ਦੀ ਪਛਾਣ ਹੋਣ ਤੋਂ ਬਾਅਦ ਤੋਂ ਹੀ ਸਾਲ ਵਿੱਚ ਘੱਟੋ-ਘੱਟ ਇੱਕ ਵਾਰ ਆਪਣੇ ਗੁਰਦਿਆਂ ਦੀ ਜਾਂਚ ਕਰਵਾਉਣੀ ਚਾਹੀਦੀ ਹੈ।

ਪੇਚੀਦਗੀਆਂ ਪੈਦਾ ਹੋਣ ਦੀ ਉਡੀਕ ਕਰਨ ਦੀ ਬਜਾਏ ਸਮੇਂ ਸਿਰ ਜਾਂਚ ਕਰਵਾਉਣਾ ਮਹੱਤਵਪੂਰਨ ਹੈ। ਇਸ ਲਈ ਦੋ ਸਧਾਰਨ ਟੈਸਟ ਕੀਤੇ ਜਾਂਦੇ ਹਨ। ਪਹਿਲਾ, ਖ਼ੂਨ ਦੀ ਜਾਂਚ, ਜਿਸ ਵਿੱਚ ਸੀਰਮ ਕ੍ਰੀਏਟਿਨਿਨ ਦੀ ਮਾਤਰਾ ਮਾਪੀ ਜਾਂਦੀ ਹੈ, ਜਿਸ ਨਾਲ ਗਲੋਮੇਰੂਲਰ ਫਿਲਟ੍ਰੇਸ਼ਨ ਰੇਟ (ਜੀਐਫਆਰ) ਦਾ ਅੰਦਾਜ਼ਾ ਲਗਾਇਆ ਜਾਂਦਾ ਹੈ। ਦੂਜਾ, ਪਿਸ਼ਾਬ ਦੀ ਜਾਂਚ, ਜਿਸ ਵਿੱਚ ਐਲਬਿਊਮਿਨ ਦੀ ਮਾਤਰਾ ਮਾਪੀ ਜਾਂਦੀ ਹੈ।

ਜਿਨ੍ਹਾਂ ਲੋਕਾਂ ਨੂੰ ਪਹਿਲਾਂ ਤੋਂ ਹੀ ਗੁਰਦਿਆਂ ਦੀ ਸਮੱਸਿਆ ਹੈ ਜਾਂ ਜਿਨ੍ਹਾਂ ਦੇ ਖ਼ੂਨ ਵਿੱਚ ਸ਼ੂਗਰ ਦਾ ਪੱਧਰ ਠੀਕ ਤਰ੍ਹਾਂ ਕੰਟਰੋਲ ਵਿੱਚ ਨਹੀਂ ਰਹਿੰਦਾ, ਉਨ੍ਹਾਂ ਨੂੰ ਡਾਕਟਰ ਦੀ ਸਲਾਹ ਅਨੁਸਾਰ ਹੋਰ ਵੱਧ ਵਾਰ ਜਾਂਚ ਕਰਵਾਉਣ ਦੀ ਲੋੜ ਪੈ ਸਕਦੀ ਹੈ।

ਖ਼ੂਨ ਵਿੱਚ ਸ਼ੂਗਰ ਅਤੇ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਵਿੱਚ ਰੱਖਣਾ, ਲੂਣ ਅਤੇ ਪ੍ਰੋਸੈਸਡ ਭੋਜਨ ਦਾ ਘੱਟ ਸੇਵਨ ਕਰਨਾ, ਬਹੁਤ ਜ਼ਿਆਦਾ ਮਾਸ ਖਾਣ ਤੋਂ ਬਚਣਾ, ਲੋੜੀਂਦੀ ਮਾਤਰਾ ਵਿੱਚ ਪਾਣੀ ਪੀਣਾ, ਨਿਯਮਿਤ ਕਸਰਤ ਕਰਨਾ, ਸਿਹਤਮੰਦ ਵਜ਼ਨ ਬਣਾਈ ਰੱਖਣਾ, ਸਿਗਰਟ ਛੱਡਣਾ ਅਤੇ ਸ਼ਰਾਬ ਤੋਂ ਪਰਹੇਜ਼ ਕਰਨਾ, ਗੁਰਦੇ ਦੇ ਨੁਕਸਾਨ ਦੇ ਜ਼ੋਖਮ ਨੂੰ ਘੱਟ ਕਰ ਸਕਦੇ ਹਨ।

ਜੇ ਗੁਰਦਿਆਂ ਦੀ ਬਿਮਾਰੀ ਦੀ ਸ਼ੁਰੂਆਤ ਹੋ ਚੁੱਕੀ ਹੈ ਤਾਂ ਇਹ ਆਦਤਾਂ ਬਿਮਾਰੀ ਦੀ ਰਫ਼ਤਾਰ ਨੂੰ ਹੌਲੀ ਕਰਨ ਵਿੱਚ ਵੀ ਮਦਦਗਾਰ ਹੋ ਸਕਦੀਆਂ ਹਨ। ਬੇਸ਼ੱਕ ਇਹ ਉਪਾਅ ਮੈਡੀਕਲ ਇਲਾਜ ਦਾ ਬਦਲ ਨਹੀਂ ਹਨ। ਫਿਰ ਵੀ, ਗੁਰਦਿਆਂ ਦੀ ਬਿਮਾਰੀ ਦੇ ਖ਼ਤਰੇ ਨੂੰ ਘਟਾਉਣ ਅਤੇ ਗੁਰਦਿਆਂ ਨੂੰ ਤੰਦਰੁਸਤ ਰੱਖਣ ਵਿੱਚ ਇਨ੍ਹਾਂ ਦੀ ਅਹਿਮ ਭੂਮਿਕਾ ਹੈ।

ਕਿਡਨੀ ਨੂੰ ਸਿਹਤਮੰਦ ਰੱਖਣ ਲਈ ਤੁਸੀਂ ਅੱਜ ਤੋਂ ਹੀ ਕਿਹੜੇ 5 ਕਦਮ ਚੁੱਕ ਸਕਦੇ ਹੋ ?

1. ਨਿਯਮਿਤ ਸਿਹਤ ਜਾਂਚ ਕਰਵਾਓ

ਸਧਾਰਨ ਖ਼ੂਨ ਅਤੇ ਪਿਸ਼ਾਬ ਦੀ ਜਾਂਚ ਰਾਹੀਂ ਕਿਡਨੀ ਨੂੰ ਹੋਣ ਵਾਲੇ ਨੁਕਸਾਨ ਦਾ ਪਤਾ ਗੰਭੀਰ ਹੋਣ ਤੋਂ ਪਹਿਲਾਂ ਹੀ ਲਗਾਇਆ ਜਾ ਸਕਦਾ ਹੈ। ਖ਼ਾਸ ਕਰਕੇ 40 ਸਾਲ ਦੀ ਉਮਰ ਤੋਂ ਬਾਅਦ ਜਾਂ ਜੇ ਤੁਹਾਡੇ ਪਰਿਵਾਰ ਵਿੱਚ ਸ਼ੂਗਰ, ਹਾਈ ਬਲੱਡ ਪ੍ਰੈਸ਼ਰ ਜਾਂ ਕਿਡਨੀ ਦੀ ਬਿਮਾਰੀ ਦਾ ਇਤਿਹਾਸ ਹੈ ਤਾਂ ਹਰ ਸਾਲ ਬਲੱਡ ਪ੍ਰੈਸ਼ਰ, ਬਲੱਡ ਸ਼ੂਗਰ ਅਤੇ ਕਿਡਨੀ ਦੀ ਕਾਰਗੁਜ਼ਾਰੀ ਦੀ ਜਾਂਚ ਜ਼ਰੂਰ ਕਰਵਾਉਣੀ ਚਾਹੀਦੀ ਹੈ।

2. ਬਲੱਡ ਪ੍ਰੈਸ਼ਰ ਅਤੇ ਬਲੱਡ ਸ਼ੂਗਰ ਨੂੰ ਕਾਬੂ ਵਿੱਚ ਰੱਖੋ

ਜੇ ਤੁਹਾਨੂੰ ਸ਼ੂਗਰ ਜਾਂ ਹਾਈ ਬਲੱਡ ਪ੍ਰੈਸ਼ਰ ਹੋਣ ਦਾ ਪਤਾ ਲੱਗਾ ਹੈ ਤਾਂ ਡਾਕਟਰ ਦੀ ਸਲਾਹ ਅਨੁਸਾਰ ਇਸ ਨੂੰ ਕੰਟਰੋਲ ਵਿੱਚ ਰੱਖਣਾ ਬਹੁਤ ਜ਼ਰੂਰੀ ਹੈ। ਕਿਡਨੀ ਦੇ ਨੁਕਸਾਨ ਨੂੰ ਰੋਕਣ ਦਾ ਇਹ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ ਮੰਨਿਆ ਜਾਂਦਾ ਹੈ।

3. ਆਪਣੀ ਖੁਰਾਕ ਦਾ ਧਿਆਨ ਰੱਖੋ ਅਤੇ ਲੋੜੀਂਦੀ ਮਾਤਰਾ ਵਿੱਚ ਪਾਣੀ ਪੀਓ

ਨਮਕ ਦਾ ਸੇਵਨ ਸੀਮਿਤ ਕਰੋ, ਸੰਤੁਲਿਤ ਖੁਰਾਕ ਲਓ ਅਤੇ ਲੋੜ ਅਨੁਸਾਰ ਪਾਣੀ ਪੀਓ। ਸਿਹਤਮੰਦ ਖੁਰਾਕ ਕਿਡਨੀਆਂ 'ਤੇ ਪੈਣ ਵਾਲਾ ਵਾਧੂ ਬੋਝ ਘਟਾਉਂਦੀ ਹੈ।

4. ਦਰਦ ਨਿਵਾਰਕ ਦਵਾਈਆਂ ਅਤੇ ਸਪਲੀਮੈਂਟਸ ਦੀ ਬੇਲੋੜੀ ਵਰਤੋਂ ਤੋਂ ਬਚੋ

ਡਾਕਟਰ ਦੀ ਸਲਾਹ ਤੋਂ ਬਿਨਾਂ ਲੰਬੇ ਸਮੇਂ ਤੱਕ ਦਰਦ ਨਿਵਾਰਕ ਦਵਾਈਆਂ ਲੈਣਾ ਜਾਂ ਅਪ੍ਰਮਾਣਿਤ ਸਪਲੀਮੈਂਟਸ ਅਤੇ ਹਰਬਲ ਉਤਪਾਦ ਵਰਤਣਾ ਕਿਡਨੀ ਲਈ ਨੁਕਸਾਨਦਾਇਕ ਹੋ ਸਕਦਾ ਹੈ। ਆਪਣੇ ਆਪ ਕੋਈ ਫੈਸਲਾ ਨਾ ਲਓ ਅਤੇ ਸੁਣੀ-ਸੁਣਾਈ ਗੱਲਾਂ 'ਤੇ ਭਰੋਸਾ ਨਾ ਕਰੋ।


5. ਨਿਯਮਿਤ ਕਸਰਤ ਕਰੋ ਅਤੇ ਨਸ਼ਿਆਂ ਤੋਂ ਦੂਰ ਰਹੋ

ਸਰੀਰਕ ਤੌਰ 'ਤੇ ਸਰਗਰਮ ਰਹਿਣਾ, ਸਿਹਤਮੰਦ ਵਜ਼ਨ ਬਣਾਈ ਰੱਖਣਾ, ਸਿਗਰਟ ਪੀਣ ਤੋਂ ਬਚਣਾ ਅਤੇ ਸ਼ਰਾਬ ਤੋਂ ਪਰਹੇਜ਼ ਕਰਨਾ ਕਿਡਨੀ ਸਮੇਤ ਸਮੁੱਚੀ ਸਿਹਤ ਲਈ ਫ਼ਾਇਦੇਮੰਦ ਹੈ।

ਜੇ ਤੁਸੀਂ ਆਪਣੀ ਜੀਵਨਸ਼ੈਲੀ, ਖੁਰਾਕ, ਦਵਾਈ ਜਾਂ ਕਸਰਤ ਵਿੱਚ ਕੋਈ ਵੱਡਾ ਬਦਲਾਅ ਕਰਨਾ ਚਾਹੁੰਦੇ ਹੋ ਤਾਂ ਡਾਕਟਰ ਅਤੇ ਯੋਗ ਮਾਹਿਰ ਦੀ ਸਲਾਹ ਮਹੱਤਵਪੂਰਨ ਹੈ।

ਬਿਹਤਰ ਇਹੀ ਹੋਵੇਗਾ ਕਿ ਤੁਸੀਂ ਆਪਣੇ ਸਰੀਰ ਅਤੇ ਲੱਛਣਾਂ ਦੀ ਡਾਕਟਰ ਤੋਂ ਸਹੀ ਜਾਂਚ ਕਰਵਾਓ ਅਤੇ ਉਨ੍ਹਾਂ ਦੀ ਸਲਾਹ ਅਨੁਸਾਰ ਹੀ ਜੀਵਨਸ਼ੈਲੀ ਵਿੱਚ ਬਦਲਾਅ ਕਰੋ। ਡਾਕਟਰ ਨਾਲ ਸਲਾਹ ਕੀਤੇ ਬਿਨਾਂ ਆਪਣੇ ਆਪ ਇਲਾਜ ਕਰਨਾ ਖ਼ਤਰਨਾਕ ਹੋ ਸਕਦਾ ਹੈ।


STAR STAGE PRODUCTIONS
STAR STAGE PRODUCTIONS AND GREEN JADE ENTERTAINMENTS
PRESENTS
GREEN JADE ENTERTAINMENTS
LIVE IN CONCERT
NEERAJ Shridhar
Bombay Vikings
BUY TICKET
DOORS OPEN
7:30PM
VANCOUVER
BELL PERFORMING ARTS CENTRE
6250 144TH ST. SURREY, BC
FRIDAY 31ST JULY 2026
TICKET AVAILABLE AT BELLPERFORMINGARTSCENTRE.COM
FOR SPONSORSHIP & DETAILS
ROCK JASWAL
587-999-3688
KAM
403-619-5566
NEO
403-827-2491



# ਸਭਿਆਚਾਰ



## ਬੱਚਿਆਂ ਅਤੇ ਮਾਂ-ਬਾਪ ਵਿੱਚ ਵਧਦਾ ਭਾਵਨਾਤਮਕ ਵਖਰੇਵਾਂ

-ਡਾ. ਵਰਿੰਦਰ ਭਾਟੀਆ



ਬਾਲੀਵੁੱਡ ਦਾ 23 ਜੂਨ ਨੂੰ ਹੋਇਆ ਇੱਕ ਹਾਈ-ਪ੍ਰੋਫਾਈਲ ਵਿਆਹ ਸੋਸ਼ਲ ਮੀਡੀਆ ਉੱਤੇ ਸੁਰਖੀਆਂ ਵਿੱਚ ਹੈ। ਦੇਸ਼ ਦੇ ਕਾਨੂੰਨ ਦੇ ਘੇਰੇ ਵਿੱਚ ਹੋਇਆ ਇਹ ਵਿਆਹ ਕਈ ਕਾਰਨਾਂ ਤੋਂ ਚਰਚਾ ਵਿੱਚ ਆਇਆ ਹੈ, ਇਸ ਵਿੱਚ ਇੱਕ ਸਵਾਲ ਵਿਆਹ ਕਰਨ ਵਾਲਿਆਂ ਵੱਲੋਂ ਮਾਂ-ਬਾਪ ਦੀਆਂ ਭਾਵਨਾਵਾਂ ਦਾ ਸਨਮਾਨ ਅਤੇ ਸਹਿਮਤੀ ਉੱਤੇ ਸ਼ੱਕ ਵੀ ਹੈ।

ਅਸੀਂ ਇਸ ਤੋਂ ਥੋੜ੍ਹਾ ਅੱਗੇ ਸੋਚੀਏ ਤਾਂ ਅਸੀਂ ਪੂਰੇ ਦੇਸ਼ ਵਿੱਚ ਦੇਖਾਂਗੇ ਕਿ ਅੱਜਕੱਲ੍ਹ ਬੱਚਿਆਂ ਵੱਲੋਂ ਮਾਂ-ਬਾਪ ਦੀ ਗੱਲ ਨਾ ਮੰਨਣੀ ਤੇ ਭਾਵਨਾਵਾਂ ਦਾ ਹਰ ਦੂਜੇ ਬਿੰਦੂ ਉੱਤੇ ਘਾਣ ਕਰਨਾ ਇੰਨਾ ਵੱਧ ਉਪਰ ਜਾ ਚੁੱਕਾ ਹੈ ਕਿ ਕਈ ਮਾਂ-ਬਾਪ ਇਹ ਕਹਿਣ ਉੱਤੇ ਮਜ਼ਬੂਰ ਹਨ ਕਿ ਇਸ ਤੋਂ ਚੰਗਾ ਅਸੀਂ ਤੈਨੂੰ ਭਾਵ ਬੱਚਿਆਂ ਨੂੰ ਪੈਦਾ ਨਾ ਕੀਤਾ ਹੁੰਦਾ। ਭਾਰਤੀ ਸੱਭਿਆਚਾਰ ਦੇ ਵਿਰੋਧਾਭਾਸ ਦੇ ਰੂਪ ਵਿੱਚ ਉਭਰ ਰਹੀਆਂ ਅਜਿਹੀਆਂ ਸਥਿਤੀਆਂ ਕਿਉਂ ਵੱਧ ਰਹੀਆਂ ਹਨ, ਇਸ ਉੱਤੇ ਸਾਨੂੰ ਮੰਥਨ ਕਰਨਾ ਚਾਹੀਦਾ ਹੈ।

ਬੱਚਿਆਂ ਅਤੇ ਮਾਂ-ਬਾਪ ਵਿਚਾਲੇ ਭਾਵਨਾਤਮ ਵਖਰੇਵੇਂ ਦਾ ਕਾਰਨ ਗੱਲਬਾਤ ਦੀ ਘਾਟ ਵੀ ਹੈ ਤੇ ਜਿੱਥੇ ਗੱਲਬਾਤ ਹੈ ਵੀ ਉਥੇ ਢੰਗ ਬਦਲ ਗਏ ਹਨ। ਸਿੱਧੀ ਗੱਲਬਾਤ ਦੀ ਥਾਂ ਅਸਿੱਧੀ ਗੱਲਬਾਤ ਵੱਧ ਹੁੰਦੀ ਹੈ। ਸਮੇਂ ਦੀ ਘਾਟ ਜਾਂ ਹੋਰ ਕਈ ਕਾਰਨਾਂ ਕਰਕੇ ਬੱਚੇ ਅਤੇ ਮਾਤਾ-ਪਿਤਾ ਵਿਚਾਲੇ ਆਹਮੋ-ਸਾਹਮਣੇ ਗੱਲਬਾਤ ਨਾ ਹੋ ਕੇ ਫੋਨ ਜਾਂ ਸੋਸ਼ਲ ਮੀਡੀਆ ਰਾਹੀਂ ਹੁੰਦੀ ਹੈ। ਇਸ ਨਾਲ ਭਾਵਨਾਤਮਕ ਵਖਰੇਵਾਂ ਹੁੰਦਾ ਹੈ। ਅੱਜ ਵੀ ਕੁਝ ਪਰਵਾਰਾਂ ਵਿੱਚ ਮਾਤਾ-ਪਿਤਾ ਅਤੇ ਬੱਚੇ ਇਕੱਠੇ ਬੈਠ ਕੇ ਆਹਮੋ-ਸਾਹਮਣੇ ਗੱਲਬਾਤ ਕਰਦੇ ਹਨ ਪਰ ਅਜਿਹੇ ਪਰਵਾਰਾਂ ਦੀ ਗਿਣਤੀ ਬੜੀ ਘੱਟ ਹੈ। ਕਿਸੇ ਵੀ ਰਿਸ਼ਤੇ ਵਿੱਚ ਬਦਲਾਅ ਦੇ ਪਿੱਛੇ ਕਦੀ ਵੀ ਇੱਕ ਧਿਰ ਮੁਕੰਮਲ ਤੌਰ ਉੱਤੇ ਜ਼ਿੰਮੇਵਾਰ ਨਹੀਂ ਹੋ ਸਕਦੀ ਕਿਉਂਕਿ ਇੱਕ ਹੱਥ ਨਾਲ ਕਦੀ ਤਾੜੀ ਨਹੀਂ ਵੱਜ ਸਕਦੀ। ਬੱਚਿਆਂ ਦੇ ਨਾਲ ਰਿਸ਼ਤਿਆਂ ਵਿੱਚ ਬਦਲਾਅ ਦੇ ਪਿੱਛੇ ਪਰਵਾਰ ਤੇ ਮਾਤਾ-ਪਿਤਾ ਦਾ ਵੀ ਕਾਫ਼ੀ ਹੱਦ ਤੱਕ ਆਪਣਾ ਯੋਗਦਾਨ ਹੈ।

ਮਨੋਵਿਗਿਆਨੀ ਕਹਿੰਦੇ ਹਨ ਕਿ ਬਹੁਤੇ ਸਾਰੇ ਕਾਰਨ ਅਜਿਹੇ ਹਨ ਜਿਨ੍ਹਾਂ ਵਿੱਚ ਪਰਵਾਰ ਅਤੇ ਮਾਤਾ-ਪਿਤਾ ਦਾ ਸਿੱਧੇ ਜਾਂ ਅਸਿੱਧੇ ਤੌਰ ਉੱਤੇ ਦੋਸ਼ ਹੁੰਦਾ ਹੈ। ਕਈ ਉਦਾਹਰਣਾਂ ਸਾਡੇ ਸਾਹਮਣੇ ਹਨ ਜਿਵੇਂ ਕਿ ਬੱਚਿਆਂ ਉੱਤੇ ਹੱਦੋਂ ਵੱਧ ਪਿਆਰ ਦਰਸਾਉਣਾ ਜਿਸ ਨਾਲ ਕਿ ਉਹ ਕਦੀ ਵੀ ਜ਼ਿੰਦਗੀ ਦੀਆਂ ਅਸਲੀਅਤਾਂ ਨੂੰ ਸਮਝ ਹੀ ਨਹੀਂ ਸਕਦੇ ਅਤੇ ਜ਼ਿੰਦਗੀ ਦੇ ਜਵਾਨੀ ਦੇ ਦੌਰ ਵਿੱਚ ਉਨ੍ਹਾਂ ਨੂੰ ਸਮਾਜ ਤੇ ਪਰਵਾਰ ਵਿੱਚ ਐਡਜਸਟ ਹੋਣ ਵਿੱਚ ਦਿੱਕਤ ਆਉਂਦੀ ਹੈ। ਬੱਚਿਆਂ ਨਾਲ ਪਿਆਰ ਤਾਂ ਕਰਨਾ ਪਰ ਉਸ ਨੂੰ ਦਰਸਾ ਨਾ ਸਕਣਾ ਜਿਸ ਨਾਲ ਕਿ ਬੱਚੇ ਨੂੰ ਜ਼ਿੰਦਗੀ ਭਰ ਇਹ ਮਹਿਸੂਸ ਹੁੰਦਾ ਹੈ ਕਿ ਮੇਰੇ ਮਾਤਾ-ਪਿਤਾ ਮੈਨੂੰ ਪਿਆਰ ਨਹੀਂ ਕਰਦੇ ਜਾਂ ਬੜਾ ਘੱਟ ਕਰਦੇ ਹਨ ਅਤੇ ਉਸ ਪਿਆਰ ਨੂੰ ਉਹ ਬਾਹਰ ਯਾਰਾਂ-ਦੋਸਤਾਂ ਜਾਂ ਬਾਹਰ ਵਾਲਿਆਂ ਵਿੱਚੋਂ ਲੱਭਣ ਦੀ ਕੋਸ਼ਿਸ਼ ਕਰਦਾ ਹੈ ਤੇ ਬਾਹਰੀ ਲੋਕ ਉਸ ਦਾ ਫਾਇਦਾ ਹੀ ਉਠਾਉਂਦੇ ਹਨ। ਬੱਚਿਆਂ ਉੱਤੇ ਆਪਣੇ ਸੁਪਨੇ ਥੋਪਣਾ, ਬਹੁਤ ਜ਼ਿਆਦਾ ਆਸਾਂ ਰੱਖਣੀਆਂ, ਬੱਚਿਆਂ ਨਾਲ ਵਿਤਕਰਾ ਕਰਨਾ, ਪਰਵਾਰ ਵਿੱਚ ਘਰੇਲੂ ਕਲੇਸ਼ ਰੱਖਣਾ, ਘਰ ਦਾ ਵਾਤਾਵਰਣ ਸਹੀ ਨਾ ਰੱਖਣਾ, ਬੜਾ ਘੁੱਟਣ ਭਰਿਆ ਮਾਹੌਲ ਰੱਖਣਾ ਜਾਂ ਥੋਪਿਆ ਹੋਇਆ ਮਾਹੌਲ, ਰੂੜੀਵਾਦੀ ਹੋਣਾ, ਸਮੇਂ ਨਾਲ ਬਦਲਾਅ ਨਾ ਕਰ ਸਕਣਾ, ਦਿਖਾਵੇ ਦੀ ਬੜੀ ਜ਼ਿਆਦਾ ਭਾਵਨਾ ਰੱਖਣਾ, ਦੂਜਿਆਂ ਨੂੰ ਨੀਵਾਂ ਦਿਖਾਉਣਾ ਜਾਂ ਕਮਜ਼ੋਰ ਸਾਬਤ ਕਰਨਾ ਅਤੇ ਹਮੇਸ਼ਾ ਖੁਦ ਨੂੰ ਸਭ ਤੋਂ ਵਧੀਆ ਸਾਬਤ ਕਰਨਾ, ਹਮੇਸ਼ਾ ਆਪਣੇ ਪਰਵਾਰ ਦੇ ਪੁਰਾਣੇ ਇਤਿਹਾਸ ਦੀਆਂ ਹੀ ਗੱਲਾਂ ਕਰਦੇ ਰਹਿਣਾ, ਫੈਸਲਿਆਂ ਵਿੱਚ ਪੂਰੇ ਪਰਵਾਰ ਨੂੰ ਸ਼ਾਮਲ ਨਾ ਕਰਨਾ ਅਤੇ ਰਾਏ ਨਾ ਲੈਣਾ, ਖੁਦ ਉਦਾਹਰਣ ਨਾ ਬਣ ਕੇ ਹਮੇਸ਼ਾ ਦੂਸਰਿਆਂ ਦੀਆਂ ਉਦਾਹਰਣਾਂ ਦਿੰਦੇ ਰਹਿਣ ਆਦਿ ਵਖਰੇਵੇਂ ਦੇ ਕਾਰਨ ਹੋ ਸਕਦੇ ਹਨ।

ਇਹ ਤਾਂ ਗੱਲ ਹੈ ਬੱਚਿਆਂ ਦੇ ਭਾਵਨਾਤਮ ਵਖਰੇਵੇਂ ਦੇ ਕੁਝ ਕਾਰਨਾਂ ਦੀ, ਦੂਜੇ ਪਾਸੇ ਬੱਚਿਆਂ ਵੱਲੋਂ, ਖਾਸ ਤੌਰ ਉੱਤੇ ਇਸ਼ਕ-ਮੁਸ਼ਕ ਵਿੱਚ ਮਸਤ ਜਵਾਨ ਬੱਚੇ ਸਿਰਫ਼ ਆਪਣੇ ਲਵਰ ਦੀ ਪ੍ਰਵਾਹ ਕਰਦੇ ਹਨ। ਇੱਕ ਬਾਹਰੀ ਇਨਸਾਨ ਪਿਆਰ ਕਰਦਾ ਹੈ, ਉਸ ਦੀ ਪ੍ਰਵਾਹ ਹੈ ਪਰ ਇੰਨਾ ਵਿਰੋਧਭਾਸ ਕਿ ਮਾਂ-ਬਾਪ ਦੇ ਪਿਆਰ ਦੀ ਪ੍ਰਵਾਹ ਨਹੀਂ ਹੈ। ਇੱਕ-ਦੂਜੇ ਲਈ ਖੁਦਕੁਸ਼ੀ ਕਰ ਲੈਣਗੇ ਪਰ ਇਹ ਨਹੀਂ ਸੋਚਦੇ ਜਿਨ੍ਹਾਂ ਨੇ ਇੰਨੇ ਪਿਆਰ ਨਾਲ ਉਨ੍ਹਾਂ ਨੂੰ ਪਾਲ ਕੇ ਵੱਡਾ ਕੀਤਾ ਹੈ, ਉਨ੍ਹਾਂ ਦੇ ਦਿਲ ਉੱਤੇ ਕੀ ਬੀਤੇਗੀ, ਇਹ ਭਾਵਨਾਵਾਂ ਕਿਉਂ ਖਤਮ ਹੁੰਦੀਆਂ ਜਾਂਦੀਆਂ ਹਨ, ਸ਼ਾਇਦ ਸਿੱਖਿਆ ਪ੍ਰਣਾਲੀ ਵੀ ਇਸ ਦੇ ਲਈ ਕਿਤੇ ਨਾ ਕਿਤੇ ਜ਼ਿੰਮੇਵਾਰ ਹੈ, ਜੋ ਸਾਨੂੰ ਭੌਤਿਕ ਤਰੱਕੀ ਦੇ ਇਲਾਵਾ ਕੁਝ ਸਿਖਾ ਹੀ ਨਹੀਂ ਰਹੀ ਹੈ।

ਇਸ ਬਿੰਦੂ ਨੂੰ, ਬੱਚਿਆਂ ਦੀ ਐਨਕ ਨਾਲ ਵਿਚਾਰੀਏ ਤਾਂ ਸਾਹਮਣੇ ਆਵੇਗਾ ਕਿ ਜੇਕਰ ਭਾਵਨਾਤਮਕ ਤੌਰ ਉੱਤੇ ਮਾਤਾ-ਪਿਤਾ ਬੱਚਿਆਂ ਦੀ ਅਣਦੇਖੀ ਕਰਦੇ ਹਨ ਤਾਂ ਬੱਚੇ ਅੰਦਰੋਂ ਟੁੱਟ ਜਾਂਦੇ ਹਨ ਕਿਉਂਕਿ ਬੱਚਿਆਂ ਵਿੱਚ ਇੱਕ ਗੱਲ ਆਮ ਹੁੰਦੀ ਹੈ ਕਿ ਉਹ ਮਾਤਾ-ਪਿਤਾ ਉਨ੍ਹਾਂ ਦੀ ਅਣਦੇਖੀ ਕਰਨ ਤਾਂ ਉਸ ਬੱਚੇ ਵਿੱਚ ਮਾਨਸਿਕ ਤੌਰ ਉੱਤੇ ਕਈ ਵਿਗਾੜ ਸਾਹਮਣੇ ਆਉਣ ਲੱਗਦੇ ਹਨ ਕਿਉਂਕਿ ਅਜੇ ਉਹ ਬੱਚਾ ਹੈ। ਉਸ ਵਿੱਚ ਕੁਝ ਵੀ ਸਮਝ ਨਹੀਂ ਹੁੰਦੀ, ਕੀ ਚੰਗਾ ਹੈ, ਕੀ ਬੁਰਾ ਹੈ, ਕੀ ਕਰਨਾ ਚਾਹੀਦਾ ਹੈ। ਕੀ ਨਹੀਂ ਕਰਨਾ ਚਾਹੀਦਾ ਪਰ ਉਹ ਅਣਦੇਖੀ ਹੋਣ ਕਰਕੇ ਆਪਣੀ ਮਨਮਾਨੀ ਸ਼ੁਰੂ ਕਰ ਦਿੰਦਾ ਹੈ ਜਾਂ ਫਿਰ ਗੁੰਮਸੁੰਮ ਹੋ ਜਾਂਦਾ ਹੈ ਜੋ ਕਿ ਦੋਵੇਂ ਇੱਕ ਬੱਚੇ ਦੇ ਵਿਕਾਸ ਲਈ ਖਤਰਨਾਕ ਹਨ।

ਬੱਚਿਆਂ ਲਈ ਸਭ ਤੋਂ ਵੱਧ ਜ਼ਰੂਰੀ ਹੈ ਮਾਨਸਿਕ ਸਹਾਰਾ ਅਤੇ ਭਾਵਨਾਤਮਕ ਤੌਰ ਉੱਤੇ ਮਜ਼ਬੂਤ ਬਣਾਉਣਾ ਪਰ ਇਹ ਚੀਜ਼ਾਂ ਜੇ ਨਾ ਮਿਲਦੀਆਂ ਹੋਣ ਤਾਂ ਅੰਦਰੋਂ ਖਾਲੀ ਹੋ ਜਾਂਦਾ ਹੈ ਤੇ ਇਹ ਖਾਲੀਪਨ ਭਰਨ ਲਈ ਗਲਤ ਲੋਕਾਂ ਦਾ ਸਾਥ ਵੀ ਫੜ ਸਕਦਾ ਜਾਂ ਗਲਤ ਲੋਕਾਂ ਦੀ ਚੋਣ ਕਰ ਸਕਦਾ ਹੈ ਜਾਂ ਫਿਰ ਗਲਤ ਕੰਮਾਂ ਵਿੱਚ ਖੁਦ ਨੂੰ ਸ਼ਾਮਲ ਕਰ ਸਕਦਾ ਜਾਂ ਨਸ਼ੇ ਦਾ ਆਦੀ ਹੋ ਸਕਦਾ ਹੈ। ਖਾਸ ਕਰ ਕੇ ਬੱਚੇ ਨੂੰ ਭਾਵਨਾਤਮਕ ਤੌਰ ਉੱਤੇ ਹਮੇਸ਼ਾ ਮਜ਼ਬੂਤ ਬਣਾਉਣਾ ਚਾਹੀਦਾ ਹੈ। ਜੇ ਉਸ ਵਿੱਚ ਸਿਆਣਪ ਦੀ ਘਾਟ ਹੋਈ ਹੋਵੇ ਤਾਂ ਵੀ ਸਮਾਜ ਵਿੱਚ ਆਪਣੇ ਆਪ ਨੂੰ ਸਮਾਯੋਜਿਤ ਕਰ ਲਵੇਗਾ ਪਰ ਜੇ ਭਾਵਨਾਤਮਕ ਤੌਰ ਉੱਤੇ ਕਮਜ਼ੋਰ ਹੋ ਗਿਆ ਤਾਂ ਸਿਆਣਪ ਹੁੰਦੇ ਹੋਏ ਵੀ ਸਮਾਜ ਨਾਲੋਂ ਟੁੱਟ ਕੇ ਰਹਿ ਜਾਂਦਾ ਹੈ।

## ਲੋਕ-ਬੋਲੀਆਂ ਦਾ ਧਾਰਮਿਕ ਆਗਾਜ਼

-ਭੋਲਾ ਸਿੰਘ ਸ਼ਮੀਰੀਆ



ਲੋਕ-ਬੋਲੀਆਂ ਦਾ ਸਬੰਧ ਸਾਡੇ ਵਲਵਲਿਆਂ, ਚਾਵਾਂ, ਖ਼ੁਸ਼ੀਆਂ ਅਤੇ ਧੜਕਦੇ ਜਜ਼ਬਾਤਾਂ ਨਾਲ ਹੈ। ਸਮਾਜ ਦੀ ਹਰ ਖ਼ੁਸ਼ੀ ਦਿਲ ਦੀ ਸੰਗੀਤਕ ਲਹਿਰ ਰਾਹੀਂ ਬੁੱਲ੍ਹਾਂ 'ਤੇ ਤਰੰਨੁਮ ਬਣ ਕੇ ਪੈਰਾਂ ਦੀ ਤਾਲ ਨਾਲ ਇੱਕ ਨਾਚ ਬਣ ਕੇ ਪੱਸਰ ਜਾਂਦੀ ਹੈ। ਜਿਸ ਨੂੰ ਅਸੀਂ ਸੁਧਰੀ ਭਾਸ਼ਾ ਵਿੱਚ ਨਾਚ ਕਹਿ ਦਿੰਦੇ ਹਾਂ। ਫਿਰ ਇਹ ਨਾਚ ਨੇਮਾਂ 'ਚ ਬੱਝਦਾ ਹੋਇਆ ਇੱਕ ਸੰਵਿਧਾਨਕ ਰੂਪ ਅਖ਼ਤਿਆਰ ਕਰਕੇ ਸਟੇਜਾਂ 'ਤੇ ਆ ਚੜ੍ਹਦਾ ਹੈ।

ਮਨੁੱਖ ਦੇ ਅੰਦਰੋਂ ਲੋਕ-ਬੋਲੀਆਂ ਅੰਗੜਾਈਆਂ ਲੈਂਦੀਆਂ ਹਨ। ਅੰਦਰੋਂ ਉੱਠੀ ਇਹ ਅੰਗੜਾਈ ਬੁੱਲ੍ਹਾਂ ਦੀ ਸੀਮਾ ਲੰਘਣ ਤੋਂ ਪਹਿਲਾਂ ਮਨੁੱਖੀ ਮੁਦਰਾਵਾਂ ਨੂੰ ਵੀ ਆਪਣੇ ਕਲਾਵੇ ਵਿੱਚ ਲੈ ਲੈਂਦੀ ਹੈ। ਚਿਹਰੇ ਦੇ ਹਾਵ-ਭਾਵ, ਅੱਖਾਂ, ਹੱਥਾਂ ਤੇ ਪੈਰਾਂ ਦੀ ਤਾਲ ਦੇ ਸੰਗ ਪ੍ਰਵਾਨ ਚੜ੍ਹਦੀ ਹੈ। ਮੁੱਢ-ਕਦੀਮੋਂ ਭਾਰਤੀ ਸੰਸਕ੍ਰਿਤੀ ਦੀ ਮਾਨਸਿਕਤਾ ਧਾਰਮਿਕ ਰੰਗਤ ਵਾਲੀ ਰਹੀ ਹੈ। ਅਸੀਂ ਹਰ ਸ਼ੁਭ ਕਾਰਜ ਕਰਨ ਤੋਂ ਪਹਿਲਾਂ ਰੱਬ ਦੀ ਬੰਦਗੀ ਜਾਂ ਅਰਾਧਨਾ ਕਰਕੇ ਉਸ ਕਾਰਜ ਦੀ ਸੰਪੂਰਨਤਾ ਅਤੇ ਸਲਾਮਤੀ ਲੋਚਦੇ ਹਾਂ। ਇਸ ਤੱਥ ਦੀ ਗੁਰਬਾਣੀ ਵੀ ਤਰਜ਼ਮਾਨੀ ਕਰਦੀ ਹੈ;

ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ।
ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ॥

ਜਦੋਂ ਨਾਚ ਨੇਮਬੱਧ ਹੋ ਗਿਆ ਤਾਂ ਇਸ ਦੇ ਨਿਭਾਅ ਲਈ ਵੀ ਮਾਪਦੰਡ ਬਣ ਗਏ। ਬੋਲੀ ਦੀ ਭਾਵਨਾ ਅਨੁਸਾਰ ਮਨੁੱਖੀ ਮੁਦਰਾਵਾਂ ਨੂੰ ਢਾਲਣਾਕਲਾਤਮਕ ਕਿਰਿਆ ਬਣ ਗਈ। ਇਸ ਕਲਾ ਨੂੰ ਨਿਭਾਉਣ ਲਈ ਕਲਾਕਾਰ ਆਪਣੇ ਇਸ਼ਟ ਜਾਂ ਦੇਵੀ ਦੇਵਤਿਆਂ ਦੀ ਅਰਾਧਨਾ ਕਰਦਾ ਹੈ। ਇਸ ਤਰ੍ਹਾਂ ਲੋਕ-ਬੋਲੀਆਂ ਵਿੱਚ ਦੇਵੀ-ਦੇਵਤਿਆਂ ਦੀ ਅਰਾਧਨਾ ਕਰਨੀ ਇੱਕ ਕਲਾਕਾਰ ਦਾ ਧਰਮ ਬਣ ਜਾਂਦਾ ਹੈ। ਆਪਣੀ ਕਲਾ ਦੀ ਸੰਪੂਰਨਤਾ ਲਈ ਕਲਾਕਾਰ ਆਪਣੀ ਵੰਨਗੀ ਪੇਸ਼ ਕਰਨ ਤੋਂ ਪਹਿਲਾਂ ਆਪਣੇ ਇਸ਼ਟ ਜਾਂ ਦੇਵੀ ਦੇਵਤਿਆਂ ਨੂੰ ਪਹਿਲੀ ਬੋਲੀ ਰਾਹੀਂ ਧਿਆਉਂਦਾ ਹੈ ਤਾਂ ਕਿ ਉਸ ਦੀ ਕਲਾਤਮਕ ਬਿਰਤੀ ਭੰਗ ਨਾ ਹੋਵੇ। ਕਿਸੇ ਵਿਆਹ ਵਿੱਚ ਜੁੜੀਆਂ ਹੋਈਆਂ ਮੇਲਣਾਂ ਜਾਂ ਕੁੜੀਆਂ ਵੀ ਗਿੱਧਾ ਸ਼ੁਰੂ ਕਰਨ ਤੋਂ ਪਹਿਲਾਂ ਇਹ ਬੋਲੀ ਉਚਾਰਦੀਆਂ ਹਨ;

ਆਵੀਂ ਬਾਬਾ ਨਾਨਕਾ, ਤੂੰ ਜਾਵੀਂ ਬਾਬਾ ਨਾਨਕਾ,
ਏਹੋ ਜਿਹੀਆਂ ਖ਼ੁਸ਼ੀਆਂ ਲਿਆਈਂ ਬਾਬਾ ਨਾਨਕਾ।

ਇਸ ਤਰ੍ਹਾਂ ਧਾਰਮਿਕ ਰੰਗਤ ਤੋਂ ਬਾਅਦ ਫਿਰ ਗਿੱਧਾ ਆਪਣੇ ਅਸਲੀ ਰੂਪ ਵਿੱਚ ਨਿੱਖਰਦਾ ਹੋਇਆ ਮੇਲਣਾਂ ਨੂੰ ਵੰਗਾਰਨ ਤੱਕ ਆ ਖੜ੍ਹਦਾ ਹੈ;

ਏਹਨੇ ਕੀ ਨੱਚਣਾ, ਗੋਡਿਆਂ ਕੋਲੋਂ ਮੋਟੀ।

ਨਾਨਕੇ ਮੇਲ ਵਿੱਚ ਆਈਆਂ ਮੇਲਣਾਂ ਛੱਜ ਨੂੰ ਤੋੜਨ ਦੀ ਰਸਮ ਅਦਾ ਕਰਨ ਤੋਂ ਪਹਿਲਾਂ ਇੱਕ ਜਣੀ ਬੋਲੀ ਦੇ ਰੂਪ ਵਿੱਚ ਛੱਜ ਤੋੜਨ ਸਮੇਂ ਵੀ ਸ਼ੁੱਭ ਬੋਲੀ ਪਾਉਂਦੀ ਹੋਈ ਆਪਣੀ ਬੋਲੀ ਦਾ ਆਗਾਜ਼ ਇਉਂ ਕਰਦੀ ਹੈ;

ਲੈ ਭੂਆ ਚੱਕ ਭਰਤੀ ਤੇਰੀ,
ਛੱਜ ਟੂੰਮਾਂ ਦਾ ਪਾ ਕੇ।
ਭਾਂਤ-ਭਾਂਤ ਦੇ ਗਹਿਣੇ ਰੱਖ ਤੇ,
ਉਤੇ ਰੁਮਾਲ ਵਿਛਾ ਕੇ।
ਤੇਰੇ ਵਿਹੜੇ ਛੱਜ ਰੱਖ ਦਿੱਤਾ,
ਨਾਮ ਗੁਰਾਂ ਦਾ ਧਿਆ ਕੇ।
ਟੂੰਮਾਂ ਤੇਰੀ ਝੋਲੀ ਪਾਤੀਆਂ,
ਸਾਰਾ ਛੱਜ ਉਲਟਾ ਕੇ।
ਹੋਕਾ ਦੇ ਚੱਲੀਆਂ,
ਖਾਲੀ ਛੱਜ ਖੜਕਾ ਕੇ।

ਇਸ ਤਰ੍ਹਾਂ ਗੁਰਾਂ ਦਾ ਨਾਮ ਧਿਆਉਣ ਤੋਂ ਬਾਅਦ ਛੱਜ ਨੂੰ ਕੁੱਟਣ ਦੀ ਜਾਂ ਛੱਜ ਨੂੰ ਤੋੜਨ ਦੀ ਰਸਮ ਸ਼ੁਰੂ ਹੁੰਦੀ ਹੈ। ਇਹ ਵੀ ਇੱਕ ਪਰੰਪਰਾ ਹੈ ਕਿ ਸ਼ੁਰੂ-ਸ਼ੁਰੂ ਵਿੱਚ ਨਾਨਕੇ ਟੂੰਮਾਂ ਨੂੰ ਛੱਜ ਵਿੱਚ ਰੱਖ ਕੇ ਨਾਨਕ-ਛੱਕ ਭਰਿਆ ਕਰਦੇ ਸਨ। ਜਦੋਂ ਟੂੰਮਾਂ ਪਹਿਨ ਲਈਆਂ ਜਾਦੀਆਂ ਤਾਂ ਖਾਲੀ ਛੱਜ ਨੂੰ ਖੜਕਾ ਕੇ ਜਾਂ ਕੁੱਟ ਕੇ ਸ਼ਰੀਕੇ ਕਬੀਲੇ ਨੂੰ ਨਾਨਕ-ਛੱਕ ਬਾਰੇ ਦੱਸਿਆ ਜਾਂਦਾ ਸੀ ਜਾਂ ਆਪਣੀ ਵਡਿਆਈ ਦਰਸਾਈ ਜਾਂਦੀ ਸੀ। ਇਸ ਤਰ੍ਹਾਂ ਇਹ ਛੱਜ ਭੰਨਣ ਦੀ ਪਰੰਪਰਾ ਸ਼ੁਰੂ ਹੋਈ ਦੱਸੀ ਜਾਂਦੀ ਹੈ। ਇਸੇ ਲਈ ਮੇਲਣਾਂ ਗਾਉਂਦੀਆਂ ਹੋਈਆਂ ਕਹਿੰਦੀਆਂ ਹਨ;

ਭੰਨ ਦਿਓ ਨੀਂ ਇਸ ਭਾਗਾਂ ਵਾਲੇ ਛੱਜ ਨੂੰ।

ਮਰਦਾਂ ਦਾ ਗਿੱਧਾ ਵੀ ਅੱਜਕੱਲ੍ਹ ਕਾਫ਼ੀ ਪ੍ਰਚੱਲਿਤ ਹੋ ਗਿਆ ਹੈ। ਇਸ ਗਿੱਧੇ ਦੇ ਵੀ ਨਿਯਮ ਤੇ ਨੇਮ ਬਣ ਚੁੱਕੇ ਹਨ। ਮਰਦਾਵੀਂ ਟੋਲੀ ਜਦੋਂ ਆਪਣੇ ਜੌਹਰ ਦਿਖਾਉਣ ਲਈ ਮੈਦਾਨ ਵਿੱਚ ਉਤਰਦੀ ਹੈ ਤਾਂ ਉਹ ਸਭ ਤੋਂ ਪਹਿਲਾਂ ਰੱਬ ਦਾ ਨਾਂ ਧਿਆਉਂਦੀ ਹੋਈ ਬੋਲੀ ਪਾਉਂਦੀ ਹੈ;

ਦੇਵੀ ਮਾਤਾ ਗੌਣ ਬਖ਼ਸ਼ਦੀ,
ਨਾਮ ਲਏ ਜੱਗ ਤਰਦਾ।
ਬੋਲੀਆਂ ਪਾਉਣ ਦੀ ਹੋਗੀ ਮਨਸ਼ਾ,
ਸਿਰ ਚਰਨਾਂ 'ਤੇ ਧਰਦਾ।
ਸ਼ੌਕ ਨਾਲ ਮੈਂ ਪਾਵਾਂ ਬੋਲੀਆਂ।
ਮੈਂ ਨਾ ਕਿਸੇ ਤੋਂ ਡਰਦਾ।
ਨਾਂ ਪਰਮੇਸ਼ਰ ਦਾ,
ਲੈ ਕੇ ਗਿੱਧੇ ਵਿੱਚ ਵੜਦਾ।

ਇਸ ਤਰ੍ਹਾਂ ਇੱਕ ਦੋ ਹੋਰ ਬੋਲੀਆਂ ਪਾਉਣ ਤੋਂ ਬਾਅਦ ਗਿੱਧਾ ਆਪਣੇ ਅਸਲੀ ਰੂਪ ਵੱਲ ਵਧਦਾ ਜਾਂਦਾ ਹੈ;

ਧਰਤੀ ਜੇਡ ਗਰੀਬ ਨਾ ਕੋਈ,
ਇੰਦਰ ਜੇਡ ਨਾ ਦਾਤਾ।
ਬ੍ਰਹਮਾ ਜੇਡ ਨਾ ਪੰਡਿਤ ਕੋਈ,
ਸੀਤਾ ਜੇਡ ਨਾ ਮਾਤਾ।
ਲਛਮਣ ਜੇਡ ਜਤੀ ਨਾ ਕੋਈ,
ਰਾਮ ਜੇਡ ਨਾ ਭਰਾਤਾ।
ਦੁਨੀਆ ਮਾਣ ਕਰੇ।
ਰੱਬ ਸਭਨਾਂ ਦਾ ਰਾਖਾ।

ਕਈ ਵਾਰ ਕਲਾਕਾਰ ਸਥਿਤੀ ਜਾਂ ਸਮੇਂ ਅਨੁਸਾਰ ਧਾਰਮਿਕ ਬੋਲੀਆਂ ਵਿੱਚ ਵਾਧਾ ਕਰ ਲੈਂਦੇ ਹਨ। ਜੇ ਉਹ ਥਾਂ ਧਾਰਮਿਕ ਹੈ ਜਾਂ ਧਾਰਮਿਕ ਭਾਵਨਾਵਾਂ ਵਾਲੇ ਘਰ ਹੈ ਤਾਂ ਇੱਕ ਤੋਂ ਵੱਧ ਵੀ ਧਾਰਮਿਕ ਬੋਲੀਆਂ ਪਾਈਆਂ ਜਾਂਦੀਆਂ ਹਨ। ਜੇ ਇਹ ਥਾਂ ਹਿੰਦੂ ਮੱਤ ਨਾਲ ਸਬੰਧਤ ਹੈ ਤਾਂ ਇਸ ਤਰ੍ਹਾਂ ਦੀ ਬੋਲੀ ਵੀ ਪਾਈ ਜਾਂਦੀ ਹੈ;

ਦੇਵੀ ਦੀ ਮੈਂ ਕਰਾਂ ਕੜਾਹੀ,
ਪੀਰ ਫਕੀਰ ਧਿਆਵਾਂ।
ਹੈਦਰ ਸ਼ੇਖ ਦਾ ਦੇਵਾਂ ਬੱਕਰਾ,
ਨੰਗੇ ਪੈਰੀਂ ਜਾਵਾਂ।
ਹਨੂੰਮਾਨ ਦੀ ਦੇਵਾਂ ਮੰਨੀ,
ਰਤਾ ਦੇਰ ਨਾ ਲਾਵਾਂ।
ਨੀਂ ਮਾਤਾ ਭਗਵਤੀਏ,
ਮੈਂ ਤੇਰਾ ਜੱਸ ਗਾਵਾਂ।

ਲੋਕ ਬੋਲੀਆਂ ਪਾਉਣ ਵਾਲੇ ਕਲਾਕਾਰ ਲੋਕਾਂ ਦੇ ਇਕੱਠ ਤੋਂ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਸਮਝ ਜਾਂਦੇ ਹਨ ਕਿ ਸੰਗਤ ਰੂਪ ਵਿੱਚ ਜੁੜੀ ਜਨਤਾ ਕਿਸ ਤਰ੍ਹਾਂ ਦੀ ਹੈ। ਜੇ ਜ਼ਿਆਦਾ ਗਿਣਤੀ ਪੱਗਾਂ ਵਾਲਿਆਂ ਦੀ ਹੈ ਤਾਂ ਕਲਾਕਾਰ ਆਪਣੀ ਬੋਲੀ ਦੀ ਸ਼ੁਰੂਆਤ ਇਉਂ ਕਰਦਾ ਹੈ;

ਗੁਰੂ ਧਿਆ ਕੇ ਪਾਵਾਂ ਬੋਲੀ,
ਸਭ ਨੂੰ ਫਤਹਿ ਬੁਲਾਵਾਂ।
ਬੇਸ਼ੱਕ ਮੈਨੂੰ ਮਾੜਾ ਆਖੋ,
ਮਿੱਠੇ ਬੋਲ ਸੁਣਾਵਾਂ।
ਭਾਈਵਾਲੀ ਮੈਨੂੰ ਲੱਗੇ ਪਿਆਰੀ।
ਰੋਜ਼ ਗਿੱਧੇ ਵਿੱਚ ਆਵਾਂ।
ਗੁਰੁ ਦਿਆਂ ਸ਼ੇਰਾਂ ਦੇ
ਮੈਂ ਵੱਧ ਕੇ ਜੱਸ ਗਾਵਾਂ।

ਲੋਕ-ਬੋਲੀਆਂ ਤੋਂ ਬਿਨਾਂ ਕਾਵਿ-ਧਾਰਾ ਦੇ ਕਿਸੇ ਹੋਰ ਰੂਪ ਵਿੱਚ ਵੀ ਕਲਾ ਦੇ ਜੌਹਰ ਦਿਖਾਉਣ ਤੋਂ ਪਹਿਲਾ ਕੋਈ ਨਾ ਕੋਈ ਧਾਰਮਿਕ ਰੰਗਤ ਵਾਲੀ ਵਿਧਾ ਨੂੰ ਸੁਣਾ ਕੇ ਆਪਣੀ ਕਲਾ ਵੰਨਗੀ ਦਾ ਆਗਾਜ਼ ਕੀਤਾ ਜਾਂਦਾ ਹੈ। ਚਾਹੇ ਉਹ ਪੰਜਾਬ ਦੀ ਅਖਾੜਾ ਪਰੰਪਰਾ ਹੋਵੇ, ਕਵੀਸ਼ਰੀ ਵਿਧਾ ਹੋਵੇ ਜਾਂ ਢਾਡੀ ਪਰੰਪਰਾ ਹੋਵੇ। ਇਨ੍ਹਾਂ ਨੇ ਚਾਹੇ ਕੋਈ ਕਿੱਸਾ ਕਾਵਿ ਸ਼ੁਰੂ ਕਰਨਾ ਹੋਵੇ, ਚਾਹੇ ਕੋਈ ਵਾਰ ਦਾ ਰੂਪ ਸ਼ੁਰੂ ਕਰਨਾ ਹੋਵੇ। ਸਭ ਤੋਂ ਪਹਿਲਾਂ ਧਾਰਮਿਕ ਵੰਨਗੀ ਪੇਸ਼ ਕਰਕੇ ਇੱਕ ਤਰ੍ਹਾਂ ਪਰਮਾਤਮਾ ਤੋਂ ਆਗਿਆ ਮੰਗੀ ਜਾਂਦੀ ਹੈ। ਜਿਸ ਭਾਵਨਾ ਵਾਲਾ ਇਕੱਠ ਜਾਂ ਜਿਸ ਭਾਵਨਾ ਵਾਲਾ ਕਲਾਕਾਰ ਹੋਵੇ, ਆਪੋ ਆਪਣੀ ਸ਼ਰਧਾ ਅਨੁਸਾਰ ਧਾਰਮਿਕ ਆਗਾਜ਼ ਨਾਲ ਆਪਣੀ ਸ਼ੁਰੂਆਤ ਕਰਦਾ ਹੈ। ਧਾਰਮਿਕ ਰੰਗਤ ਵਿੱਚ ਫਰੀਦ ਵੀ ਹੋ ਸਕਦਾ ਹੈ, ਰਵੀਦਾਸ ਵੀ, ਕਬੀਰ ਵੀ, ਰਾਮ ਚੰਦਰ ਵੀ। ਪਰੰਪਰਾਵਾਦੀ ਰਾਜਿਆਂ ਵਿੱਚੋਂ ਰਾਜਾ ਭਰਥਰੀ, ਰਾਜਾ ਸਲਵਾਨ, ਪੂਰਨ ਭਗਤ, ਰਾਣੀ ਕੌਲਾਂ, ਗੋਪੀ ਚੰਦ, ਤਾਰਾ ਰਾਣੀ ਆਦਿ ਵੀ ਹੋ ਸਕਦੇ ਹਨ।

ਇਸ ਲਈ ਸਾਡੀ ਕਾਵਿ-ਵਿਧਾ ਦਾ ਰੂਪ ਚਾਹੇ ਕੋਈ ਵੀ ਹੋਵੇ, ਇਸ ਦੀ ਸ਼ੁਰੂਆਤ ਧਾਰਮਿਕ ਜਾਂ ਆਪਣੇ ਇਸ਼ਟ ਨੂੰ ਧਿਆ ਕੇ ਕੀਤੀ ਜਾਂਦੀ ਹੈ। ਇਹ ਪਰੰਪਰਾ ਅੱਜਕੱਲ੍ਹ ਦੀ ਨਹੀਂ ਹੈ, ਸਦੀਆਂ ਪੁਰਾਣੀ ਹੈ ਜੋ ਅੱਜ ਵੀ ਆਪਣੇ ਪੁਰਾਣੇ ਕਦਮਾਂ 'ਤੇ ਚੱਲਦੀ ਹੋਈ ਆਧੁਨਿਕ ਦੌਰ ਵਿੱਚ ਦਾਖਲ ਹੁੰਦੀ ਹੈ।

## ਲੰਘੇ ਪਾਣੀ ਮੁੜ ਨਹੀਂ ਆਉਂਦੇ...

-ਜਗਜੀਤ ਸਿੰਘ ਲੋਹਟਬੱਦੀ



ਜਲ ਜ਼ਿੰਦਗੀ ਹੈ, ਆਬ-ਏ-ਹਯਾਤੀ। ਹੋਂਦ ਸਜੀਵਤਾ ਹੈ ਤੇ ਅਣਹੋਂਦ ਨਿਰਜੀਵਤਾ। ਆਲੇ ਦੁਆਲਿਉਂ ਬੇਖ਼ਬਰ ਵਗਦੀ ਜੀਵਨ-ਧਾਰਾ ਦਾ ਨਾਮ, ਰਾਹ ਦੇ ਰੋੜਿਆਂ ਨੂੰ ਸੰਗੀਤਮਈ ਬਣਾਉਣ ਦੀ ਚਾਹਤ, ਦਿਨ ਰਾਤ ਮੁਕਾਮ ਸਰ ਕਰਨ ਦਾ ਆਵੇਗ, ਇਹ ਪ੍ਰਕਿਰਤੀ ਦਾ ਨਾਯਾਬ ਨਜ਼ਰਾਨਾ ਹੈ। ਨਿਰਮਲ ਨੀਰ ਜੀਵਨ ਦਾ ਮੂਲ ਤੱਤ ਹੈ।

ਜਲ ਨੂੰ ਸਾਡੇ ਰਹਿਬਰਾਂ ਨੇ ਬੁਲੰਦ ਰੁਤਬਾ ਬਖ਼ਸ਼ਿਐ: 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥' ਮਾਨਵ ਜਾਤੀ, ਪਸ਼ੂ-ਪੰਛੀ, ਜੀਵ-ਜੰਤੂ, ਜੜ- ਜੀਵਨ ਤਦੇ ਮੌਲਦੇ ਹਨ, ਜੇ ਅੰਮ੍ਰਿਤ-ਰੂਪੀ ਦਾਤ ਦੀ ਰਵਾਨੀ ਬਣੀ ਰਹੇ। ਬੂੰਦਾਂ ਦੀ ਆਮਦ ਦਾ ਅਹਿਸਾਸ ਸੁਖ਼ਦ ਹੁੰਦੈ। ਧਰਤੀ ਦੀ ਹਿੱਕ ਠਰਦੀ ਹੈ। ਚੁਫੇਰਾ ਮਹਿਕਦੈ। ਖੁਸ਼ਬੂਆਂ ਖਿੱਲਰਦੀਆਂ ਨੇ ਕਾਲੀਆਂ ਘਟਾਵਾਂ ਛਾਉਂਦੀਆਂ, ਮੋਰ ਪੈਲਾਂ ਪਾਉਂਦੇ, ਕੋਇਲਾਂ ਗੀਤ ਗਾਉਂਦੀਆਂ ਤੇ ਅੰਬਰੀਂ ਸਤਰੰਗੀ ਪੀਂਘ ਬਣਦੀ ਹੈ।

ਪਾਣੀਆਂ ਨੇ ਸੱਭਿਆਤਾਵਾਂ ਨੂੰ ਜਨਮ ਦਿੱਤੈ। ਇਤਿਹਾਸ ਗਵਾਹ ਹੈ ਕਿ ਪੁਰਾਤਨ ਮਨੁੱਖ ਨੇ ਦਰਿਆਵਾਂ ਕੰਢੇ ਰੈਣ-ਬਸੇਰੇ ਸਿਰਜਣ ਨੂੰ ਤਰਜੀਹ ਦਿੱਤੀ। ਮੋਹਿੰਜੋਦੜੋ ਅਤੇ ਹੜੱਪਾ ਦੀ ਅੱਜ ਵੀ ਸਿੰਧ ਦੇ ਨਾਮ ਨਾਲ ਪਛਾਣ ਹੈ। ਚਾਰ ਉਦਾਸੀਆਂ ਦੇ ਸਫ਼ਰ ਤੋਂ ਬਾਅਦ ਬਾਬਾ ਨਾਨਕ ਨੇ ਕਿਰਤ ਦਾ ਹਲ਼ ਚਲਾ ਕੇ ਸੱਚੀ ਸੁੱਚੀ ਕਮਾਈ ਕਰਨ ਲਈ ਰਾਵੀ ਦਾ ਕਿਨਾਰਾ ਚੁਣਿਆ, ਕਰਤਾਰਪੁਰ ਵਾਲਾ ਮੁਕੱਦਸ ਟਿਕਾਣਾ। ਮਹਾਨ ਵੇਦਾਂ ਗ੍ਰੰਥਾਂ ਦੀ ਰਚਨਾ ਦੇ ਗਵਾਹ ਪਾਣੀ ਬਣੇ। ਪੰਜਾਬ ਤਾਂ ਹੈ ਹੀ ਪਾਣੀਆਂ ਦਾ ਦੇਸ਼। ਪੰਜ-ਆਬ ਹੋਵੇ ਜਾਂ ਸਪਤ-ਸਿੰਧੂ: ਮਸਤਕ ਵਿੱਚ ਨੀਰ ਦੀ ਕਲਪਨਾ ਦਸਤਕ ਦਿੰਦੀ ਹੈ। ਖੇਤੀ ਪ੍ਰਧਾਨ ਖਿੱਤੇ ਨੂੰ ਕੁਦਰਤ ਨੇ ਆਪਣੇ ਹੱਥਾਂ ਨਾਲ ਸ਼ਿੰਗਾਰਿਆ ਹੈ। ਲਹਿਲਹਾਉਂਦੀਆਂ ਫ਼ਸਲਾਂ, ਪਰਵਰਦਿਗਾਰ ਨੂੰ ਜਿਵੇਂ ਅਹਿਸਾਨਮੰਦ ਹੋ ਕੇ ਕਹਿ ਰਹੀਆਂ ਹੋਣ: 'ਸਾਡੀ ਹੋਂਦ ਤੇਰੇ ਬਖ਼ਸ਼ੇ ਜਲ-ਰੂਪੀ ਸਰੋਤਾਂ ਕਰ ਕੇ ਹੀ ਹੈ।'

ਪਾਣੀ ਦਰਗਾਹੀ ਪੈਗੰਬਰਾਂ ਦਾ ਧਰਤੀ ਦੇ ਜੀਵਾਂ ਲਈ ਭੇਜਿਆ ਰੱਬੀ ਪੈਗ਼ਾਮ ਹੈ। ਇਹ ਆਪਣੇ ਅੰਦਰ ਅਨੰਤ ਗੁਣ ਸਮੋਈ ਬੈਠਾ ਹੈ। ਅਸੀਂ ਮਨੁੱਖੀ ਮਨ ਤਾ-ਉਮਰ ਆਪਣੀ ਹੋਂਦ ਨੂੰ ਚਮਕਾਉਣ ਦੇ ਆਹਰ ਵਿੱਚ ਰੁੱਝੇ ਰਹਿੰਦੇ ਹਾਂ, ਪਰ ਕੁਦਰਤ ਦੇ ਰੰਗਾਂ ਦੇ ਗੁਣਾਂ ਨੂੰ ਚਿਤਵਣ ਦੀ ਸਮਰੱਥਾ ਨਹੀਂ ਰੱਖਦੇ। ਪਾਣੀ ਦੀ ਨਿਮਰਤਾ, ਸਮਰਪਣ, ਪਰਉਪਕਾਰ ਤੇ ਸੀਤਲਤਾ ਦੇ ਜਜ਼ਬੇ ਦਾ ਕੋਈ ਸਾਨੀ ਨਹੀਂ। ਭਾਈ ਗੁਰਦਾਸ ਜੀ ਦੀ ਅਠਾਈਵੀਂ ਵਾਰ ਦੀ ਤੇਰ੍ਹਵੀਂ ਪਉੜੀ ਵਿੱਚ ਇੱਕ ਗੁਰਸਿੱਖ ਦੇ ਜੀਵਨ ਨੂੰ ਪਾਣੀ ਦੇ ਸਦਗੁਣਾਂ ਨਾਲ ਨਿਹਾਰਿਆ ਗਿਆ ਹੈ:

ਧਰਤੀ ਪੈਰਾਂ ਹੇਠਿ ਹੈ ਧਰਤੀ ਹੇਠਿ ਵਸੰਦਾ ਪਾਣੀ॥
ਪਾਣੀ ਚਲੈ ਨੀਵਾਣ ਨੋ ਨਿਰਮਲੁ ਸੀਤਲੁ ਸੁਧੁ ਪਰਾਣੀ॥
ਬਹੁ ਰੰਗੀ ਇਕ ਰੰਗੁ ਹੈ ਸਭਨਾਂ ਅੰਦਰਿ ਇਕੋ ਜਾਣੀ॥
ਤਤਾ ਹੋਵੈ ਧੁਪ ਵਿਚਿ ਛਾਵੈ ਠੰਢਾ ਵਿਰਤੀ ਹਾਣੀ॥
ਤਪਦਾ ਪਰਉਪਕਾਰ ਨੋ ਠੰਢੇ ਪਰਉਪਕਾਰ ਵਿਹਾਣੀ॥
ਅਗਨਿ ਬੁਝਾਏ ਤਪਤਿ ਵਿਚਿ ਠੰਢਾ ਹੋਵੈ ਬਿਲਮੁ ਨ ਆਣੀ॥

ਕੀ ਸਾਡੇ ਕੋਲ ਇਨ੍ਹਾਂ ਵਿੱਚੋਂ ਕੋਈ ਇੱਕ ਅੱਧ ਗੁਣ ਹੈ? ਸੋਚ ਕੇ ਸਾਡੀਆਂ ਨਜ਼ਰਾਂ ਨੀਵੀਆਂ ਹੋ ਜਾਂਦੀਆਂ ਹਨ। ਸਾਡੀ ਧਰਤੀ ਦੇ ਦੁਆਲੇ ਤਿੰਨ ਚੌਥਾਈ ਪਾਣੀ ਹੈ, ਗਹਿਰੇ ਤੇ ਡੂੰਘੇ ਸਮੁੰਦਰ। ਪਚਾਨਵੇਂ ਫੀਸਦ ਪਾਣੀ ਪੀਣ ਯੋਗ ਨਹੀਂ। ਅਸੀਂ ਪੰਜ ਫੀਸਦ ਪਾਣੀ, ਜੋ ਸਾਡੀ ਸਾਹ ਰਗ ਹੈ, ਨੂੰ ਵੀ ਸੰਭਾਲਣ ਦੇ ਕਾਬਲ ਨਹੀਂ। ਯਾਦ ਰੱਖੀਏ, ਪਾਣੀ ਅਮੁੱਕ ਨਹੀਂ ਹੈ। ਭੰਡਾਰ ਘਟਦੇ ਜਾਂਦੇ ਹਨ। ਪਹਾੜ ਖੁਰਨ ਤੇ ਗਲੇਸ਼ੀਅਰ ਪਿਘਲਣ ਲੱਗੇ ਹਨ। ਜਲਵਾਯੂ ਸੰਕਟ ਦੈਂਤ ਦਾ ਰੂਪ ਧਾਰੀ ਸਾਹਮਣੇ ਖੜਾ ਹੈ। ਸਾਰਾ ਸਾਲ ਠਰਿਆ ਰਹਿਣ ਵਾਲਾ ਖਿੱਤਾ ਉੱਬਲ ਰਿਹੈ। ਮਾਰੂਥਲ ਹੜ੍ਹਾਂ ਦੀ ਮਾਰ ਹੇਠ ਆ ਰਹੇ ਨੇ। ਮਨੁੱਖੀ ਬੰਨ੍ਹ ਭੁਰ ਰਹੇ ਨੇ। ਪਾਣੀ ਆਪਣੇ ਰਸਤੇ ਬਦਲ ਰਹੇ ਨੇ। ਮੀਂਹ ਕਣੀ ਦੀ ਕੋਈ ਰੁੱਤ ਹੀ ਨਹੀਂ ਰਹੀ। ਕੁਦਰਤ ਨਾਲ ਖਿਲਵਾੜ ਮਹਿੰਗਾ ਸੌਦਾ ਸਾਬਤ ਹੋ ਰਿਹੈ। ਭਵਿੱਖੀ ਤਸਵੀਰ ਧੁੰਦਲੀ ਹੀ ਨਹੀਂ, ਡਰਾਉਣੀ ਵੀ ਹੈ।

ਸਾਲ 1993 ਤੋਂ ਹਰ ਸਾਲ 22 ਮਾਰਚ ਨੂੰ 'ਵਿਸ਼ਵ ਜਲ ਦਿਵਸ' ਮਨਾਇਆ ਜਾਂਦਾ ਹੈ। ਇਹ ਪਾਣੀ ਦੀ ਸੰਭਾਲ ਬਾਰੇ ਮਨੁੱਖਤਾ ਨੂੰ ਜਾਗਰੂਕ ਕਰਨ ਦੇ ਯਤਨ ਹਿੱਤ ਮਨਾਇਆ ਜਾਂਦਾ ਹੈ।ਯੂ ਐੱਨ ਓ ਦੀ ਰਿਪੋਰਟ ਦੱਸਦੀ ਹੈ ਕਿ ਚਾਰ ਅਰਬ ਲੋਕਾਂ ਕੋਲ ਪਾਣੀ ਦੀ ਕਮੀ ਹੈ ਤੇ 160 ਕਰੋੜ ਲੋਕ ਸਾਫ਼ ਪਾਣੀ ਪੀਣ ਤੋਂ ਵਾਂਝੇ ਹਨ।ਭਾਰਤ ਦੇ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਦਾ ਮੰਨਣਾ ਹੈ ਕਿ ਗੰਗਾ ਸਮੇਤ 62 ਫੀਸਦ ਨਦੀਆਂ ਦਾ ਪਾਣੀ ਨਹਾਉਣ ਦੇ ਵੀ ਲਾਇਕ ਨਹੀਂ। ਜੀਵਨ ਦਾਤੀਆਂ ਖ਼ੁਦ ਖ਼ਤਰੇ ਵਿੱਚ ਹਨ। ਖੂਹਾਂ ਅਤੇ ਨਲਕਿਆਂ ਨੂੰ ਅਸੀਂ ਆਪਣੀਆਂ ਅੱਖਾਂ ਸਾਹਮਣੇ ਮਰਦੇ ਤੱਕਿਐ। ਕਿੱਧਰ ਜਾ ਰਹੀ ਹੈ ਸਾਡੀ ਇੱਕੀਵੀਂ ਸਦੀ? ਤਰੱਕੀ ਦਾ 'ਮਾਨਵੀ ਚਿਹਰਾ' ਕਿਤੇ ਦਿਖਾਈ ਨਹੀਂ ਦਿੰਦਾ। ਚਿੰਤਕ ਫਿਕਰਮੰਦ ਨੇ, ਕਿਤੇ ਅਜਿਹਾ ਨਾ ਹੋਵੇ ਕਿ ਅਗਲੀ ਸੰਸਾਰ ਜੰਗ ਦਾ ਆਧਾਰ ਪਾਣੀ ਬਣੇ!

ਮਨੁੱਖ ਨੇ ਪਾਣੀ ਦੇ ਕੁਦਰਤੀ ਵਹਾਅ ਦੇ ਸੋਮੇ ਰੋਕ ਦਿੱਤੇ ਹਨ। ਕੰਕਰੀਟ ਜੰਗਲ ਉੱਗ ਰਿਹਾ ਹੈ। ਕਾਰਪੋਰੇਟੀ ਲਾਲਸਾ ਆਖ਼ਰੀ ਬੂੰਦ ਤੱਕ ਮੁਨਾਫ਼ੇਖੋਰੀ ਦੀ ਹੋੜ ਵਿੱਚ ਹੈ। ਟੀਹਰੀ ਡੈਮ ਨੇ ਜੋਸ਼ੀ ਮੱਠ ਦਾ ਬੁਰਾ ਹਾਲ ਕਰਕੇ ਸਾਨੂੰ ਸ਼ੀਸ਼ਾ ਦਿਖਾਇਐ। ਖੇਤੀ ਲਈ ਵਰਤੀਆਂ ਜਾਂਦੀਆਂ ਕੀਟਨਾਸ਼ਕ ਅਤੇ ਨਦੀਨਨਾਸ਼ਕ ਦਵਾਈਆਂ ਨੇ ਧਰਤੀ ਹੇਠਲੇ ਪਾਣੀ ਵਿੱਚ ਜ਼ਹਿਰ ਘੋਲ ਦਿੱਤੀ ਹੈ। ਜ਼ਿੰਦਗੀ ਚੌਰਾਹੇ 'ਤੇ ਹੈ।

ਪੰਜਾਂ ਪਾਣੀਆਂ ਦੀ ਧਰਤੀ ਦੀ ਪੁਕਾਰ ਦਿਲ-ਚੀਰਵੀਂ ਹੈ। ਸੰਤਾਲੀ ਆਇਆ, ਪਾਣੀ ਵੰਡੇ ਗਏ। ਧਰਤੀ ਢਾਈ ਦਰਿਆਵਾਂ ਦੀ ਰਹਿ ਗਈ। ਹਰੀ ਕ੍ਰਾਂਤੀ ਨੇ ਮੁਲਕ ਦਾ ਪੇਟ ਜ਼ਰੂਰ ਭਰਿਆ, ਪਰ ਪੰਜਾਬੀਆਂ ਦੇ ਚਿਹਰੇ 'ਤੇ ਪਿਲੱਤਣ ਦੇ ਦਾਗ਼ ਛੱਡ ਗਈ ਅਤੇ 'ਕੈਂਸਰ ਟਰੇਨਾਂ' ਨੂੰ ਜਨਮ ਦੇ ਦਿੱਤਾ। ਪੰਜਾਬ ਦੇ 138 ਵਿੱਚੋਂ 109 ਬਲਾਕਾਂ ਦਾ ਪਾਣੀ ਜੜ੍ਹੀਂ ਲੱਗ ਗਿਐ। ਐੱਸਵਾਈਐੱਲ (ਸਤਲੁਜ ਯਮਨਾ ਲਿੰਕ) ਨਹਿਰ ਦੀ ਤਲਵਾਰ ਅਜੇ ਵੀ ਲਟਕ ਰਹੀ ਹੈ। ਬੱਬਨਪੁਰ ਦੀ ਧਰਤੀ ਵਿੱਚੋਂ ਨਿਕਲੇ ਲਾਲ ਰੰਗ ਦੇ ਪਾਣੀ ਨੇ ਫਿਕਰਾਂ ਨੂੰ ਹੋਰ ਸੂਹਾ ਕਰ ਦਿੱਤੈ। ਪੰਜਾਬ ਦਾ ਪਾਣੀ ਪੀਣ ਯੋਗ ਨਹੀਂ ਰਿਹਾ। ਘਰ ਘਰ ਲੱਗੇ ਆਰਓਸਾਡਾ ਮੂੰਹ ਚਿੜਾਉਂਦੇ ਨੇ। ਡੱਬਾ-ਬੰਦ ਪਾਣੀ ਸਾਡੀ ਹੋਣੀ ਬਣ ਗਿਐ। ਲੋਕ ਕਲਾਕਾਰ ਜਗਸੀਰ ਜੀਦੇ ਦੀ ਹੂਕ ਇਸ ਦਰਦ ਨੂੰ ਬਿਆਨ ਕਰਦੀ ਹੈ:

ਜਿੱਥੇ ਪੀਣ ਨੂੰ ਮਿਲੇ ਮੁੱਲ ਪਾਣੀ,
ਓਸ ਨੂੰ ਪੰਜਾਬ ਆਖਦੇ।

ਪੰਜਾਬ ਦੀ ਪਾਣੀਆਂ ਨਾਲ ਮੁੱਢ ਤੋਂ ਭਾਵਨਾਤਮਕ, ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਸਾਂਝ ਹੈ। ਜਨਮ ਤੋਂ ਅਖੀਰ ਤੱਕ ਪਾਣੀ ਸਾਡਾ ਅਨਿੱਖੜਵਾਂ ਅੰਗ ਰਿਹੈ, ਸਾਡੀਆਂ ਖ਼ੁਸ਼ੀਆਂ ਅਤੇ ਗ਼ਮੀਆਂ ਦਾ ਰੂਹਦਾਰ। ਰਾਵੀ ਦਾ ਪਾਣੀ ਅੱਜ ਵੀ ਤੱਤੀ ਤਵੀ ਨੂੰ ਯਾਦ ਕਰ ਕੇ ਪਾਣੀ ਪਾਣੀ ਹੋ ਜਾਂਦੈ। ਇਸ ਨੇ ਕਈ ਸਲਤਨਤਾਂ ਬਣਦੀਆਂ ਢਹਿੰਦੀਆਂ ਵੇਖੀਆਂ, ਹਮਲੇ ਦੇਖੇ, ਕਤਲੇਆਮ ਦੇਖਿਆ, ਬੇਪਤੀਆਂ ਦੇਖੀਆਂ। ਸਰਸਾ ਨਦੀ ਦੇ ਪਾਣੀਆਂ ਵਿੱਚ ਉਮਰਾਂ ਦੇ ਖ਼ਜ਼ਾਨੇ ਦੱਬੇ ਪਏ ਤੇ ਪਰਿਵਾਰ ਵਿਛੋੜਿਆਂ ਦੀ ਦਰਦਨਾਕ ਦਾਸਤਾਨ ਉੱਕਰੀ ਹੋਈ ਹੈ। ਕੁਦਰਤ ਦੇ ਕਵੀ ਪ੍ਰੋ. ਪੂਰਨ ਸਿੰਘ ਨੂੰ ਪਾਣੀ ਆਵਾਜ਼ਾਂ ਮਾਰਦੇ ਹਨ:

ਰਾਵੀ ਸੋਹਣੀ ਪਈ ਵਗਦੀ, ਮੈਨੂੰ ਸਤਲੁਜ ਪਿਆਰਾ ਹੈ,
ਮੈਨੂੰ ਬਿਆਸ ਪਈ ਖਿੱਚਦੀ, ਮੈਨੂੰ ਝਨਾਂ 'ਵਾਜ਼ਾਂ ਮਾਰਦੀ,
ਮੈਨੂੰ ਜੇਹਲਮ ਪਿਆਰਦਾ,
ਅਟਕਾਂ ਦੀ ਲਹਿਰਾਂ ਦੀ ਠਾਠ ਮੇਰੇ ਬੂਹੇ ਤੇ ਵੱਜਦੀ।

ਵੰਡੇ ਪਾਣੀਆਂ ਦੀ ਹੂਕ ਅੱਜ ਤੱਕ ਵੀ ਸਾਡੇ ਦਿਲਾਂ ਨੂੰ ਧੂਹ ਪਾਉਂਦੀ ਹੈ। ਡਾ. ਸੁਰਜੀਤ ਪਾਤਰ ਦੀ ਕਲਮ ਦੋਵੇਂ ਪਾਸਿਆਂ ਦੇ ਪਾਣੀਆਂ ਦੀ ਖੈਰੀਅਤ ਮੰਗਦੀ ਹੈ:

ਕਹੇ ਸਤਲੁਜ ਦਾ ਪਾਣੀ,
ਆਖੇ ਬਿਆਸ ਦੀ ਰਵਾਨੀ,
ਸਾਡਾ ਜੇਹਲਮ-ਝਨਾਬ ਨੂੰ ਸਲਾਮ ਆਖਣਾ,
ਅਸੀਂ ਮੰਗਦੇ ਹਾਂ ਖੈਰਾਂ, ਸੁਬਹਾ-ਸ਼ਾਮ ਆਖਣਾ,
ਜੀ ਸਲਾਮ ਆਖਣਾ।

ਝਨਾਂ ਦੇ ਪਾਣੀ ਨੂੰ ਸੱਚੀ ਸੁੱਚੀ ਆਸ਼ਕੀ ਦਾ ਸ਼ਾਖ਼ਸਾਤ ਗਵਾਹ ਹੋਣ ਦਾ ਮਾਣ ਹੈ। ਇਸ ਦੇ ਪਾਣੀਆਂ 'ਤੇ ਇਸ਼ਕ ਕਹਾਣੀ ਤਾਰੀਆਂ ਲਾਉਂਦੀ ਹੈ। ਆਰ ਪਾਰ ਰੁਮਾਨੀਅਤ ਦਾ ਵਾਸਾ ਰਿਹੈ। ਇਸੇ ਨੂੰ ਪਾਰ ਕਰ ਕੇ ਤਖ਼ਤ ਹਜ਼ਾਰੇ ਦੇ ਚੌਧਰੀ ਦਾ ਮੁੰਡਾ ਧੀਦੋ ਇੱਥੋਂ ਦੇ ਪਿਆਰ ਦਾ ਪੱਟਿਆ ਵਾਪਸ ਘਰ ਨਾ ਪਰਤਿਆ, ਸਗੋਂ ਬਾਰਾਂ ਸਾਲ ਇਸੇ ਕੰਢੇ ਬੇਲਿਆਂ ਵਿੱਚ ਮੱਝਾਂ ਚਾਰਦਾ ਰਿਹਾ। ਝਨਾਂ ਦੀ ਖ਼ੂਬਸੂਰਤੀ ਦਾ ਡੰਗਿਆ ਸ਼ਹਿਜ਼ਾਦਾ ਇੱਜ਼ਤ ਬੇਗ ਮੁੜ ਬੁਖਾਰੇ ਜਾਣ ਜੋਗਾ ਨਾ ਰਿਹਾ ਅਤੇ ਇਸ ਦੇ ਕੰਢੇ ਕੁੱਲੀ ਪਾ ਲਈ। ਪਿਆਰ ਦੇ ਅੱਥਰੇ ਵੇਗ ਦੀ ਵਿੰਨ੍ਹੀ ਸੋਹਣੀ ਉਸ ਨੂੰ ਮਿਲਣ ਲਈ ਰੋਜ਼ ਘੜੇ ਉੱਪਰ ਠਾਠਾਂ ਮਾਰਦੇ ਝਨਾਂ ਨੂੰ ਪਾਰ ਕਰਦੀ। ਪ੍ਰੀਤ ਕਹਾਣੀਆਂ ਦਾ ਸਿਖਰ ਸਨ ਇਹ ਪਾਣੀ। ਪ੍ਰੋ. ਮੋਹਨ ਸਿੰਘ ਦੀ ਸ਼ਾਇਰੀ ਨੇ ਪਾਣੀਆਂ 'ਤੇ ਤੈਰਦੇ ਰੁਮਾਂਸ ਦੇ ਰੰਗਾਂ ਨੂੰ ਹੋਰ ਆਸ਼ਕਾਨਾ ਬਣਾ ਦਿੱਤਾ:

ਮੈਂ ਸ਼ਾਇਰ ਮੇਰੇ ਫੁੱਲ ਸੁਹਾਵੇ,
ਕਦਰ ਇਨ੍ਹਾਂ ਦੀ ਕੋਈ ਆਸ਼ਕ ਪਾਵੇ,
ਗੰਗਾ ਬਾਹਮਣੀ ਕੀ ਜਾਣੇ,
ਮੇਰੇ ਫੁੱਲ ਝਨਾਂ ਵਿੱਚ ਪਾਣੇ,
ਰੂਹਾਂ ਹੀਰ ਤੇ ਸੋਹਣੀ ਦੀਆਂ,
ਫਿਰਨ ਝਨਾਂ ਦੇ ਅੰਦਰ ਪਈਆਂ,
ਪੈਰ ਦੋਹਾਂ ਦੇ ਵਾਹਣੇ,
ਮੇਰੇ ਫੁੱਲ ਝਨਾਂ ਵਿੱਚ ਪਾਣੇ!

ਅੱਜ ਪੰਜਾਬ ਦੇ ਪਾਣੀ ਉਦਾਸ ਨੇ। ਸਾਨੂੰ ਉਲਾਂਭਾ ਦੇ ਕੇ ਜਿਵੇਂ ਕਹਿ ਰਹੇ ਹੋਣ ਕਿ ਅਸਾਂ ਤੁਹਾਨੂੰ ਜ਼ਿੰਦਗੀ ਦਿੱਤੀ ਪਰ ਤੁਸੀਂ ਸਾਨੂੰ ਮਨੋਂ ਵਿਸਾਰ ਦਿੱਤਾ, ਸਾਡਾ ਸਰੂਪ ਹੀ ਬਦਲ ਦਿੱਤਾ। ਕਵੀ ਤ੍ਰੈਲੋਚਨ ਲੋਚੀ ਨੇ ਇਸ ਦਰਦ ਨੂੰ ਕਲਮਬੰਦ ਕੀਤੈ:

ਸਤਲੁਜ ਅਤੇ ਬਿਆਸ ਮਿਲੇ ਸੀ,
ਦੋਵੇਂ ਬਹੁਤ ਉਦਾਸ ਮਿਲੇ ਸੀ,
ਮੇਰੇ ਵੰਨੀ ਝਾਕ ਰਹੇ ਸੀ,
ਜਿੱਦਾਂ ਮੈਨੂੰ ਆਖ ਰਹੇ ਸੀ,
ਕਿੱਥੇ ਸਾਡੇ ਸੁੱਚੇ ਪਾਣੀ,
ਕਿਉਂ ਕਰਦੈਂ ਤੂੰ ਖ਼ਤਮ ਕਹਾਣੀ...

ਬਾਬੇ ਨਾਨਕ ਦੀ ਵੇਈਂ ਸਾਨੂੰ ਸਵਾਲ ਕਰਦੀ ਹੈ ਕਿ ਮੈਂ ਉਹੀ ਹਾਂ, ਜਿਸ ਦੇ ਕੰਢੇ ਬੈਠ ਕੇ ਬਾਬਾ ਨਾਨਕ ਨੇ ਮੂਲ ਮੰਤਰ ਉਚਾਰਿਆ ਸੀ? ਜਿਸ ਵਿੱਚ ਚੁੱਭੀ ਲਾ ਕੇ ਬਾਬਾ ਸ੍ਰਿਸ਼ਟੀ ਨਾਲ ਅਭੇਦ ਹੋ ਗਿਆ ਸੀ? ਵੇਈਂ ਅੱਜ ਵੀ ਨਾਨਕ ਦੇ ਪੈਰੋਕਾਰਾਂ ਵੱਲ ਨਿਰਾਸ਼ ਨਜ਼ਰਾਂ ਨਾਲ ਤੱਕਦੀ ਅਤੇ ਆਪਣੇ ਬੀਤੇ ਨੂੰ ਉਦਾਸ ਮਨ ਨਾਲ ਚਿਤਵਦੀ ਹੈ। ਸ਼ਾਇਦ ਸੰਤ ਸੀਚੇਵਾਲ ਵਰਗੇ ਹੋਰ ਉਪਾਸ਼ਕ ਇਸ ਨੂੰ ਫਿਰ ਤੋਂ ਪਵਿੱਤਰ ਵੇਈਂ ਦਾ ਦਰਜਾ ਦੇ ਸਕਣ।

ਲੁਧਿਆਣਾ ਦਾ ਬੁੱਢਾ ਦਰਿਆ ਆਪਣੀ ਹੋਣੀ 'ਤੇ ਝੂਰਦਾ ਹੈ। ਕਿਸੇ ਵੇਲੇ 'ਬੁੱਢੀ ਸਤਲੁਜ' ਨਾਂ ਨਾਲ ਜਾਣੇ ਜਾਂਦੇ ਇਸ ਵਹਾਅ ਨੂੰ ਅੱਜ 'ਬੁੱਢਾ ਨਾਲਾ' ਜਾਂ 'ਗੰਦਾ ਨਾਲਾ' ਕਿਹਾ ਜਾਂਦਾ ਹੈ। ਪਿਛਲੀ ਸਦੀ ਦੇ ਅੱਠਵੇਂ ਦਹਾਕੇ ਤੱਕ ਇਸ ਦਾ ਪਾਣੀ ਪੀਣ ਲਈ ਵਰਤਿਆ ਜਾਂਦਾ ਸੀ। ਅੱਜ ਕੋਲੋਂ ਲੰਘਣ ਵੇਲੇ ਨੱਕ ਮੂੰਹ ਢੱਕਣਾ ਪੈਂਦਾ। ਏਨੀ ਬੇਕਦਰੀ? ਸ਼ਹਿਰ ਦੇ ਘਰਾਂ ਦੀ ਗੰਦਗੀ, ਡੇਅਰੀਆਂ ਦੇ ਮਲ-ਮੂਤਰ, ਰੰਗਾਈ ਕਾਰਖਾਨਿਆਂ ਦੇ ਜ਼ਹਿਰੀਲੇ ਰਸਾਇਣਾਂ ਅਤੇ ਅੰਧਵਿਸ਼ਵਾਸ ਦੇ ਕਚਰੇ ਨੇ ਇਸ ਨੂੰ ਬਦਤਰ ਬਣਾ ਦਿੱਤੈ। ਹਰ ਸਾਲ ਸਫ਼ਾਈ ਦੇ ਨਾਮ 'ਤੇ ਕਰੋੜਾਂ ਰੁਪਏ ਖ਼ਰਚ ਦਾ ਟੀਚਾ ਰੱਖਿਆ ਜਾਂਦਾ, ਪਰ ਝੂਰਨ ਤੋਂ ਬਿਨਾਂ ਕੁਝ ਪੱਲੇ ਨਹੀਂ ਪੈਂਦਾ। ਕਈ ਵਾਰ ਕੁਦਰਤ ਆਪਣੀ ਬੇਕਦਰੀ ਕਾਰਨ ਗੁੱਸੇ ਵਿੱਚ ਆ ਜਾਂਦੀ ਹੈ। ਫਿਰ ਕੋਈ ਘੱਗਰ ਆਪਣਾ ਹੱਕ ਖੋਹਣ ਲਈ ਕੰਢੇ ਤੋੜ ਸੁੱਟਦੀ ਹੈ, ਮਨੁੱਖ ਨੂੰ ਸਬਕ ਸਿਖਾਉਣ ਦੇ ਰਾਹ ਪੈ ਜਾਂਦੀ ਹੈ।

ਪਾਣੀਆਂ ਨੂੰ ਪੰਜਾਬੀਆਂ 'ਤੇ ਕਥਨੀ ਅਤੇ ਕਰਨੀ ਵਿੱਚ ਫ਼ਰਕ ਹੋਣ ਦਾ ਗ਼ਮ ਹੈ। ਕਣਕ-ਝੋਨੇ ਦੇ ਫ਼ਸਲੀ ਚੱਕਰ ਨੇ ਪਾਣੀਆਂ ਦੀ ਬਲੀ ਲੈ ਲਈ। ਥਾਂ ਥਾਂ ਲੱਗੇ ਡੂੰਘੇ ਪੰਪਾਂ, ਟੂਟੀਆਂ ਵਿੱਚੋਂ ਲਗਾਤਾਰ ਵਗਦਾ ਬੇਤਹਾਸ਼ਾ ਪਾਣੀ, ਗੱਡੀਆਂ ਧੋਣ ਲਈ ਵਗਦੇ ਫੁਹਾਰੇ ਸਾਡੀ ਬਰਬਾਦੀ ਦਾ ਹੋਕਾ ਦੇ ਰਹੇ ਹਨ। ਝੋਨਾ ਬੀਜਣਾ, ਨਾੜ ਨੂੰ ਅੱਗ ਲਾਉਣੀ ਕਿਸਾਨ ਦੀ 'ਮਜਬੂਰੀ' ਹੈ। ਸੰਜੀਦਾ ਆਵਾਜ਼ਾਂ ਦੀਆਂ ਦਲੀਲਾਂ ਦਾ ਕਈ ਵਾਰ ਕੋਈ ਜਵਾਬ ਨਹੀਂ ਹੁੰਦਾ। ਉੱਘੇ ਖੇਤੀ ਵਿਗਿਆਨੀ ਡਾ. ਸਰਦਾਰਾ ਸਿੰਘ ਜੌਹਲ ਨੂੰ ਕਿਸੇ ਸਵਾਲ ਕੀਤਾ, "ਜੇ ਝੋਨਾ ਬੀਜਣ ਲਈ ਪਾਣੀ ਦੀ ਦੁਰਵਰਤੋਂ ਹੁੰਦੀ ਹੈ, ਤਾਂ ਹੋਰ ਕਿਹੜੀ ਫ਼ਸਲ ਬੀਜੀਏ?" ਜਵਾਬ ਨਿਰਉੱਤਰ ਕਰਨ ਵਾਲਾ ਸੀ, "ਓਹੀ, ਜਿਹੜੀ ਪਾਣੀ ਖ਼ਤਮ ਹੋਣ ਪਿੱਛੋਂ ਬੀਜੋਗੇ।" ਕਿਸਾਨਾਂ ਅਤੇ ਕਾਰਖਾਨਿਆਂ ਵਿੱਚ ਦੌੜ ਲੱਗੀ ਹੋਈ ਹੈ, ਪਾਣੀ ਮੁਕਾਉਣ ਅਤੇ ਗੰਧਲਾ ਕਰਨ ਦੀ! ਹਮਾਮ ਵਿੱਚ ਸਾਰੇ ਨੰਗੇ ਨੇ। ਨਸੀਹਤਾਂ ਤਾਂ ਬਿਗਾਨਿਆਂ ਲਈ ਹੁੰਦੀਆਂ ਨੇ। ਲੱਗਦੈ, ਜਿਵੇਂ ਪਾਣੀ ਸਰਾਪੇ ਗਏ ਹੋਣ!

ਪੰਜਾਬ ਦੀ ਦਰਦਨਾਕ ਹੂਕ ਦੀਝਲਕ ਸਾਡੀ ਰੂਹ ਨੂੰ ਕੰਬਣੀ ਛੇੜ ਦਿੰਦੀ ਹੈ। ਵਿਦਵਾਨਾਂ ਦੇ ਇੱਕ ਸੈਮੀਨਾਰ ਵਿੱਚ ਇੱਕ ਚਿੰਤਕ ਨੇ ਦੱਸਿਆ: ਏਅਰ ਕੈਨੇਡਾ ਦੀ ਵੈਨਕੂਵਰ ਤੋਂ ਦਿੱਲੀ ਜਾ ਰਹੀ ਫਲਾਈਟ ਵਿੱਚ ਅਗਲੀ ਸੀਟ 'ਤੇ ਬੈਠੇ ਦੋ ਯਾਤਰੀ ਗੱਲਾਂ ਕਰ ਰਹੇ ਸਨ:

"ਸ਼ੇਰਾ, ਕਿੰਨੇ ਚਿਰ ਬਾਅਦ ਵਾਪਸ ਚੱਲਿਐਂ?"

"ਬਾਬਾ ਜੀ, ਪੂਰੇ ਪੱਚੀ ਸਾਲ ਬਾਅਦ..."

"ਇੰਨੇ ਚਿਰ ਪਿੱਛੋਂ ਕਿਉਂ?"

"ਬਾਪੂ ਮੁੱਕ ਗਿਆ..."

"ਕਿਉਂ ਕੀ ਹੋਇਆ?"

"ਡਾਕਟਰ ਕਹਿੰਦੇ, ਉਸ ਦਾ ਪਾਣੀ ਮੁੱਕ ਗਿਆ।"

"ਕਦੇ ਜਿਊਂਦੇ ਨੂੰ ਕਿਉਂ ਨਹੀਂ ਮਿਲਣ ਗਿਆ?"

"ਬਾਪੂ ਨਹੀਂ ਚਾਹੁੰਦਾ ਸੀ, ਪਿੰਡ ਵਿੱਚ ਦੁਸ਼ਮਣੀ ਕਰ ਕੇ..."

"ਦੁਸ਼ਮਣੀ ਕਾਹਦੀ ਸੀ?"

"ਬਾਬਾ, ਉਹ ਵੀ ਪਾਣੀ ਦੀ ਸੀ, ਬਾਪੂ ਕੱਸੀ ਦਾ ਪਾਣੀ ਲਾਉਣ ਜਾਂਦਾ ਤਾਂ ਸ਼ਰੀਕੇ ਵਾਲੇ ਆਖ਼ਰੀ ਕਿਆਰਾ ਭਰਨ ਤੋਂ ਪਹਿਲਾਂ ਪਾਣੀ ਵੱਢ ਲੈਂਦੇ। ਬਾਪੂ ਘਰੇ ਆ ਕੇ ਕਹਿੰਦਾ, 'ਜੇ ਇਨ੍ਹਾਂ ਨੇ ਪਾਣੀ ਫੇਰ ਵੱਢਿਆ ਤਾਂ ਮੈਂ ਇਨ੍ਹਾਂ ਨੂੰ ਵੱਢ ਦੂੰ।' ਮਾਂ ਕਹਿੰਦੀ, 'ਤੂੰ ਇਕੱਲਾਂ, ਜੇ ਗੁੱਸਾ ਆਵੇ ਤਾਂ ਆਪਣੀ ਜੀਭ 'ਤੇ ਦੰਦੀ ਵੱਢ ਲਿਆ ਕਰ, ਇਹ ਜ਼ਿਆਦਾ ਨੇ।' ਬਾਪੂ ਦੀ ਜੀਭ ਦੰਦੀਆਂ ਵੱਢ ਵੱਢ ਕਾਲੀ ਹੋ ਰਹੀ ਸੀ, ਪਰ ਸ਼ਰੀਕੇ ਵਾਲੇ ਪਾਣੀ ਵੱਢਣੋਂ ਨਾ ਹਟੇ ਤਾਂ ਇੱਕ ਦਿਨ ਬਾਪੂ ਨੇ ਬਚਨਾ ਵੱਢਤਾ। ਮਾਂ ਮੈਨੂੰ ਚੁੱਕ ਕੇ ਪੇਕੇ ਚਲੀ ਗਈ। ਮੇਰਾ ਪਿੰਡ ਦਾ ਪਾਣੀ ਮੁੱਕ ਗਿਆ। ਫੇਰ ਵੱਡਾ ਹੋਇਆ। ਨਾਨਕਿਆਂ ਨੇ ਮੈਨੂੰ ਕੈਨੇਡਾ ਭੇਜ ਕੇ ਮੇਰਾ ਵਤਨ ਦਾ ਪਾਣੀ ਮੁਕਾ ਦਿੱਤਾ।ਅੱਜ ਵਾਪਸ ਚੱਲਿਐਂ, ਕਹਿੰਦੇ ਪਿਓ ਦੇ ਫੁੱਲ ਪਾਣੀ ਵਿੱਚ ਤਾਰਨੇ ਆਂ, ਤੇਰੀ ਜ਼ਰੂਰਤ ਐ..."

ਬਾਬਾ ਲੰਮਾ ਸਾਹ ਲੈ ਕੇ ਬੋਲਿਆ, "ਜੇ ਪੰਜਾਂ ਆਬਾਂ ਵਿੱਚ ਕਿਤੇ ਪਾਣੀ ਮਿਲ ਗਿਆ ਤਾਂ ਠੀਕ ਐ, ਨਹੀਂ ਤਾਂ ਬਾਪੂ ਦੇ ਫੁੱਲ ਹਰਿਦੁਆਰ ਤਾਰ ਆਈਂ, ਪਾਣੀ ਪੰਜਾਬ ਦਾ ਵੀ ਮੁੱਕ ਚੱਲਿਐ।"

ਪੰਜਾਬੀਓ! ਕਿਤੇ ਕੁਵੇਲਾ ਨਾ ਹੋ ਜਾਵੇ!


ARMAAN
ENTERPRISES INC
PATIO COVERS | RAILING | GATES
INSTALLATION & MAINTENANCE
RESIDENTIAL & COMMERCIAL
PATIO COVERS
RAILING & GATES
INSTALLATION, REPAIR & CLEANING
SERVING ALL LOWER
MAINLAND / ISLAND
SPECIALIST IN:
ALUMINUM PANELS AND
CLEAR GLASS OR LIGHT TINTED GLASS
WE INSTALLED PATIO COVERS AND
RAILING, GATES IN REASONABLE PRICE
QUALITY WORKMANSHIP,
BUILT TO LAST
QUALITY | RELIABILITY | SATISFACTION
BUILT FOR YOUR COMFORT. BUILT TO LAST.
M.S. MANGAT
604 710 1197
ARMAAN MANGAT
778 930 7500
armaanenterprisesinc7@gmail.com